


These Books are printed and distributed free of cost by the :

WILLIAM BRANHAM GOOD NEWS SOCIETY
Glady's Dauch Memorial Building
PB. No. 5304
No. 13, Subbarayan Nagar I Street,
Kodambakkam, Chennai - 600 024. S.INDIA.
Phone : 2473 0634
Visit us at www.wbgns.org

**PUNJABI**

# *The Spoken Word*

*By*

**WILLIAM MARRION BRANHAM**

# ਸੱਤਵੀਂ ਮੋਹਰ

## THE SEVENTH SEAL

24 ਮਾਰਚ 1963

ਜੈਫਰਸਨਵਿਲੇ, ਇੰਡਿਆਨਾ, ਯੂ. ਐਸ. ਏ

**ਬੋਲਿਆ ਹੋਇਆ ਵਚਨ ਹੀ ਮੂਲ ਬੀਜ ਹੈ**

411 ਹੁਣ ਜਿਸ ਤਰ੍ਹਾਂ ਮੈਨੂੰ ਲੋੜ ਸੀ ਅਨੁਵਾਦ ਬਿਲਕੁੱਲ ਉਸੇ ਤਰ੍ਹਾਂ ਹੀ ਆਇਆ ਅਤੇ ਇਹ ਕਮਰੇ ਵਿੱਚ ਸੀ। ਅਤੇ ਮੈਂ ਉਸੇ ਤਰ੍ਹਾਂ ਹੀ ਦੇ ਦਿੱਤਾ ਜਿਵੇਂ ਉਸਨੇ ਮੈਨੂੰ ਦਿੱਤਾ।

412 ਦੋਸਤੋ, ਹੁਣ ਤੁਸੀਂ ਵੇਖੋ, ਦਰਸ਼ਨ ਅਸਫਲ ਨਹੀਂ ਹੁੰਦੇ; ਉਹ ਹਮੇਸ਼ਾਂ ਸੰਪੂਰਨ ਹਨ; ਉਹ ਬਿਲਕੁੱਲ ਠੀਕ ਸੱਚ ਹਨ।

413 ਹੁਣ ਦਰਸ਼ਨ, ਜਮਾਂ ਵਚਨ, ਜਮਾਂ ਇਤਿਹਾਸ, ਜਮਾਂ ਕਲੀਸਿਯਾ ਦੇ ਯੁੱਗ ;ਸਾਰੇ ਆਪਸ ਵਿੱਚ ਜੁੜੇ ਹੋਏ ਹਨ। ਇਸ ਲਈ ਮੈਂ ਸੱਚਾਈ ਦੇ ਨਾਲ ਕਹਿ ਸਕਿਆ ਕਿ ਮੇਰੀ ਆਪਣੀ ਵਧੀਆ ਸਮਝ ਨਾਲ ਅਤੇ ਪ੍ਰਮੇਸ਼ੁਰ ਦੇ ਵਚਨ ਦੇ ਅਨੁਸਾਰ ਅਤੇ ਦਰਸ਼ਨਾਂ ਅਨੁਸਾਰ ਅਤੇ ਫਿਰ ਅਨੁਵਾਦ, ਇਹ *ਯਹੋਵਾਹ ਇਉਂ ਫਰਮਾਉਂਦਾ ਹੈ*।

414 ਹੁਣ ਪ੍ਰਭੂ ਤੁਹਾਨੂੰ ਹਰੇਕ ਨੂੰ ਅਤੇ ਸਾਰਿਆਂ ਨੂੰ ਬਹੁਤ ਬਰਕਤ ਦੇਵੇ, ਜਿਵੇਂ ਕਿ ਅਸੀਂ ਸੱਭ ਹੁਣ ਖੜ੍ਹੇ ਹੋ ਕੇ ਕਲੀਸਿਯਾ ਦੇ ਵਧੀਆ ਗੀਤ ਨੂੰ ਗਾਵਾਂਗੇ। ਪ੍ਰਮੇਸ਼ੁਰ ਤੁਹਾਨੂੰ ਹਰੇਕ ਨੂੰ ਬਰਕਤ ਦੇਵੇ। ਆਮੀਨ। [ਇੱਥੇ ਸੋਮਵਾਰ ਦਾ ਸੰਦੇਸ਼ ਸਮਾਪਤ ਹੁੰਦਾ ਹੈ-ਸੰਪਾ]

415 [ਭਾਈ ਬ੍ਰਾਨਹਾਮ ਨੇ ਪਿਛਲੀ ਸ਼ਾਮ ਦੇ ਸੰਦੇਸ਼ ਵਿੱਚੋਂ ਜੋ ਐਤਵਾਰ ਸ਼ਾਮ, 23ਮਾਰਚ1963 ਨੂੰ ਪ੍ਰਚਾਰਿਆ, ਇਹ ਚਾਰ ਲਾਈਨਾਂ, ਪੈਰ੍ਹਾ 374 ਤੋਂ ਲੈ ਕੇ ਇਸ ਵਿੱਚ ਜੋੜੀਆਂ ਹਨ। -ਸੰਪਾ]

> ਮੈਂ .....(ਪ੍ਰਮੇਸ਼ੁਰ ਤੁਹਾਨੂੰ ਬਰਕਤ ਦੇਵੇ)...ਮੈਂ ਉਸਦੇ ਨਾਲ ਪਿਆਰ ਕਰਦਾ ਹਾਂ
> (ਆਪਣੇ ਪੂਰੇ ਦਿਲ ਨਾਲ) ਕਿਉਂਕਿ ਪਹਿਲਾਂ ਉਹਨੇ ਮੇਰੇ ਨਾਲ ਪਿਆਰ ਕੀਤਾ

ਭਾਈ ਨੇਵਿਲ, ਪ੍ਰਭੂ ਤੁਹਾਨੂੰ ਬਰਕਤ ਦੇਵੇ।

# ਸੱਤਵੀਂ ਮੋਹਰ
# THE SEVENTH SEAL

**WILLIAM MARRION BRANHAM**

These books are printed & distributed free of cost by the :

**WILLIAM BRANHAM GOOD NEWS SOCIETY**
Glady's Dauch Memorial Building,
Post Box No. 5304
No. 13, Dr. Subbarayan Nagar I Street,
Kodambakkam, Chennai - 600 024, South India.
Phone : 044-2473 0634
Web : www.wbgns.org



405 ਦੂਸਰੀ ਗੱਲ, ਮੈਂ ਚਾਹੁੰਦਾ ਹਾਂ ਕਿ ਤੁਸੀਂ ਧਿਆਨ ਦਿਓ ਕਿ ਕੀ ਵਾਪਰਿਆ, ਅਤੇ ਜੇ ਤੁਸੀਂ "ਸ਼੍ਰੀਮਾਨ ਕੀ ਸਮਾਂ ਇਹ ਹੀ ਹੈ?" ਟੇਪ ਸੁਣ ਰਹੇ ਹੋਵੋ ਤਾਂ, ਤੁਸੀਂ ਧਿਆਨ ਦਿਓਗੇ ਕਿ ਇੱਕ ਸਵਰਗ ਦੂਤ ਮੇਰੇ ਲਈ ਬਹੁਤ ਖਾਸ ਸੀ। ਉਹ ਬਾਕੀ ਦੇ ਸਾਰੇ ਸਧਾਰਨ ਲੱਗ ਰਹੇ ਸਨ। ਪ੍ਰੰਤੂ ਇਹ ਸਵਰਗ ਦੂਤ ਖਾਸ ਸਵਰਗ ਦੂਤ ਸੀ। ਝੁੰਡ ਵਿੱਚ ਜੋ ਕਿ ਪੈਰਾਮਿਡ ਦੇ ਰੂਪ ਵਿੱਚ ਸੀ, ਉਹ ਮੇਰੇ ਖੱਬੇ ਪਾਸੇ ਸੀ।

406 ਅਤੇ ਯਾਦ ਕਰੋ, ਇਹ ਪੈਰਾਮਿਡ ਵਿੱਚ ਸੀ, ਜਿੱਥੇ ਭੇਤ ਭਰਿਆ ਚਿੱਟਾ ਪੱਥਰ ਬਿਨਾਂ ਲਿਖੇ ਹੋਏ ਸੀ। ਸਵਰਗ ਦੂਤ ਖੁਦ ਆਪ ਹੀ ਮੈਨੂੰ ਉਸ ਪਿਰਾਮਿਡ ਵਿੱਚ ਲੈ ਗਏ, ਪ੍ਰਮੇਸ਼ੁਰ ਦੇ ਭੇਤਾਂ ਦਾ ਸਿਰਫ ਉਨ੍ਹਾਂ ਨੂੰ ਪਤਾ ਸੀ। ਅਤੇ ਹੁਣ ਇਹ ਸਵਰਗ ਦੂਤ ਉਸ ਪੈਰਾਮਿਡ ਦਾ ਅਨੁਵਾਦ ਕਰਨ ਲਈ ਆਏ ਜਾਂ ਉਹ ਭੇਤ ਉਸ ਸੰਦੇਸ਼ ਦਾ ਇਹਨਾਂ ਸੱਤਾਂ ਮੋਹਰਾਂ ਦਾ ਜੋ ਪਿਰਾਮਿਡ ਦੇ ਅੰਦਰ ਰੱਖਿਆ ਹੈ।

407 ਹੁਣ ਸਵਰਗ ਦੂਤ ਮੇਰੇ ਖੱਬੇ ਪਾਸੇ ਸੀ, ਜੇ ਅਸੀਂ ਉਹਨਾਂ ਨੂੰ ਖੱਬੇ ਤੋਂ ਸੱਜੇ ਗਿਣੀਏ ਤਾਂ ਉਹ ਹੀ ਅਸਲ ਵਿੱਚ ਆਖਰੀ ਹੋਵੇਗਾ ਜਾਂ ਸੱਤਵਾਂ। ਕਿਉਂਕਿ ਉਹ ਮੇਰੇ ਖੱਬੇ ਪਾਸੇ ਸੀ, ਮੈਂ ਉਹਨੂੰ ਪੱਛਮ ਵੱਲ ਵੇਖ ਰਿਹਾ ਸੀ, ਅਤੇ ਉਹ ਪੂਰਬ ਵੱਲ ਨੂੰ ਆ ਰਿਹਾ ਸੀ, ਖੱਬੇ ਪਾਸੇ ਹੋਵੇਗਾ, ਇਸ ਲਈ ਉਹ ਆਖਰੀ ਦੂਤ ਦਾ ਸੰਦੇਸ਼ ਹੋਵੇਗਾ :ਬਹੁਤ ਹੀ ਮਹੱਤਵਪੂਰਣ ਸੰਦੇਸ਼। ਯਾਦ ਕਰੋ ਮੈਂ ਕਿਵੇਂ ਕਿਹਾ ਉਸਦਾ ਸਿਰ ਪਿੱਛੇ ਨੂੰ ਸੀ ਅਤੇ ਉਸਦੇ ਵੱਡੇ ਤਿੱਖੇ ਖੰਭ ਅਤੇ ਕਿਵੇਂ ਉਹ ਸਿੱਧਾ ਮੇਰੇ ਵੱਲ ਨੂੰ ਉਡਿਆ। ਹੁਣ, ਇਹ ਹੀ ਸੱਤਵੀਂ ਮੋਹਰ ਹੈ। ਇਹ ਹਾਲੇ ਵੀ ਵਿਸ਼ੇਸ਼ ਹੈ। ਅਤੇ ਅਸੀਂ ....ਅਸੀਂ ਹਾਲੇ ਤੱਕ ਨਹੀਂ ਜਾਣਦੇ ਕਿ ਇਹ ਕੀ ਹੈ, ਕਿਉਂਕਿ ਇਹਨੂੰ ਤੋੜ੍ਹਨ ਦੀ ਆਗਿਆ ਨਹੀਂ।

408 ਪ੍ਰੰਤੂ ਹੁਣ, ਤੁਸੀਂ ਸੱਭ ਨੇ ਸੰਗਤੀ ਵਿੱਚ ਧਿਆਨ ਦਿੱਤਾ ਹੈ ਕਿ ਇਹ ਕਿਸ ਤਰਾਂ ਦੀ ਮਿਟਿੰਗ ਰਹੀ। ਹਰ ਕੋਈ ਆਪਣੀ ਸੀਟ ਦੇ ਆਖੀਰ ਵਿੱਚ ਲੱਗ ਰਿਹਾ ਸੀ, ਅਤੇ ਹਰ ਕੋਈ ਇੱਥੇ ਆਲੇ-ਦੁਆਲੇ ਖੜ੍ਹਾ ਰਿਹਾ, ਇੱਕ, ਦੋ ਵਜ਼ੇ ਤੱਕ ਦੁਪਹਿਰ ਬਾਦ ਅਤੇ ਦਰਵਾਜ਼ੇ ਖੁੱਲ੍ਹਣ ਦਾ ਇੰਤਜ਼ਾਰ ਕਰਦੇ ਹੋਏ ਕਿ ਇੱਥੇ ਅੱਗੇ ਆ ਜਾਣ। ਕੰਧਾਂ ਦੇ ਨਾਲ ਖੜ੍ਹੇ ਰਹੇ ਆਕੜੇ ਹੋਏ ਹੱਥ, ਪੈਰ ਆਦਿ ਆਦਿ।

409 ਇਹ ਕੀ ਹੈ? ਇਹ ਪਵਿੱਤਰ ਆਤਮਾ ਹੈ ਜੋ ਇਨ੍ਹਾਂ ਦੂਤਾਂ ਨੂੰ ਹੇਠਾਂ ਭੇਜ ਰਿਹਾ ਹੈ ਅਤੇ ਉਨ੍ਹਾਂ ਨੇ ਇਹਨੂੰ ਸਾਡੇ ਤੇ ਪ੍ਰਗਟ ਕੀਤਾ। ਅਤੇ ਫਿਰ ਧਿਆਨ ਦਿਓ ਕਿ ਕਿਵੇਂ ਇਹ ਬਿਲਕੁੱਲ ਵਚਨ ਦੇ ਨਾਲ ਜੁੜਿਆ ਹੋਇਆ ਹੈ।

410 ਅਤੇ ਫਿਰ ਤੁਹਾਨੂੰ ਦੱਸ ਦਿੱਤਾ ਕਿ ਇਹ ਸੱਭ ਸੱਚ ਹੈ, ਉਸਨੇ ਇਹ ਪਹਿਲਾਂ--ਲੱਗ ਭੱਗ ਦੋ ਮਹੀਨੇ ਜਾਂ ਜਿਆਦਾ ਸਮਾਂ ਪਹਿਲਾਂ ਹੀ ਦੱਸ ਦਿੱਤਾ, ਇਸ ਤੋਂ ਪਹਿਲਾਂ ਕਿ ਇਹ ਵਾਪਰਦਾ, ਤਾਂ ਕਿ ਮੈਂ ਪੱਛਮ ਨੂੰ ਇਨ੍ਹਾਂ ਨੂੰ ਬਿਨਾਂ ਜਾਣੇ ਜਾਵਾਂ, ਇੱਥੇ ਉਸ ਅਨੁਵਾਦ ਦੇ ਨਾਲ ਵਾਪਸ ਆਵਾਂ ਜਿਹੜਾ ਉਸਨੇ ਦਿੱਤਾ ਹੈ। ਹੁਣ ਯਾਦ ਰਹੇ, ਦਰਸ਼ਨ ਵਿੱਚ, ਜਦ ਉਸਨੇ ਮੈਨੂੰ ਦਰਸ਼ਨ ਵਿੱਚ ਉੱਪਰ ਚੁੱਕ ਲਿਆ ਤਾਂ ਇੱਕ ਵੀ ਗੱਲ ਨਾ ਦੱਸੀ। ਮੈਂ ਡਰਿਆ ਹੋਇਆ ਅਤੇ ਭੈਭੀਤ ਸੀ, ਮੈਂ ਮਰਨ ਕਿਨਾਰੇ ਸੀ, ਇੱਕ ਧਮਾਕੇ ਵਿੱਚ ਮਾਰਿਆ ਜਾਵਾਂਗਾ। ਤੁਸੀਂ ਵੇਖਿਆ, ਉਹ ਇਹ ਨਹੀਂ ਕਰ ਸਕੇ।

ਭੇਤ ਨੂੰ ਜਾਨਣ ਦਾ ਸਮਾਂ ਹਾਲੇ ਨਹੀਂ ਹੈ। ਇਸ ਲਈ ਬਸ ਸਾਨੂੰ ਇੰਨਾ ਪਤਾ ਹੈ ਅਤੇ ਇਸਦਾ ਬਾਕੀ ਹਿੱਸਾ ਯਿਸੂ ਦੇ ਇਸ ਧਰਤੀ ਤੇ ਆਪਣੀ ਲਾੜੀ ਲਈ ਆਉਣ ਦੇ ਸਮੇਂ ਲੱਗ ਭੱਗ ਦੱਸ ਦਿੱਤਾ ਜਾਵੇਗਾ ਜਾਂ ਜੋ ਕੁਝ ਵੀ ਓਸ ਵੇਲੇ ਹੋਵੇਗਾ। ਹੁਣ ਉਸ ਸਮੇਂ ਤੱਕ ਅਸੀਂ ਸਾਰੇ ਦੁਆ ਕਰੀਏ, ਚੰਗਾ, ਸਿੱਧਾ ਜੀਵਨ ਬਤੀਤ ਕਰੀਏ ਅਤੇ ਉਸਦੀ ਆਮਦ ਲਈ ਅੱਗੇ ਵੇਖਦੇ ਰਹੀਏ।

400 ਅਤੇ ਹੁਣ ਜੇ ਇਹ ਟੇਪ ਕਿਸੇ ਮਨੁੱਖ ਦੇ ਹੱਥ ਵਿੱਚ ਆਵੇ ਤਾਂ ਇਸ ਵਿੱਚੋਂ ਕਿਸੇ ਕਿਸਮ ਦਾ "ਵਾਦ" ਨਾ ਬਣਾਵੇ। ਤੁਸੀਂ ਬਸ ਇੱਕ ਕੰਮ ਕਰੋ ਤੁਸੀਂ ਬਸ ਲਗਾਤਾਰ ਪ੍ਰਮੇਸ਼ੁਰ ਦੀ ਸੇਵਾ ਕਰਦੇ ਰਹੋ ਕਿਉਂਕਿ ਇਹ ਭੇਤ ਇੰਨਾ ਮਹਾਨ ਹੈ ਕਿ ਪ੍ਰਮੇਸ਼ੁਰ ਨੇ ਇਹ ਯੂਹੰਨਾ ਨੂੰ ਵੀ ਨਹੀਂ ਲਿਖਣ ਦਿੱਤਾ। ਇਸਨੇ ਗਰਜ਼ ਕੀਤੀ ਪ੍ਰੰਤੂ ਉਹ ...ਇਹ ਜਾਣਦੇ ਹੋਏ ਕਿ ਸਾਡੇ ਨਾਲ ਵਅਦਾ ਕੀਤਾ ਗਿਆ ਹੈ ਇਹ ਖੁੱਲ੍ਹ ਜਾਵੇਗਾ। ਪ੍ਰੰਤੂ ਇਸ ਸਮੇਂ ਤੱਕ ਇਹ ਨਹੀਂ ਖੁੱਲ੍ਹਾ ਹੈ।

401 ਅਤੇ ਹੁਣ ਅਸੀਂ ਪ੍ਰਮੇਸ਼ੁਰ ਦੇ ਧੰਨਵਾਦੀ ਹਾਂ ਜੋ ਕੁਝ ਵੀ ਉਸਨੇ ਸਾਨੂੰ ਵਿਖਾਇਆ ਹੈ। ਮੈਂ ਉੱਥੇ ਅੱਠਾਂ ਦਿਨਾਂ ਤੋਂ ਕਮਰੇ ਵਿੱਚ ਬੈਠਾ ਹਾਂ ਅਤੇ ਸੰਦੇਸ਼ ਜਿਹਦਾ ਹੁਣੇ ਮੈਂ ਤੁਹਾਡੇ ਅੱਗੇ ਬਿਆਨ ਕੀਤਾ ਹੈ, ਇੱਥੇ ਤੁਹਾਡੇ ਵਿੱਚੋਂ ਬਹੁਤ ਸਾਰੇ ਸਮਝ ਜਾਣਗੇ, ਅਤੇ ਮੈਂ ਵਾਅਦਾ ਕੀਤਾ ਹੈ ਕਿ ਕੁਝ ਹਰ ਸਮੇਂ ਆਤਮਿਕ ਹੋ ਰਿਹਾ ਹੈ ਜਿਹਦੇ ਬਾਰੇ ਵਿੱਚ ਮੈਂ ਪੱਕਾ ਸੀ ਕਿ ਤੁਸੀਂ ਇਹਦੇ ਤੋਂ ਖੁੰਝ ਰਹੇ ਸੀ। ਅਤੇ ਇੱਥੇ ਇਹ ਹੈ: ਇਹ ਇਸ ਵਚਨ ਦੇ ਅਨੁਵਾਦ ਦਾ ਪਰਮ ਸੱਚ ਹੈ ਕਿ ਇਹ ਪ੍ਰਮੇਸ਼ੁਰ ਵੱਲੋਂ ਭੇਜਿਆ ਗਿਆ ਹੈ।

402 ਕਿਉਂਕਿ ਇਸ ਤੋਂ ਪਹਿਲਾਂ ਕਿ ਅਸੀਂ ਇਹਦੇ ਵਿੱਚ ਜਾਂਦੇ ਅਤੇ ਮੈਂ ਪੱਛਮ ਵੱਲ ਚਲਾ ਗਿਆ, ਪ੍ਰਭੂ ਨੇ ਮੈਨੂੰ ਇੱਕ ਦਿਨ, ਇੱਕ ਸਵੇਰ ਲੱਗ ਭੱਗ ਦਸ ਵਜੇ ਇੱਕ ਦਰਸ਼ਣ ਵਿਖਾਇਆ, ਅਤੇ ਮੈਂ ਆਇਆ ਅਤੇ ਇੱਥੇ ਇਹਦਾ ਬਿਆਨ ਕੀਤਾ ਕਿ ਮੈਂ ਇਹ ਵੇਖਿਆ ਸੀ, ਪਤਾ ਨਹੀਂ ਸੀ ਕਿ ਇਹ ਕੀ ਹੈ ; ਇਹ ਸੱਤ ਸਵਰਗ ਦੂਤਾਂ ਦੇ ਝੁੰਢ ਬਾਰੇ ਸੀ। ਅਸੀਂ ਇਹਨੂੰ ਯਾਦ ਰੱਖਾਂਗੇ। ਤੁਸੀਂ ਇਹਨੂੰ ਟੇਪ ਤੇ ਪ੍ਰਾਪਤ ਕਰ ਸੱਕਦੇ ਹੋ, "ਸ਼੍ਰੀਮਾਨੋ ਕੀ ਸਮਾਂ ਇਹ ਹੀ ਹੈ?"ਹੁਣ ਤੁਸੀਂ ਬਿਲਕੁੱਲ ਉਹ ਹੀ ਚੀਜ਼ ਵੇਖ ਰਹੇ ਹੋ। ਸੱਤ ਸਵਰਗ ਦੂਤ .......ਮੈਂ ਪੱਛਮ ਵਿੱਚ ਸੀ।

403 ਉਹ ਛੋਟੇ ਸੰਦੇਸ਼ਵਾਹਕ ਤੁਹਾਨੂੰ ਯਾਦ ਹਨ ;ਉਹ ਪੂਰਬ ਵਿੱਚ ਚਲੇ ਗਏ। ਦੂਸਰੇ ਸੰਦੇਸ਼ਵਾਹਕ, ਘੁੱਗੀਆਂ (ਪਹਿਲਿਆਂ ਨਾਲੋਂ ਥੋੜੇ ਵੱਡੇ ਪੰਛੀ)ਉਹ ਪੂਰਬ ਵੱਲ ਚਲੇ ਗਏ। ਅਤੇ ਫਿਰ ਮੈਂ ਵੇਖਿਆ ....ਉਹ ਮੇਰੇ ਨਾਲ ਹਮੇਸ਼ਾਂ ਹੀ ਸਨ। ਉਹ ਪਹਿਲੀ ਅਤੇ ਦੂਸਰੀ ਖਿੱਚ ਸਨ।

404 ਹੁਣ ਤੀਸਰਾ ਪੱਛਮ ਵਿੱਚੋਂ ਆਇਆ, ਸਾਹਮਣਿਓ ਬੜੀ ਤੇਜੀ ਨਾਲ ਆਏ ਅਤੇ ਉਨ੍ਹਾਂ ਨੇ ਮੈਨੂੰ ਉੱਪਰ ਚੁੱਕ ਲਿਆ।। ਉਹ ਪੂਰਬ ਵੱਲ ਨੂੰ ਵਾਪਸ ਸੱਤਾਂ ਮੋਹਰਾਂ ਦੇ ਪ੍ਰਕਾਸ਼ ਨਾਲ ਆ ਰਿਹਾ ਸੀ, ਜਿਵੇਂ ਕਿ ਜੂਨੀਅਰ ਜੈਕਸਨ ਦੇ ਸੁਪਨੇ ਵਿੱਚ ਕਿਹਾ ਗਿਆ -ਜਿਹਨੂੰ ਖੁਦਾ ਨੇ ਮੈਨੂੰ ਉਨ੍ਹਾਂ ਲਈ ਅਨੁਵਾਦ ਕਰਨ ਦਿੱਤਾ। ਉਸ ਪੈਰਾਮਿਡ / ਮੀਨਾਰ ਦੇ ਅੰਦਰ ਉੱਥੇ ਇੱਕ ਚਿੱਟਾ ਪੱਥਰ ਸੀ ਜਿਹਦੇ ਉੱਤੇ ਕੁਝ ਵੀ ਲਿਖਿਆ ਹੋਇਆ ਨਹੀਂ ਸੀ। ਇਹ ਹੀ ਕਾਰਨ ਸੀ ਕਿ ਮੈਂ ਪੱਛਮ ਨੂੰ ਜਾਣਾ ਸੀ ਕਿ ਇਨ੍ਹਾਂ ਸਵਰਗਦੂਤਾਂ ਦੇ ਸੰਦੇਸ਼ ਦੇ ਨਾਲ ਜੁੜ ਜਾਵਾਂ ਅਤੇ ਅਤੇ ਇੱਥੇ ਵਾਪਸ ਆ ਕੇ ਇਹਨਾਂ ਨੂੰ ਕਲੀਸਿਯਾ ਤੇ ਪ੍ਰਗਟ ਕਰਾਂ। ਯਾਦ ਕਰੋ, ਮੈਂ ਕਿਹਾ, "ਅਗਲੀ ਗੱਲ ਜਿਹੜੀ ਹੋਵੇਗੀ ਉਹ ਇੱਥੇ ਕਲੀਸਿਯਾ ਵਿੱਚ ਹੋਵੇਗੀ। " ਇਹ ਬਿਲਕੁੱਲ ਇਸੇ ਤਰ੍ਹਾਂ ਹੈ।

# ਸੱਤਵੀਂ ਮੋਹਰ
# THE SEVENTH SEAL

ਭਾਈ ਜੀ ਧੰਨਵਾਦ। ਜਦ ਕਿ ਅਸੀਂ ਖੜ੍ਹੇ ਹਾਂ ਆਓ ਦੁਆ ਕਰੀਏ।

2 ਸਰਵ ਸ਼ਕਤੀ ਮਾਨ ਖੁਦਾ, ਜੀਵਨ ਦੇ ਮਾਲਕ ਅਤੇ ਸੱਭ ਚੰਗੇ ਆਤਮਿਕ ਵਰਦਾਨਾਂ ਦੇ ਦੇਣ ਵਾਲੇ, ਅਸੀਂ ਅਸਲ ਵਿੱਚ ਇਸ ਬਹੁਤ ਹੀ ਸ਼ਾਨਦਾਰ ਸੰਗਤੀ ਦੇ ਸਮੇਂ ਲਈ ਕਿ ਅਸੀਂ ਤੇਰੀ ਹਜ਼ੂਰੀ ਵਿੱਚ ਜੋ ਕਿ ਸਾਡੀਆਂ ਜ਼ਿੰਦਗੀਆਂ ਦਾ ਬਹੁਤ ਹੀ ਮਹਾਨ ਸਮਾਂ ਹੈ ਲਈ ਤੇਰੇ ਧੰਨਵਾਦੀ ਹਾਂ। ਪ੍ਰਭੂ ਇਸਦੇ ਨਾਲ ਸਾਨੂੰ ਕੋਈ ਫਰਕ ਨਹੀਂ ਚਾਹੇ ਕਿੰਨਾ ਵੀ ਰੁਕਣਾ ਪਵੇ, ਸਾਨੂੰ ਇਹ ਸਮਾਂ ਕਦੇ ਨਹੀਂ ਭੁੱਲੇਗਾ। ਅਤੇ ਪ੍ਰਮੇਸ਼ੁਰ ਅਸੀਂ ਦੁਆ ਕਰਦੇ ਹਾਂ ਕਿ ਇਸ ਖਤਮ ਕਰਨ ਵਾਲੀ ਰਾਤ ....... ਅਸੀਂ ਲਿਖਤਾਂ ਤੇ ਧਿਆਨ ਦਿੰਦੇ ਹਾਂ ਕਿ ਪਰਬ ਦੇ ਖਾਤਮੇ ਦੇ ਦਿਨ ਯਿਸੂ ਉਨ੍ਹਾਂ ਦੇ ਵਿੱਚ ਖੜ੍ਹਾ ਹੋਇਆ ਅਤੇ ਉੱਚੀ ਪੁਕਾਰ ਕੇ ਬੋਲਿਆ, "ਜੇ ਕੋਈ ਮਨੁੱਖ ਪਿਆਸਾ ਹੋਵੇ ਤਾਂ ਮੇਰੇ ਕੋਲ ਆਵੇ।" ਅਤੇ ਸੁਰਗੀ ਪਿਤਾ ਮੈਂ ਦੁਆ ਕਰਦਾ ਹਾਂ ਕਿ ਉਹੀ ਅੱਜ ਰਾਤ ਫਿਰ ਕੀਤਾ ਜਾਵੇ ਤਾਂ ਕਿ ਅਸੀਂ ਆਪਣੇ ਪ੍ਰਭੂ ਦੇ ਬੁਲਾਏ ਜਾਣ ਦੀ ਅਵਾਜ਼ ਨੂੰ ਸੁਣ ਸਕੀਏ ਅਤੇ ਉਹ ਆਪਣੀ ਸੇਵਕਾਈ ਲਈ ਬੁਲਾ ਰਿਹਾ ਹੈ, ਕਿ ਹੋਰ ਨੇੜੇ ਚੱਲੀਏ। ਅਸੀਂ ਮਹਿਸੂਸ ਕਰਦੇ ਹਾਂ ਅਸੀਂ ਉਸਦੀ ਪੁਕਾਰ ਪਹਿਲਾਂ ਹੀ ਇਨ੍ਹਾਂ ਮੋਹਰਾਂ ਦੇ ਖੁੱਲ੍ਹਣ ਨਾਲ ਸੁਣ ਲਈ ਹੈ ਜੋ ਇਹ ਕਹਿ ਰਹੀ ਹੈ ਕਿ ਇਹ ਆਖਰੀ ਦਿਨ ਹਨ ਅਤੇ ਸਮਾਂ ਨੇੜੇ ਹੈ। ਇਨ੍ਹਾਂ ਬਰਕਤਾਂ ਨੂੰ ਜਿਹੜੀਆਂ ਅਸੀਂ ਮੰਗੀਆਂ ਹਨ ਬਖਸ਼ ਦੇਹ, ਪਿਤਾ, ਅਸੀਂ ਯਿਸੂ ਮਸੀਹ ਦੇ ਨਾਮ ਵਿੱਚ ਅਤੇ ਉਸਦੀ ਮਹਿਮਾਂ ਲਈ ਮੰਗਦੇ ਹਾਂ। ਆਮੀਨ। ਬੈਠ ਜਾਓ।

3 ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਸਾਰੀਆਂ ਸੰਗਤੀਆਂ ਜਿਹੜੀਆਂ ਮੇਰੇ ਜੀਵਨ ਵਿੱਚ ਹੋਈਆਂ ਹਨ, ਮੈਂ ਇਹ ਨਿਹਚਾ ਕਰਦਾ ਹਾਂ ਕਿ ਇਹ ਹਫਤਾ ਮੇਰੇ ਸਾਰੇ ਜੀਵਨ ਭਰ ਦੀਆਂ ਸੰਗਤਾਂ ਵਿੱਚੋਂ ਸੱਭ ਤੋਂ ਮਹਿਮਾਂ ਵਾਲਾ ਸਮਾਂ ਰਿਹਾ ਹੈ। ਇਸਦੇ ਨਾਲ ਕੋਈ ਮਤਲਬ ਨਹੀਂ ਕਿ ਮੈਂ ਕੀ .......ਇਹ ਸਹੀ ਹੈ, ਪਹਿਲਾਂ ਮੈਂ ਬਹੁਤ ਹੀ ਅਚੰਭੇ ਕੰਮ ਹੁੰਦੇ ਅਤੇ ਚੰਗਾਈ ਸਭਾਵਾਂ ਹੁੰਦੀਆਂ ਵੇਖੀਆਂ ਹਨ ਪ੍ਰੰਤੂ ਇਹ ਉਨ੍ਹਾਂ ਸਭਨਾਂ ਨਾਲੋਂ ਵੱਧ ਕੇ ਹੈ। ਇੱਥੇ ਹੋਣਾ ਮੇਰੇ ਜੀਵਨ ਦੇ ਮਹਾਨ ਸਮਿਆਂ ਵਿੱਚੋਂ ਇੱਕ ਸਮਾਂ ਹੈ। ਅਤੇ ਇਸ ਛੋਟੇ ਭਵਨ ਦਾ ਵੱਖਰਾ ਰੂਪ ਵੇਖ ਕੇ, ਸਿਰਫ ਇਹ ਹੀ ਨਹੀਂ, ਪ੍ਰੰਤੂ ਅੰਦਰੋ ਵੀ ਇੱਕ ਵੱਖਰਾ ਰੂਪ ਹੈ।

4 ਅਤੇ ਹੁਣ, ਮੈਂ ਬਿਲੀ ਪਾੱਲ ਤੋਂ ਪੁੱਛ ਰਿਹਾ ਸੀ, ਉਸਨੇ ਮੈਨੂੰ ਲੈ ਕੇ ਆਉਣ ਲਈ ਥੋੜਾ ਜਿਆਦਾ ਸਮਾਂ ਲਗਾ ਦਿੱਤਾ। ਉਸਨੇ ਕਿਹਾ ਉੱਥੇ ਇੱਕ ਹੋਰ ਝੁੰਢ ਨੇ ਬਪਤਿਸਮਾ ਲਿਆ ਹੈ। ਹੁਣ ਇਸ ਹਫਤੇ ਸਾਡੇ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲਏ ਸੌ ਤੋਂ ਵੀ ਵੱਧ ਲੋਕ ਹੋ ਗਏ ਹਨ। ਇਸ ਲਈ ਅਸੀਂ ਬਹੁਤ ਹੀ ਧੰਨਵਾਦੀ ਹਾਂ, ਅਰ ਪ੍ਰਮੇਸ਼ੁਰ ਤੁਹਾਨੂੰ ਬਰਕਤ ਦੇਵੇ।

5 ਅਤੇ ਹੁਣ, ਜੇ ਤੁਹਾਡੀ ਕੋਈ ਸੰਗਤੀ ਨਹੀਂ ਹੈ ਤਾਂ ਅਸੀਂ ਤੁਹਾਨੂੰ ਇੱਥੇ ਆਉਣ ਦਾ ਸੱਦਾ ਦਿੰਦੇ ਹਾਂ ਕਿ ਸਾਡੇ ਨਾਲ ਸੰਗਤ ਕਰੋ। ਸਿਰਫ ਯਾਦ ਰੱਖੋ ਕਿ ਚਰਚ ਦਾ ਦਰਵਾਜ਼ਾ ਖੁੱਲ੍ਹਾ ਹੈ। ਅਸੀਂ

ਕੋਈ ਮਿਸ਼ਨ ਨਹੀਂ ਹਾਂ ਅਤੇ ਮੈਂ ਇਹ ਉਮੀਦ ਅਤੇ ਨਿਹਚਾ ਕਰਦਾ ਹਾਂ ਕਿ ਇਹ ਕਦੇ ਵੀ ਜੱਥੇਬੰਦੀ ਨਹੀਂ ਬਣੇਗੀ। ਸਿਰਫ ਇੱਥੇ ਆਦਮੀ, ਔਰਤਾਂ 'ਤੇ ਲੜਕੇ, ਲੜਕੀਆਂ ਖੁਦਾ ਦੀ ਮੇਜ਼ ਦੁਆਲੇ ਮਿਲਦੇ ਹਨ ਅਤੇ ਵਚਨ ਦੇ ਨਾਲ ਸੰਗਤੀ ਕਰਦੇ ਹਨ ਅਤੇ ਸਾਡੀਆਂ ਸਾਰੀਆਂ ਚੀਜ਼ਾਂ ਸਾਝੀਆਂ ਹਨ।

6 ਹੁਣ ਸਾਡੇ ਕੋਲ ਇੱਕ ਬਹੁਤ ਵਧੀਆ ਪਾਸਟਰ ਹੈ, ਪ੍ਰਮੇਸ਼ੁਰ ਦਾ ਸੱਚਾ ਮਨੁੱਖ ; ਇਸਦੇ ਲਈ ਮੈਂ ਬਹੁਤ ਧੰਨਵਾਦੀ ਹਾਂ। ਜੇ ਤੁਹਾਨੂੰ ਇੱਕ ਸਾਲ ਪਹਿਲਾਂ ਦਾ ਦਰਸ਼ਣ ਯਾਦ ਹੈ ਤਾਂ ਭੋਜਨ ਇੱਕ ਜਗ੍ਹਾ ਤੇ ਇਕੱਠਾ ਕੀਤਾ ਗਿਆ ਸੀ ;ਅਤੇ ਇਹ ਬਿਲਕੁੱਲ ਠੀਕ ਹੈ। ਅਤੇ ਅਸੀਂ .......

7 ਅਤੇ-ਅਤੇ ਸਾਡੇ ਕੋਲ ਸੰਡੇ ਸਕੂਲ ਦੀਆਂ ਕਲਾਸਾਂ ਹਰ ਉਮਰ ਦੇ ਲੋਕਾਂ ਲਈ ਕਾਫੀ ਜਗ੍ਹਾ ਹੈ ਅਤੇ ਅਸੀਂ ਇਸ ਮੌਕੇ ਲਈ ਬੜੇ ਹੀ ਧੰਨਵਾਦੀ ਹਾਂ। ਕਿਸੇ ਨੇ ਕਿਹਾ ਸੀ ਕਿ ਜੇ ਉਨ੍ਹਾਂ ਦੇ ਕੋਲ ਸੰਡੇ ਸਕੂਲ ਲਈ ਕਲਾਸਾਂ ਹੁੰਦੀਆਂ ਜਿੱਥੇ ਉਹ ਆਪਣੇ ਬੱਚਿਆਂ ਨੂੰ ਭੇਜ ਸੱਕਦੇ। ਹੁਣ, ਹੁਣ ਉਨ੍ਹਾਂ ਦੇ ਕੋਲ ਇਹ ਹਨ। ਇਸ ਲਈ ਤੁਸੀਂ ਹੁਣ ਆਓ ਅਤੇ ਸਾਡੇ ਨਾਲ ਹੋਵੋ ਜੇ ਤੁਹਾਡੀ ਆਪਣੀ ਕੋਈ ਸੰਗਤੀ ਨਹੀਂ ਹੈ।

8 ਜੇ ਤੁਹਾਡੀ ਕੋਈ ਆਪਣੀ ਵਧੀਆ ਕਲੀਸਿਯਾ ਨਹੀਂ ਹੈ ਜਿੱਥੇ ਤੁਸੀਂ ਜਾ ਰਹੇ ਹੋ ਅਤੇ ਖੁਸ਼ਖਬਰੀ ਦਾ ਪ੍ਰਚਾਰ ਹੁੰਦਾ ਹੈ ਅਤੇ ਆਦਿ-ਆਦਿ, ਕਿਉਂ, ਤਾਂ ਸਾਡਾ ਇੱਕ ਹੋਰ ਝੁੰਢ ਹੈ, ਤੁਸੀਂ ਵੇਖੋ ਕਿਤੇ ਹੋਰ ਵੀ ਹੈ। ਪਰ ਜੇ ਕੋਈ ਤੁਹਾਡਾ ਕਲੀਸਿਯਾ ਰੂਪੀ ਘਰ ਨਹੀਂ ਹੈ ਅਤੇ ਤੁਸੀਂ ..........

9 ਮੈਂ ਸਮਝਦਾ ਹਾਂ ਕਿ ਬਹੁਤ ਸਾਰੇ .....ਦੇਸ਼ ਦੀਆਂ ਵੱਖ-ਵੱਖ ਥਾਵਾਂ ਤੋਂ ਇੱਥੇ ਆਏ ਕਿ ਇਸਨੂੰ ਆਪਣੀ ਕਲੀਸਿਯਾ ਬਣਾ ਲੈਣ। ਅਤੇ ਅਸੀਂ ਯਕੀਨਨ ਹੀ ਪ੍ਰਭੂ ਦੇ ਵਚਨ ਲਈ ਤੁਹਾਡਾ ਇੱਥੇ ਸਵਾਗਤ ਕਰਦੇ ਹਾਂ। ਅਤੇ ਮੈਂ ਧਿਆਨ ਦਿੰਦਾ ਹਾਂ ਅਤੇ ਮੇਰਾ ਅੰਦਾਜ਼ਾ ਹੈ, ਜਦ ਮੈਂ ਛੱਡਿਆ ਤਾਂ ਮੈਂ ਤੁਹਾਨੂੰ ਦੱਸਿਆ ਸੀ ਕਿ ਜਿੱਥੋਂ ਤੱਕ ਮੇਰਾ ਵਿਚਾਰ ਸੀ ਕਿ ਸੰਗਤੀਆਂ ਇੱਥੇ ਇਸੇ ਭਵਨ ਵਿੱਚ ਹੀ ਹੋਣਗੀਆਂ।

10 ਮੈਂ ਹਾਲੇ ਵੀ ਨਹੀਂ ਜਾਣਦਾ ਕਿ ਪ੍ਰਭੂ ਨੇ ਮੇਰੇ ਲਈ ਭਵਿੱਖ ਵਿੱਚ ਹੋਰ ਕੀ ਰੱਖਿਆ ਹੈ। ਮੈਂ ਉਸੇ ਦੇ ਹੱਥ ਤੇ ਨਿਹਚਾ ਕਰਦਾ ਹਾਂ ਨਾ ਕਿ ਕਿਸੇ ਅੰਧ ਵਿਸ਼ਵਾਸ਼ ਜਾਂ ਕਿਸੇ ਹੋਰ ਚੀਜ਼ ਤੇ। ਮੈਂ ਹਰੇਕ ਦਿਨ ਉਸੇ ਤੇ ਹੀ ਨਿਰਭਰ ਰਹਿੰਦਾ ਹਾਂ ਕਿ ਉਹ ਮੇਰੀ ਅਗੁਵਾਈ ਉਸ ਥਾਂ ਤੇ ਕਰੇ ਜਿੱਥੇ ਮੈਂ ਉਸਦੀ ਸੇਵਾ ਠੀਕ ਤਰ੍ਹਾਂ ਕਰ ਸਕਾਂ।। ਅਤੇ ਜਦੋਂ ਉਹ ਮੇਰੇ ਕੋਲੋਂ ਆਪਣੇ ਕੰਮ ਪੂਰੇ ਕਰਵਾ ਲਵੇ ਤਾਂ ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਉਹ ਮੈਨੂੰ ਸ਼ਾਂਤੀ ਨਾਲ ਘਰ ਵਾਪਸ ਬੁਲਾ ਲਵੇਗਾ।

11 ਅਤੇ ਹੁਣ ਮੈਂ ਭਵਨ ਦੇ ਲੋਕਾਂ ਦੇ ਸਹਿਯੋਗ ਲਈ ਬਹੁਤ ਹੀ ਧੰਨਵਾਦੀ ਹਾਂ। ਜਿਵੇਂ ਕਿ ਬਿਲੀ ਮੈਨੂੰ ਇਸ ਹਫਤੇ ਦੱਸ ਰਿਹਾ ਸੀ ਕਿ ਮੈਂ ਸੋਚਦਾ ਹਾਂ ਕਿ ਹਰੇਕ ਪਰਿਵਾਰ ਜਿਹੜਾ ਭਵਨ ਵਿੱਚ ਪ੍ਰਗਟਾਵਾ ਕਰਦਾ ਹੈ ਉਨ੍ਹਾਂ ਦੇ ਨਾਲ ਕੋਈ ਠਹਿਰਿਆ ਹੋਇਆ ਹੈ। ਉਨ੍ਹਾਂ ਨੇ ਆਪਣੇ ਘ ਰ ਅਤੇ ਜਗ੍ਹਾ ਦੇ ਬੂਹੇ ਖੋਲ੍ਹੇ ਹੋਏ ਹਨ ਅਤੇ ਉਨ੍ਹਾਂ ਲੋਕਾਂ ਨੂੰ ਆਪਣੇ ਨਾਲ ਠਹਿਰਾਇਆ ਹੋਇਆ ਹੈ ਜਿਨ੍ਹਾਂ ਦੇ ਕੋਲ ਠਹਿਰਨ ਲਈ ਜਗ੍ਹਾ ਨਹੀਂ ਹੈ। ਇਹ ਇੱਕ ਅਸਲੀ ਮਸੀਹੀ ਕੰਮ ਹੈ। ਸਮਝੇ?ਅਤੇ ਕਈ ਘਰਾਂ ਵਿੱਚ ਕਾਫੀ ਲੋਕ ਥੋੜੀ ਜਿਹੀ ਥਾਂ ਵਿੱਚ ਠਹਿਰੇ ਹੋਏ ਹਨ ਜਿੱਥੇ ਵੀ ਉਹਨਾਂ ਦੇ ਠਹਿਰਣ ਲਈ ਸਥਾਨ ਹੋ ਸੱਕਦਾ ਹੈ।



ਪਵਿੱਤਰ ਹੋਈਏ ਅਤੇ ਉਸਦੀ ਸੇਵਾ ਕਰੀਏ ਅਤੇ ਜੋ ਕੁਝ ਅਸੀਂ ਕਰਨਾ ਜਾਣਦੇ ਹਾਂ ਉਹ ਕਰੀਏ ਅਤੇ ਚੰਗਾ ਮਸੀਹੀ ਜੀਵਨ ਬਤੀਤ ਕਰੀਏ। ਇੱਥੇ ਅਸੀਂ ਵੇਖਦੇ ਹਾਂ ਕਿ ਛੇਵੀਂ ਮੋਹਰ ਸਾਡੇ ਲਈ ਖੁੱਲ੍ਹ ਚੁੱਕੀ ਹੈ ;ਅਸੀਂ ਇਹਨੂੰ ਵੇਖਦੇ ਹਾਂ। ਅਤੇ ਅਸੀਂ ਇਹ ਜਾਣਦੇ ਹਾਂ ਕਿ ਇਹ ਸੱਤਵੀਂ ਮੋਹਰ ਆਮ ਲੋਕਾਂ ਵਿੱਚ ਨਹੀਂ ਖੋਲ੍ਹੀ ਜਾ ਸੱਕਦੀ ਜਦ ਤੱਕ ਕਿ ਸਮਾਂ ਨਹੀਂ ਆਉਂਦਾ।

394 ਹੁਣ ਕੋਈ ਕਾਰਨ ਹੈ ਕਿ ਖੁਦਾ ਇਹਨਾਂ ਗਰਜਾਂ ਦੀਆਂ ਸੱਤ ਅਵਾਜਾਂ ਨੂੰ ਹੋਣ ਦਿੰਦਾ ਹੈ ਕਿਉਂਕਿ ਇਹਨਾਂ ਨੇ ਆਉਣਾ ਹੀ ਹੈ (ਵੇਖਿਆ?)ਕਿਉਂਕਿ .....ਅਸੀਂ ਵੇਖਦੇ ਹਾਂ ਕਿ ਮਸੀਹ, ਉਹ ਲੇਲਾ, ਉਸਨੇ ਪੋਥੀ ਨੂੰ ਆਪਣੇ ਹੱਥ ਵਿੱਚ ਲੈ ਲਿਆ ਅਤੇ ਉਸਨੇ ਉਹ ਸੱਤਵੀਂ ਮੋਹਰ ਖੋਲ੍ਹ ਦਿੱਤੀ। ਪ੍ਰੰਤੂ ਤੁਸੀਂ ਵੇਖਦੇ ਹੋ ਕਿ ਇਹ ਛੁਪਿਆ ਹੋਇਆ ਭੇਤ ਹੈ। ਇਹਨੂੰ ਕੋਈ ਨਹੀਂ ਜਾਣਦਾ। ਪ੍ਰੰਤੂ ਇਹਦੇ ਨਾਲ -ਹੀ ਜੋ ਉਸਨੇ ਕਿਹਾ, ਉਸਦੀ ਆਮਦ ਨੂੰ ਕੋਈ ਨਹੀਂ ਜਾਣ ਪਾਵੇਗਾ ;ਉਹ ਇਨ੍ਹਾਂ ਸੱਤਾਂ ਗਰਜ਼ਾਂ ਨੂੰ ਵੀ ਨਹੀਂ ਜਾਣ ਸਕਣਗੇ। ਤੁਸੀਂ ਸਮਝੇ ਇਹ ਆਪਸ ਵਿੱਚ ਜੁੜੇ ਹੋਏ ਹਨ।

395 ਅੱਜ ਇਹਦੇ ਬਾਰੇ ਵਿੱਚ ਸਾਡੇ ਕੋਲ ਇੰਨੀ ਹੀ ਸਮਝ ਹੈ ਕਿਉਂਕਿ ਬਾਕੀ ਸੱਭ ਕੁਝ ਇਸ ਵਿੱਚ ਖੁੱਲ੍ਹ ਚੁੱਕਾ ਹੈ, ਪ੍ਰੰਤੂ ਇਹ ਨਹੀਂ ਖੁੱਲ੍ਹਿਆ ਹੈ। ਪ੍ਰੰਤੂ ਆਪਣੇ ਕਮਰੇ ਵਿੱਚ ਬੈਠੇ ਹੋਏ ਮੈਂ ਇਸਨੂੰ ਸੁਣਿਆ ....ਬਲਕਿ ਇਸਨੂੰ ਸੁਣਿਆ ਹੀ ਨਹੀਂ ਪ੍ਰੰਤੂ ਇਹਨਾਂ ਸੱਤਾਂ ਗਰਜ਼ਾਂ ਨੂੰ ਖੁੱਲ੍ਹਦੇ ਹੋਏ ਵੇਖਿਆ। ਹੁਣ ਬਸ ਇੱਥੇ ਤੱਕ ਹੀ ਅਸੀਂ ਜਾ ਸੱਕਦੇ ਹਾਂ।

396 ਅਤੇ ਹੁਣ ਮੈਂ ਨਿਹਚਾ ਕਰਦਾ ਹਾਂ ਕਿ ਹਰੇਕ ਅਤੇ ਤੁਹਾਡੇ ਵਿੱਚੋਂ ਹਰ ਇੱਕ ਵਿਅਕਤੀ ਪ੍ਰਮੇਸ਼ੁਰ ਦੀ ਸੇਵਾ ਕਰੇਗਾ ਅਤੇ ਜੋ ਠੀਕ ਹੈ ਉਹ ਕਰੇਗਾ ਅਤੇ ਆਪਣੇ ਸਾਰੇ ਜੀਵਨ ਭਰ ਉਸਦੇ ਨਾਲ ਪਿਆਰ ਕਰੇਗਾ ਅਤੇ ਉਸਦੀ ਸੇਵਾ ਕਰੇਗਾ ਅਤੇ ਬਾਕੀ ਦਾ ਫਿਕਰ ਪ੍ਰਮੇਸ਼ੁਰ ਆਪ ਕਰੇਗਾ।

397 ਹੁਣ ਪ੍ਰਮੇਸ਼ੁਰ ਦੀ ਦਯਾ ਨਾਲ ਅਸੀਂ ਇੱਥੇ ਸਮਾਪਤ ਕਰਨ ਨੂੰ ਹਾਂ, ਛੇਆਂ ਮੋਹਰਾਂ ਦੇ ਸਾਰੇ ਭੇਤ ਜਿਹੜੇ ਮੋਹਰ ਕੀਤੇ ਹੋਏ ਸਨ ਖੁੱਲ੍ਹ ਗਏ ਹਨ ਅਤੇ ਅਸੀਂ ਸਮਝਦੇ ਹਾਂ ਕਿ ਸੱਤਵੀਂ ਮੋਹਰ ਆਮ ਲੋਕਾਂ ਦੇ ਜਾਨਣ ਲਈ ਨਹੀਂ ਹੈ।

398 ਹੁਣ, ਉਸਦੀ ਆਮਦ, ਅਤੇ ਉਸਦੇ ਆਉਣ ਦੀ ਘੜੀ, ਜਦੋਂ ਧਰਤੀ ਦਾ ਨਾਸ਼ ਹੋਵੇਗਾ .......ਤੁਸੀਂ ਜਾਣਦੇ ਹੋ ਉਸਨੇ ਕਿਹਾ, "ਧਰਤੀ ਦੇ ਅੰਤ ਦਾ ਕੀ ਲੱਛਣ ਹੋਊ?" ਮੱਤੀ 24 ਵਿੱਚ ਇੱਥੇ ਉਨ੍ਹਾਂ ਉਸ ਕੋਲੋਂ ਇਹ ਪ੍ਰਸ਼ਨ ਪੁੱਛਿਆ, ਉਹ ਇਸ ਤੇ ਗਿਆ। ਉਸਨੇ ਇਸਰਾਏਲ ਦਾ ਇੱਕ ਰਾਸ਼ਟਰ ਦੇ ਰੂਪ ਵਿੱਚ ਇਕੱਠਾ ਹੋਣਾ, ਬਾਰੇ ਦੱਸਿਆ, 31ਵੀਂ ਆਇਤ ਮੱਤੀ 24:31. ਪ੍ਰੰਤੂ ਤਦ ਉਹ ਇੱਕ ਦ੍ਰਿਸ਼ਟਾਂਤ ਤੇ ਆ ਗਿਆ। ਸਮਝੇ? ਫਿਰ ਤੁਸੀਂ ਵੇਖੋ, "ਹੰਜ਼ੀਰ ਦੇ ਰੁੱਖ ਤੋਂ ਇੱਕ ਦ੍ਰਿਸ਼ਟਾਂਤ ਸਿੱਖੋ। "ਜਦੋਂ ਤੁਸੀਂ ਉਸਦੇ ਪੱਤੇ ਨਿੱਕਲਦੇ ਵੇਖਦੇ ਹੋ, ਤੁਸੀਂ ਜਾਣਦੇ ਹੋ ਕਿ ਗਰਮੀ ਦੀ ਰੁੱਤ ਨੇੜੇ ਹੈ। ਅਤੇ ਫਿਰ ਜਦ ਤੁਸੀਂ ਇਹ ਵਾਪਰਦਾ ਵੇਖੋ ਤਦ ਜਾਣ ਲਓ ਕਿ ਸਮਾਂ ਨੇੜੇ ਹੈ। " ਵੇਖੋ, ਇਸਰਾਏਲ ਆਪਣੇ ਦੇਸ਼ ਵਿੱਚ ਇਕੱਠਾ ਹੋ ਰਿਹਾ ਹੈ। ਪ੍ਰੰਤੂ ਤੁਸੀਂ ਧਿਆਨ ਦਿਓ ਉਸਨੇ ਇਸ ਸੱਤਵੀਂ ਮੋਹਰ ਦਾ ਪ੍ਰਕਾਸ ਛੱਡ ਦਿੱਤਾ।

399 ਅਤੇ ਇੱਥੇ ਜਦ ਸੱਤਵੀਂ ਮੋਹਰ, ਜਦੋਂ ਉਸਨੇ ਇਹਨੂੰ ਖੋਲ੍ਹਿਆ, ਉਸਨੇ ਫਿਰ ਇਸਨੂੰ ਛੱਡ ਦਿੱਤਾ। ਸਮਝੇ?ਇਸ ਲਈ ਅਸੀਂ ਵੇਖਦੇ ਹਾਂ ਕਿ ਇਹ ਪੂਰੀ ਤਰ੍ਹਾਂ ਇੱਕ ਭੇਤ ਹੈ, ਇਸ ਲਈ ਇਸ

ਕਿ ਉਹ ਸੱਭ ਇੱਥੇ ਪ੍ਰਕਾਸ਼ ਦੀ ਪੋਥੀ 7, ਵਿੱਚ ਇਕੱਠੀਆਂ ਹਨ, ਇੱਥੇ 6ਵੇਂ ਅਤੇ 7ਵੇਂ ਬਾਬ ਵਿੱਚ ਉਹ ਪਵਿੱਤਰ ਹੋ ਗਈਆਂ ਸਨ ਅਤੇ ਉਨ੍ਹਾਂ ਨੂੰ ਉਹਨਾਂ ਦੇ ਬਸਤਰ ਦਿੱਤੇ ਗਏ ਸਨ। ਹੁਣ ਉਹ ਲਾੜੀ ਨਹੀਂ ਹੈ। ਪ੍ਰੰਤੂ ਇਹ ਕਲੀਸਿਯਾ(ਗਿਰਜਾ) ਹੈ, ਉਹ ਸ਼ੁੱਧ ਲੋਕ ਜਿਨ੍ਹਾਂ ਨੂੰ ਮੌਕਾ ਨਹੀਂ ਮਿਲਿਆ ਕਿ ਸੰਦੇਸ਼ ਨੂੰ ਕਬੂਲ ਕਰਦੇ ਜਾਂ ਕਿਸੇ ਵੀ ਤਰ੍ਹਾਂ ਉਹ ਇਨ੍ਹਾਂ ਝੂਠੇ ਨਬੀਆਂ ਦੁਆਰਾ ਅੰਨ੍ਹੇ ਕੀਤੇ ਗਏ ਸਨ। ਅਤੇ ਅਸਲ ਵਿੱਚ ਉਨ੍ਹਾਂ ਨੂੰ ਮੌਕਾ ਨਹੀਂ ਮਿਲਿਆ ਜਦਕਿ ਉਹ ਦਿਲ ਵਿੱਚ ਸੱਚੇ ਸਨ। ਅਤੇ ਖੁਦਾ ਉਨ੍ਹਾਂ ਦੇ ਦਿਲਾਂ ਨੂੰ ਜਾਣਦਾ ਹੈ। ਅਤੇ ਇੱਥੇ ਉਹ ਇਸ ਸਮੇਂ ਦੌਰਾਨ ਸ਼ੁੱਧ ਕੀਤੇ ਜਾਂਦੇ ਹਨ।

389 ਤੁਸੀਂ ਇਸ ਦੂਸਰੇ ਸ਼ੁੱਧੀਕਰਨ ਤੇ ਧਿਆਨ ਦਿਓ ;ਇਹ ਇਸਰਾਈਲ ਲਈ ਹੈ ;ਜਦ ਉਹ ਇਕੱਠੇ ਹੁੰਦੇ ਹਨ। ਇਹ ਦੂਸਰਾ ਉਦੇਸ਼ ਹੈ। ਪ੍ਰਮੇਸ਼ੁਰ ਇਸਰਾਈਲ ਨੂੰ ਕਸ਼ਟ ਕਾਲ ਦੇ ਸਮੇਂ ਵਿੱਚ ਸ਼ੁੱਧ ਕਰਦਾ ਹੈ। ਉਨ੍ਹਾਂ ਲੱਖਾਂ ਕਰੋੜਾਂ ਵਿੱਚੋਂ ਜਿਹੜੇ ਉੱਥੇ ਇਕੱਠੇ ਹੋਣਗੇ, ਉਹਨਾਂ ਵਿੱਚੋਂ ਸਿਰਫ ਇੱਕ ਲੱਖ ਚੁਤਾਲੀ ਹਜ਼ਾਰ ਚੁਣੇ ਹੋਏ ਹੋਣਗੇ ਅਤੇ ਉਹ ਵੀ ਸ਼ੁੱਧ ਕੀਤੇ ਜਾਣਗੇ। ਪ੍ਰਮੇਸ਼ੁਰ ਇਸਰਾਏਲ ਨੂੰ ਸ਼ੁੱਧ ਕਰ ਰਿਹਾ ਹੈ।

390 ਧਿਆਨ ਦੇਵੋ, ਸਾਰੀ ਧਰਤੀ ਨੇ ਹੀ ਸ਼ੁੱਧ ਹੋਣਾ ਹੈ। ਕੁਝ ਅਜਿਹਾ ਹੋਵੇਗਾ ਕਿ ਚੰਦ, ਤਾਰੇ ਸਾਰੀ ਸਰਿਸ਼ਟੀ ਸ਼ੁੱਧ ਕੀਤੀ ਜਾਵੇਗੀ। ਤੁਸੀਂ ਵੇਖਦੇ ਹੋ ਇਹ ਕੀ ਸੀ?ਧਰਤੀ ਆਪਣੇ ਆਪ ਨੂੰ ਫਿਰ ਨਵਾਂ ਕਰ ਰਹੀ ਹੈ, ਸ਼ੁੱਧ ਹੁੰਦੇ ਹੋਏ ਹਜ਼ਾਰ ਸਾਲ ਦੇ ਰਾਜ ਲਈ ਤਿਆਰ ਹੋ ਰਹੀ ਹੈ। ਹਜ਼ਾਰ ਸਾਲ ਦਾ ਰਾਜ ਆ ਰਿਹਾ ਹੈ। ਅਤੇ ਹਰੇਕ ਚੀਜ਼ ਜਿਹਦੇ ਵਿੱਚ ਜਰਾ ਕੁ ਵੀ ਗੰਦਗੀ ਹੈ ਇਸ ਛੇਵੀਂ ਮੋਹਰ ਵਿੱਚ ਸ਼ੁੱਧ ਹੋ ਗਈ।

391 ਹੁਣ ਕੀ ਤੁਸੀਂ ਧਿਆਨ ਦਿੱਤਾ, ਇਸ ਸੱਤਵੀਂ ਮੋਹਰ ਦੇ ਖੁੱਲ੍ਹਣ ਵਿੱਚ ਇੱਥੇ ਤਿੰਨ ਤਹਿ ਉਦੇਸ਼ ਹੈ। ਇਹ ਮੈਂ .....ਬੋਲਾਂਗਾ ਅਤੇ ਬੋਲ ਦਿੱਤਾ ਹੈ ਕਿ ਇਹ ਸੱਤ ਗਰਜ਼ਾਂ ਦਾ ਭੇਤ ਹੈ। ਸੁਰਗ ਵਿੱਚ ਸੱਤ ਗਰਜ਼ਾਂ ਇਸ ਭੇਤ ਨੂੰ ਖੋਲ੍ਹ ਦੇਣਗੀਆਂ। ਇਹ ਬਿਲਕੁੱਲ ਯਿਸੂ ਮਸੀਹ ਦੀ ਆਮਦ ਤੇ ਹੈ ਕਿਉਂਕਿ ਮਸੀਹ ਨੇ ਕਿਹਾ ਹੈ, ਉਹ ਕਦੋਂ ਵਾਪਸ ਆਵੇਗਾ ਕਿਸੇ ਨੂੰ ਨਹੀਂ ਪਤਾ।

392 ਕੀ ਤੁਸੀਂ ਧਿਆਨ ਦਿੱਤਾ ਜਦੋਂ ਯਹੂਦੀਆਂ ਨੇ ਉਸ ਕੋਲੋਂ ਇਹ ਪੁੱਛਿਆ ? ਤੁਹਾਨੂੰ ਪਤਾ ਹੈ ਜਦੋਂ ਅਸੀਂ ਮੱਤੀ 24 ਦੀ ਤੁਲਨਾ ਛੇਵੀਂ ਮੋਹਰ ਨਾਲ ਕਰਦੇ ਹਾਂ, ਸੱਤਵੀਂ ਮੋਹਰ ਛੱਡ ਦਿੱਤੀ ਗਈ; ਕਿਉਂਕਿ ਵੇਖੋ ਮਸੀਹ ਨੇ ਕਿਹਾ, ਬਸ ਪ੍ਰਮੇਸ਼ੁਰ ਹੀ ਜਾਣਦਾ ਹੈ, ਇੱਥੋਂ ਤੱਕ ਕਿ ਸਵਰਗ ਦੂਤ ਵੀ ਨਹੀਂ ਜਾਣਦੇ ਹਨ।। ਕੋਈ ਹੈਰਾਨੀ ਨਹੀਂ ਇੱਥੋਂ ਤੱਕ ਕਿ ਇਹ ਲਿਖੀ ਵੀ ਨਹੀਂ। ਤੁਸੀਂ ਵੇਖੋ, ਉਹ ਚੁੱਪ ਹੋ ਗਏ ;ਤਦ ਕੁਝ ਵੀ ਨਹੀਂ ਹੋਇਆ। ਸਵਰਗ ਦੂਤਾਂ ਨੂੰ ਇਹਦਾ ਨਹੀਂ ਪਤਾ ਹੈ। ਕੋਈ ਨਹੀਂ ਜਾਣਦਾ ਉਹ ਕਦੋਂ ਆ ਰਿਹਾ ਹੈ।

393 ਪ੍ਰੰਤੂ ਉੱਥੇ ਹੋਣਗੇ ......ਉੱਥੇ ਇਹਨਾਂ ਗਰਜ਼ਾਂ ਦੀਆਂ ਸੱਤ ਅਵਾਜ਼ਾਂ ਹੋਣਗੀਆਂ ਜੋ ਉਸ ਸਮੇਂ ਇਸ ਮਹਾਨ ਪ੍ਰਕਾਸ਼ ਨੂੰ ਪ੍ਰਗਟ ਕਰਨਗੀਆਂ। ਇਸ ਲਈ ਮੈਂ ਨਿਹਚਾ ਕਰਦਾ ਹਾਂ ਅਸੀਂ ਜਿਹੜੇ ....ਜੇ ਅਸੀਂ ਇਹ ਨਹੀਂ ਜਾਣਦੇ, ਜੇਕਰ ਅਸੀਂ ....ਇਹ ਉਸ ਸਮੇਂ ਤੱਕ ਨਹੀਂ ਜਾਣਿਆ ਜਾਵੇਗਾ। ਪ੍ਰੰਤੂ ਇਹ ਉਸ ਦਿਨ, ਉਸ ਘੜੀ ਵਿੱਚ ਪ੍ਰਗਟ ਹੋਵੇਗਾ ਜਿਸ ਦਿਨ ਇਹਨੇ ਪ੍ਰਗਟ ਹੋਣਾ ਹੈ। ਇਸ ਲਈ ਜਿਹੜਾ ਸਾਡੇ ਕਰਨ ਲਈ ਕੰਮ ਹੈ ਉਹ ਇਹ ਹੈ ਕਿ ਪ੍ਰਮੇਸ਼ੁਰ ਦੇ ਅੱਗੇ ਬੜੇ



12 ਕਿਉਂਕਿ ਇਹ ਇੱਕ ਮੁਸ਼ਕਿਲ ਸਮਾਂ ਹੈ, ਖੇਡਾਂ ਦਾ ਕਿਸੇ ਤਰ੍ਹਾਂ ਦਾ ਪ੍ਰੋਗਰਾਮ ਚੱਲਣ ਕਾਰਨ, ਇੱਕ ਤਰਾਂ ਦਾ ਬਾਸਕਟ ਬਾਲ ਜਾਂ ਅਜਿਹਾ ਹੀ ਕੁਝ ਹੋਰ ਹੋਣ ਕਾਰਨ ਕਮਰੇ ਬੁੱਕ ਕਰਵਾ ਲਏ ਗਏ ਹਨ। ਇਸ ਤੇ ਇੱਕ ਵੱਡਾ ਸਮੂਹ ਉੱਥੋਂ .......

13 ਮੈਂ ਸੋਚਦਾ ਹਾਂ ਇੱਥੇ ਇਸ ਛੋਟੀ ਜਿਹੀ ਕਲੀਸਿਯਾ ਵਿੱਚ ਅਠਾਈ ਜਾਂ ਤੀਹ ਰਾਜਾਂ ਦਾ ਇੱਥੇ ਪ੍ਰਤਿਨਿਧੀਤਵ ਹੋ ਗਿਆ ਹੈ, ਵਿਦੇਸ਼ ਦੇ ਦੋ ਦੇਸ਼ਾਂ ਨੂੰ ਛੱਡ ਕੇ ਇਹ .....ਛੋਟੀ ਜਿਹੀ ਬੇਦਾਰੀ, ਇਸ ਲਈ ਇਹਨੇ ਆਪਣੇ ਵਿੱਚ ਕਾਫੀ ਜਗ੍ਹਾ ਲੈ ਲਈ ਹੈ। ਅਤੇ ਜਾਣਦੇ ਹਾਂ ........

14 ਅੱਜ ਮੈਂ ਕੁਝ ਲੋਕਾਂ ਨੂੰ ਪੁੱਛ ਰਿਹਾ ਸੀ ; ਮੈਂ ਪੁੱਛਿਆ, "ਮੈਂ ਸਮਝ ਗਿਆ ਹਾਂ ਕਿ ਇੱਥੇ ਇਸ ਸੰਗਤ ਵਿੱਚ ਜੈਫਰਸਿਨਵਿਲੇ ਦੇ ਆਸ ਪਾਸ ਦੇ ਬਹੁਤੇ ਲੋਕ ਨਹੀਂ ਹਨ। "

15 ਕੋਈ ਬੋਲ ਪਿਆ ਅਤੇ ਆਖਿਆ, "ਅਸੀਂ ਅੰਦਰ ਨਹੀਂ ਆ ਸੱਕਦੇ, "ਇਹ ਸੀ--ਇਹ ਹੀ ਕਾਰਨ ਸੀ। ਕੁਝ ਪੁਲਿਸ ਵਾਲੇ ਆਦਿ ਸੰਗਤ ਵਿੱਚ ਆਉਣਾ ਚਾਹੁੰਦੇ ਸਨ ਅਤੇ ਆਖਿਆ ਕਿ ਉਨ੍ਹਾਂ ਨੇ ਗੇੜੇ ਮਾਰੇ ਸਨ ਅਤੇ ਉਹ ਆਏ ਪਰ ਅੰਦਰ ਨਹੀਂ ਵੜ੍ਹ ਸਕੇ, ਅੰਦਰ ਆਉਣ ਦੇ ਸਮੇਂ ਤੋਂ ਪਹਿਲਾਂ ਹੀ ਉਹ ਭਰਿਆ ਹੋਇਆ ਸੀ। ਉਨ੍ਹਾਂ ਦਾ ਆਪਣਾ ਸਮਾਂ ਸੀ, ਹੋ ਸੱਕਦਾ ਹੈ ਬਾਦ ਵਿੱਚ ਉਹ ਨਹੀਂ ਆਏ। ਇਸ ਲਈ ਹੁਣ ਲੋਕ ਹੋਰ ਜਗ੍ਹਾ ਤੋਂ ਆ ਰਹੇ ਹਨ, ਇਸ ਲਈ ਅਸੀਂ ਬਹੁਤ ਧੰਨਵਾਦੀ ਹਾਂ।

16 ਹੁਣ ਮੈਨੂੰ ਨਹੀਂ ਪਤਾ ਹੈ। ਇਸ ਤੋਂ ਬਾਦ ਅਗਲੀ ਚੀਜ਼ ਆਏਗੀ, ਹੋ ਸੱਕਦਾ ਹੈ ਕਿ ਦੂਜੇ ਸੰਦੇਸ਼ ਵਿੱਚ ਸੱਤ ਤੁਰ੍ਹੀਆਂ ਹੋਣ। ਪ੍ਰੰਤੂ ਸੱਤਾਂ ਮੋਹਰਾਂ ਵਿੱਚ ਅਮਲੀ ਤੌਰ ਤੇ ਸਾਰੀਆਂ ਗੱਲਾਂ ਸ਼ਾਮਿਲ ਹਨ। ਕਲੀਸਿਯਾਈ ਯੁੱਗ ਆਉਂਦੇ ਹਨ ਤੇ ਅਸੀਂ ਉਨ੍ਹਾਂ ਨੂੰ ਪਹਿਲਾਂ ਰੱਖ ਦਿੱਤਾ ਜੋ ਕਿ ਬਹੁਤ ਹੀ ਮਹਤੱਵਪੂਰਨ ਸਨ, ਪਰ.....ਉਸ ਸਮੇਂ ਸੀ। ਹੁਣ ਮੋਹਰਾਂ ਦਾ ਖੁੱਲ੍ਹਣਾ ਪ੍ਰਗਟ ਕਰਦਾ ਹੈ ਕਿ ਕਲੀਸਿਯਾਵਾਂ ਕਿੱਥੇ ਜਾਂਦੀਆਂ ਹਨ 'ਤੇ ਇਹ ਕਿਵੇਂ ਖਤਮ ਹੁੰਦੀਆਂ ਹਨ। ਅਤੇ ਹੁਣ ਮੈਂ ਸੋਚਦਾ ਹਾਂ ਕਿ ਸੁਰਗੀ ਪਿਤਾ ਪੱਕਾ ਸਾਡੇ ਤੇ ਮਿਹਰਬਾਨ ਹੈ ਕਿ ਸਾਨੂੰ ਇਹ ਵਿਖਾਵੇ ਕਿ ਸਾਡੇ ਕੋਲ ਕੀ ਹੈ।

17 ਹੁਣ, ਮੈਂ ਇਹ ਕਹਿੰਦਾ ਹਾਂ ......ਮੈਂ ਪੁਰਾਣੇ ਨੋਟਸ ਵੇਖਦੇ ਹੋਏ ਜਿਨ੍ਹਾਂ ਨੂੰ ਮੈਂ ਸਾਲਾਂ ਪਹਿਲਾਂ ਪ੍ਰਚਾਰ ਕੀਤਾ ਸੀ, ਮੈਂ ਅੰਦਰ ਆ ਕੇ ਉਹ ਹੀ ਕਹਿ ਰਿਹਾ ਸੀ ਜੋ ਮੈਂ ਸੋਚਿਆ ਸੀ ਕਿ ਠੀਕ ਸੀ ਅਤੇ ਵੱਧਦਾ ਰਿਹਾ। ਅਤੇ ਉਹ ਚਾਰੇ ਮੋਹਰਾਂ, ਇਸ ਸੱਭ ਦੇ ਉੱਤੇ ਮੈਂ ਵੀਹ ਮਿੰਟ ਦਾ ਸੰਦੇਸ਼ ਦਿੱਤਾ ਸੀ। ਪ੍ਰਕਾਸ਼ ਪੋਥੀ ਦੇ ਚਾਰੇ ਘੋੜਸਵਾਰ, ਮੈਂ ਉਨ੍ਹਾਂ ਸਭਨਾਂ ਨੂੰ ਇਕੱਠੇ ਹੀ ਲਿਆ ਸੀ ਅਤੇ ਕਿਹਾ ਸੀ, "ਇੱਕ ਘੋੜਾ ਚਿੱਟਾ ਹੋ ਗਿਆ, "ਮੈਂ ਕਿਹਾ ਹੋ ਸੱਕਦਾ ਹੈ ਇਹ ਸ਼ੁਰੂ ਦਾ ਯੁੱਗ ਹੈ। ਅਤੇ ਅਗਲਾ ਘੋੜਾ ਕਾਲ ਵਿੱਚ ਗਿਆ ਅਤੇ ਇਸੇ ਤਰ੍ਹਾਂ ਅੱਗੇ। ਪਰ ਓਹ !ਜਦ ਅਸਲ ਵਿੱਚ ਵਚਨ ਖੁੱਲ੍ਹਿਆ ਤਾਂ ਇਹ ਇਸ ਤੋਂ ਸੈਕੜੇਂ ਮੀਲ ਦੂਰ ਸੀ।

18 ਇਸ ਲਈ ਸਾਡੇ ਲਈ ਚੰਗਾ ਹੈ ਕਿ ਧਿਆਨ ਦੇਈਏ ਅਤੇ ਉਡੀਕ ਕਰੀਏ। ਅਤੇ ਹੋ ਸੱਕਦਾ ਹੈ ਇਸ ਵਾਰ ਇਹ ਕਰੀਏ। ਹੋ ਸੱਕਦਾ ਹੈ ਬਹੁਤ ਸਾਰੀਆਂ ਗੱਲਾਂ ਕਹੀਆਂ ਗਈਆਂ ਹੋਣ ਜੋ ਦੂਸਰੇ ਲੋਕਾਂ ਨਾਲ ਸਹਿਮਤੀ ਵਾਲੀਆਂ ਨਾ ਹੋਣ। ਪ੍ਰੰਤੂ ਮੈਂ ਪ੍ਰਤੀਤ ਕਰਦਾ ਹਾਂ ਕਿ ਜਦ ਮਹਾਨ ਖਾਤਮੇ

ਦਾ ਵੇਲਾ ਆਉਂਦਾ ਹੈ ਅਤੇ ਅਸੀਂ ਆਪਣੇ ਪ੍ਰਭੂ ਨਾਲ ਮਿਲਦੇ ਹਾਂ, ਤੁਸੀਂ ਵੇਖੋਗੇ ਕਿ ਇਹ ਸਹੀ ਸੀ। ਇਹ ਅਸਲ ਵਿੱਚ ਹੈ।

19 ਹੁਣ ਉਨ੍ਹਾਂ ਲੋਕਾਂ ਦੀ ਜਿਹੜੇ ਇਸ ਨਗਰ ਦੇ ਬਾਹਰ ਤੋਂ ਆਏ ਹਨ ਜਿਹੜੇ ਇੱਥੇ ਵੱਖ-ਵੱਖ ਪ੍ਰਾਂਤਾਂ ਤੋਂ ਆਏ ਹਨ, ਮੈਂ ਕਿਸ ਤਰ੍ਹਾਂ ਤੁਹਾਡੇ ਦਿਲ ਦੀ ਲਗਨ ਦੀ ਸਰਾਹਨਾ ਕਰਾਂ ਕਿ ਕਿਵੇਂ ਤੁਸੀਂ ਲੰਬਾ ਸਫਰ ਅਤੇ ਛੁੱਟੀਆਂ ਲੈ ਕੇ ਇੱਥੇ ਆਓ ਹੋ। ਅਤੇ ਮੈਂ ਜਾਣਦਾ ਹਾਂ ਕਿ ਉਨ੍ਹਾਂ ਵਿੱਚੋਂ ਕਈਆਂ ਕੋਲ ਠਹਿਰਨ ਲਈ ਜਗ੍ਹਾ ਵੀ ਨਹੀਂ ਹੈ ਕਿਉਂਕਿ ਉਨ੍ਹਾਂ ਵਿੱਚੋਂ ਕਈਆਂ ਦੀ ਥਾਂ ਲੱਭਣ ਵਿੱਚ ਮੈਂ ਮੱਦਦ ਕੀਤੀ ਹੈ। ਖਾਣ ਲਈ ਪੈਸੇ ਵੀ ਨਹੀਂ ਹਨ ਅਤੇ ......ਅਤੇ ਫਿਰ ਵੀ ਕਿਵੇਂ ਨਾ ਕਿਵੇਂ ਆਏ ਹਨ ਇਸ ਉਮੀਦ ਨਾਲ ਕਿ ਕੁਝ ਵਾਪਰਨ ਵਾਲਾ ਹੈ ਉਸਦੀ ਰਾਖੀ ਕਰਨ। ਅਤੇ ਇੰਨੇ ਵੱਡੇ ਵਿਸ਼ਵਾਸ਼ ਦੇ ਨਾਲ ਕਿ ਇਸ ਨਾਲ ਕੋਈ ਮਤਲਬ ਨਹੀਂ ਕਿ ਭਾਵੇਂ ਉਨ੍ਹਾਂ ਨੂੰ ਖਾਣੇ ਦੇ ਬਗੈਰ ਹੀ ਰਹਿਣਾ ਪਵੇ ਜਾਂ ਰਹਿਣ ਦੀ ਜਗ੍ਹਾ ਵੀ ਨਾ ਹੋਵੇ ਅਰ ਫਿਰ ਵੀ ਉਹ ਇਨ੍ਹਾਂ ਗੱਲਾਂ ਨੂੰ ਸੁਣਨਾ ਚਾਹੁੰਦੇ ਹਨ ਜੋ ....ਹੋਈਆਂ ਹਨ। ਤੁਸੀਂ ਜਾਣਦੇ ਹੋ ਇਹ ਵੱਡੀ ਗੱਲ ਹੈ ਅਤੇ ਹਰੇਕ ਉਨ੍ਹਾਂ ਵਿੱਚ ਸੌ ਪ੍ਰਤੀਸ਼ਤ ਹੈ।

20 ਉਥੇ ਪਿੱਛੇ ਮੈਂ ਆਪਣੇ ਬ੍ਰਦਰ ਇਨ ਲਾਅ ਨਾਲ ਮਿਲਿਆ ਜਿਹਨੇ ਇਸ ਭਵਨ ਦੀ ਚਿਣਾਈ ਬਗੇਰਾ ਕੀਤੀ ਹੈ ; ਅਤੇ ਮੈਂ ਉਸਨੂੰ ਦੱਸ ਰਿਹਾ ਸੀ ਕਿ ਉਨ੍ਹਾਂ ਦੇ ਕੰਮ ਦੀ ਮੈਂ ਕਿੰਨੀ ਪ੍ਰਸ਼ੰਸਾ ਕੀਤੀ ਹੈ। ਮੈਂ ਇੱਟਾਂ ਚਿਣਨ ਵਾਲਾ ਨਹੀਂ ਹਾਂ ਜਾਂ ਇਹਦੇ ਬਾਰੇ ਵਿੱਚ ਕੁਝ ਨਹੀਂ ਜਾਣਦਾ ਹਾਂ ਪ੍ਰੰਤੂ ਮੈਂ ਜਾਣਦਾ ਹਾਂ ਕਿ ਚੋਰਸ ਕੋਨਾ ਕੀ ਹੁੰਦਾ ਹੈ ਅਤੇ ਕੀ ਇਹ ਠੀਕ ਬਣਾਇਆ ਗਿਆ ਹੈ ਜਾਂ ਨਹੀਂ।

21 ਅਤੇ ਉਸਨੇ ਕਿਹਾ, "ਮੈਂ ਤੁਹਾਨੂੰ ਦੱਸਦਾ ਹਾਂ। " ਉਸਨੇ ਕਿਹਾ, "ਇਸ ਤਰ੍ਹਾਂ ਦਾ ਕੋਈ ਵੀ ਸਮਾਂ ਨਹੀਂ ਹੋਇਆ, ਸ਼ਾਇਦ ਹੀ ਤੁਸੀਂ ਮਨੁੱਖਾਂ ਵਿੱਚ ਇਸ ਤਰ੍ਹਾਂ ਦਾ ਸਹਿਯੋਗ ਵੇਖਿਆ ਹੋਵੇ ਜਦੋਂ ਉਹ ਸੱਭ ਕੰਮ ਕਰ ਰਹੇ ਸਨ। "

22 ਭਾਈ ਵੁੱਡ, ਭਾਈ ਰੋਬਰਸਨ ਅਤੇ ਹਰ ਕੋਈ ਠੀਕ ਆਪਣੀ ਜਗ੍ਹਾ ਤੇ ਸੀ। ਅਤੇ ਉਹ ਭਾਈ ਜਿਹਨੇ ਸੁਣਨ .....ਮੇਰਾ ਮਤਲਬ ਸਰੋਤਿਆਂ ਦੇ ਸੁਣਨ ਸੀ ਬਿਵਸਥਾ ਭਵਨ ਵਿੱਚ ਕੀਤੀ ਹੈ। ਉਨ੍ਹਾਂ ਨੇ ਕਿਹਾ, "ਹਰ ਚੀਜ਼ ਨੇ ਠੀਕ ਕੰਮ ਕੀਤਾ। " ਜਦ ਵੀ ਕਿਸੇ ਚੀਜ਼ ਦੀ ਲੋੜ ਪਈ ਤਾਂ ਉੱਥੇ ਉਸ ਨੂੰ ਕਰਨ ਲਈ ਆਦਮੀ ਪਹਿਲਾਂ ਹੀ ਮੌਜੂਦ ਸੀ। ਇਸ ਤਰ੍ਹਾਂ ਨਾਲ ਇਹ .....ਪ੍ਰਮੇਸ਼ੁਰ ਇਸ ਸਾਰੇ ਪ੍ਰੋਗਰਾਮ ਵਿੱਚ ਹੈ। ਇਹਦੇ ਲਈ ਅਸੀਂ ਬੜੇ ਧੰਨਵਾਦੀ ਹਾਂ।

23 ਕਲੀਸਿਯਾ ਵਿੱਚ ਬਹੁਤ ਸਾਰੇ ਦਾਨ ਦੇਣ ਵਾਲੇ ਮੱਦਦ ਲਈ ਹਨ ਜਿਵੇਂ ਕਿ ਸਾਡੇ ਭਾਈ ਅਤੇ ਭੈਣ ਡਾਉਚ ਇੱਥੇ ਬੈਠੇ ਹਨ ਅਤੇ ਹੋਰ ਬਹੁਤ ਸਾਰੇ ਜਿਨ੍ਹਾਂ ਨੇ ਇਹਦੇ ਲਈ ਬਹੁਤ ਦਾਨ ਦਿੱਤਾ ਹੈ। ਮੈਂ ਸੋਚਦਾ ਹਾਂ ਉਸ ਵੇਲੇ ਉਨ੍ਹਾਂ ਨੂੰ ਕਿਸੇ ਵੀ ਚੀਜ਼ ਦੀ ਥੁੜ ਨਹੀਂ ਹੋਈ ਅਤੇ ਹਰੇਕ ਚੀਜ਼ ਦਾ ਮੁੱਲ ਦਿੱਤਾ ਗਿਆ। ਇਸ ਲਈ ਅਸੀਂ ਇਹਦੇ ਲਈ ਬਹੁਤ ਹੀ ਧੰਨਵਾਦੀ ਹਾਂ।

24 ਯਾਦ ਰੱਖੋ ਇਹ ਤੁਹਾਡੀ ਕਲੀਸਿਯਾ ਹੈ ਕਿਉਂਕਿ ਤੁਸੀਂ ਮਸੀਹ ਦੇ ਸੇਵਾਦਾਰ ਹੋ ਅਤੇ ਇਸੇ ਲਈ ਇਹ ਇੱਥੇ ਬਣਾਇਆ ਗਿਆ ਹੈ, ਇੱਕ ਖੁੱਲ੍ਹਾ ਹੋਇਆ ਬੂਹਾ ਕਿ ਸੇਵਕ ਬਣਾਏ ਜਾਣ ਅਤੇ



379 ਹੁਣ ਮੈਂ ਚਾਹੁੰਦਾ ਹਾਂ ਕਿ ਤੁਸੀਂ ਧਿਆਨ ਦਿਓ, ਅੱਜ ਰਾਤ ਉਸ ਛੇਵੀਂ ਮੋਹਰ ਵਿੱਚ, ਉਸ ਛੇਵੀਂ ਮੋਹਰ ਦਾ ਤਿੰਨ ਤਹਿ ਉਦੇਸ਼ ਹੈ। ਘੋੜ ਸਵਾਰਾਂ ਦਾ ਤਿੰਨ ਤਹਿ ਉਦੇਸ਼ ਹੈ।

380 ਇੱਥੇ ਇਹਨਾਂ ਸਭਨਾਂ ਗੱਲਾਂ ਵਿੱਚ ਤਿੰਨ ਪੱਖਾ ਜਾਂ ਤਿੰਨ ਤਹਿ ਉਦੇਸ਼ ਹੈ। ਜੋ ਕਿ ਸਾਨੂੰ ਮੁੜ ਇੱਕ ਤਿੰਨ ਤੇ ਲਿਆਉਂਦੇ ਹਨ। ਅਤੇ ਵੇਖੋ, ਫਿਰ ਸੱਤ, ਸੱਤ ਮੋਹਰਾਂ, ਸੱਤ ਕਟੋਰੇ, ਆਦਿ। ਹੁਣ ਤਿੰਨ ਅਤੇ ਸੱਤ ਵਿੱਚ, ਇਹ ਪ੍ਰਮੇਸ਼ੁਰ ਦਾ ਅੰਕ ਹੈ ਆਪਣੇ ਵਚਨ ਨੂੰ ਪ੍ਰਗਟ ਕਰਨ ਦੇ ਅੰਕ ਗਣਿਤ ਵਿੱਚ।

381 ਹੁਣ ਧਿਆਨ ਦਿਓ, ਜਿਵੇਂ ਕਿ ਹੁਣ ਘੋੜਸਵਾਰਾਂ ਵਿੱਚ, ਉੱਥੇ ਤਿੰਨ ਘੋੜੇ ਨਿੱਕਲੇ। ਉਹਨਾਂ ਵਿੱਚੋਂ ਇੱਕ ਚਿੱਟਾ ਸੀ, ਉਸ ਵਿੱਚ ਇੱਕ ਲਾਲ ਸੀ, ਇੱਕ ਕਾਲਾ ਸੀ। ਅਤੇ ਫਿਰ ਚੋਥੇ ਘੋੜੇ ਵਿੱਚ, ਕਿਉਂ, ਉਹ ਸਾਰੇ ਦੇ ਸਾਰੇ ਇੱਕ ਵਿੱਚ ਮਿਲ ਗਏ। ਵੇਖੋ, ਤਿੰਨ ਤਹਿ ਉਦੇਸ਼ .........

382 ਹੁਣ ਪ੍ਰਮੇਸ਼ੁਰ ਨੇ ਉਹ ਹੀ ਕੰਮ ਕੀਤਾ। ਪ੍ਰਮੇਸ਼ੁਰ ਨੇ ਉਸੇ ਤਰ੍ਹਾਂ ਹੀ ਕੀਤਾ, ਜਦ ਉਸਨੇ ਆਪਣਾ ਸ਼ੇਰ ਜੋ ਕਿ ਵਚਨ ਸੀ ਮਸੀਹ ਵਿਰੋਧੀ ਨਾਲ ਸੰਘਰਸ਼ ਕਰਨ ਲਈ ਭੇਜਿਆ।

383 ਫਿਰ ਅਸੀਂ ਵੇਖਦੇ ਹਾਂ ਕਿ ਉਸ ਨੇ ਬਿਪਤਾ ਦੇ ਵੇਲੇ ਵਹਿੜਕੇ ਨੂੰ ਭੇਜਿਆ, ਬਲੀਦਾਨ ਦਾ ਪਸ਼ੂ। ਅਰ ਇਸ ਬਿਪਤਾ ਦੇ ਸਮੇਂ ਵਿੱਚ ਸੱਭ ਲੋਕ ਜੋ ਕਰ ਸਕੇ ਬਸ ਇਹ ਕੰਮ ਸੀ, ਗੁਲਾਮ ਹੋਣਾ ਅਤੇ ਆਪਣੇ ਆਪ ਨੂੰ ਕੁਰਬਾਨੀ ਲਈ ਦੇ ਦੇਣਾ।

384 ਅਤੇ ਫਿਰ ਅਸੀਂ ਅਗਲੇ ਯੁੱਗ ਵਿੱਚ ਵੇਖਦੇ ਹਾਂ ਜਿਹੜਾ ਕਿ ਸੁਧਾਰਕਾਂ ਦਾ ਯੁੱਗ ਸੀ, ਪਮੇਸ਼ੁਰ ਨੇ ਮਨੁੱਖ ਦੀ ਬੁੱਧੀ ਨੂੰ ਭੇਜਿਆ--ਜੰਤੂ ਤੇ ਮਨੁੱਖ ਵਰਗਾ ਮੂੰਹ ਜਿਹੜੀ ਕਿ ਇੱਕ ਸਾਮਰਥ ਸੀ ਜੋ ਸੁਧਾਰਕਾਂ ਵਿੱਚ ਭੇਜੀ ਗਈ ਸੀ।

385 ਹੁਣ ਕੀ ਤੁਸੀਂ ਧਿਆਨ ਦਿੱਤਾ, ਹਰੇਕ .....ਕੋਈ ਹੈਰਾਨੀ ਨਹੀਂ ਲੋਕ ਇਨ੍ਹਾਂ ਦਿਨਾਂ ਵਿੱਚ ਇਸ ਤਰ੍ਹਾਂ ਦੇ ਪ੍ਰਭਾਵ ਹੇਠ ਜੀਵਨ ਬਤੀਤ ਕਰ ਰਹੇ ਹਨ ਜਿਵੇਂ ਹਾਲੇ ਵੀ ਸੁਧਾਰਕਾਂ ਦਾ ਯੁੱਗ ਹੋਵੇ ਕਿਉਂਕਿ ਉਹ ਇਸ ਵਿੱਚ -ਇਹਦੇ ਵੱਲ ਪਾਦਰੀਆਂ ਦੇ ਢੰਗ ਨਾਲ ਵੇਖ ਰਹੇ ਹਨ। ਉਹ ਇਹਨੂੰ ਇਸ ਢੰਗ ਨਾਲ ਵੇਖ ਰਹੇ ਹਨ ਜਿਵੇਂ ਧਾਰਮਿਕ ਸਕੂਲਾਂ ਵਿੱਚ ਸਿੱਖਿਆ ਦਿੱਤੀ ਸੀ। ਇੱਕ ਵੇਲੇ ਇਹ ਪ੍ਰਮੇਸ਼ੁਰ ਦਾ ਢੰਗ ਸੀ, ਪ੍ਰੰਤੂ ਅਸੀਂ ਉਸਦੇ ਬਾਦ ਵਾਲੇ ਸਮੇਂ ਵਿੱਚ ਜੀ ਰਹੇ ਹਾਂ।

386 ਹੁਣ ਅਸੀਂ ਉਕਾਬ ਦੇ ਯੁੱਗ ਵਿੱਚ ਹਾਂ, ਪ੍ਰਕਾਸ਼ ਪ੍ਰਗਟ ਕੀਤਾ ਜਾਣਾ ਹੈ, ਸਾਰੀਆਂ ਗੱਲਾਂ। ਹੁਣ ਇਹਦੀ ਤੁਲਨਾ ਪ੍ਰਕਾਸ਼ ਦੀ ਪੋਥੀ 10 ਬਾਬ ਦੀ 1 ਤੋਂ ਲੈ ਕੇ 7 ਆਇਤ ਨਾਲ ਕਰੋ ਅਤੇ ਅਸੀਂ ਇਸ ਪ੍ਰਕਾਸ਼ ਵਿੱਚ ਵੇਖਾਂਗੇ, ਇਹ ਪ੍ਰਕਾਸ਼ ਪੋਥੀ 10:1-7 ਹੈ, ਕਿ ਸੱਤਵੇਂ ਦੂਤ ਦੇ ਸੰਦੇਸ਼ ਦੇ ਦਿਨੀਂ ਪ੍ਰਮੇਸ਼ੁਰ ਦੇ ਗੁਪਤ ਭੇਤ ਪ੍ਰਗਟ ਹੋਣੇ ਸਨ।

387 ਹੁਣ ਅਸੀਂ ਇਹਦੇ ਵਿੱਚ ਇਹ ਵੀ ਵੇਖਦੇ ਹਾਂ ਕਿ ਛੇਵੀਂ ਮੋਹਰ ਹੁਣ ਖੁੱਲ੍ਹ ਗਈ ਹੈ, ਇਹ ਤਿੰਨ ਤਹਿ ਉਦੇਸ਼ ਲਈ ਸੀ। ਹੁਣ ਇਹ ਉਦੇਸ਼ ਸਨ:

388 ਪਹਿਲੀ ਗੱਲ ਇਹ ਸੀ ਕਿ ਸੌਂਣ ਵਾਲੀਆਂ ਮੂਰਖ ਕੁਆਰੀਆਂ ਨੇ ਕਸ਼ਟ ਕਾਲ ਵਿੱਚੋਂ ਦੀ ਪਵਿੱਤਰ ਹੋਣ ਲਈ ਲੰਘਣਾ ਸੀ। ਉਹਨਾਂ ਨੇ ਆਪਣੀ ਬੇਪ੍ਰਤੀਤੀ ਦੇ ਪਾਪ ਲਈ ਅਤੇ ਸੰਦੇਸ਼ ਨੂੰ ਰੱਦ ਕਰਨ ਤੋਂ ਸ਼ੁੱਧ ਹੋਣਾ ਸੀ। ਇਹ ਕਸ਼ਟ ਕਾਲ ਦੇ ਸਮੇਂ ਵਿੱਚ ਹੋ ਗਿਆ। ਅਸੀਂ ਵੇਖਦੇ ਹਾਂ

ਦਿਆਂ। ਅਤੇ ਜਦ ਸਮਾਂ ਆਵੇ ਕਿ ਮੈਂ ਜਰੂਰ ਸੌਂ ਜਾਵਾਂ ਅਤੇ ਨਦੀ ਦੇ ਦੂਸਰੇ ਪਾਸੇ ਪਹੁੰਚ ਜਾਵਾਂ ਅਤੇ ਲਹਿਰਾਂ ਅੰਦਰ ਆਉਣ ਲੱਗਣ, ਹੇ ਪ੍ਰਮੇਸ਼ੁਰ ਹੋਣ ਦੇ ਕਿ ਮੈਂ ਇਸ ਯੋਗ ਹੋ ਸਕਾਂ ਕਿ ਇਸ ਤਲਵਾਰ ਨੂੰ ਕਿਸੇ ਹੋਰ ਨੂੰ ਸੌਂਪ ਸਕਾਂ ਜੋ ਇਹਦੇ ਪ੍ਰਤੀ ਇਮਾਨਦਾਰ ਹੋਵੇਗਾ, ਪ੍ਰਭੂ, ਅਤੇ ਸੱਚਾਈ ਨੂੰ ਲੈ ਕੇ ਚੱਲੇ। ਪ੍ਰਭੂ ਇਹ ਬਖਸ਼ ਦੇ। ਅਤੇ ਤਦ ਤੱਕ ਮੇਰੀ ਸਹਾਇਤਾ ਕਰ ਕਿ ਮੈਂ ਮਜ਼ਬੂਤ ਅਤੇ ਸਿਹਤਮੰਦ ਅਤੇ ਤਕੜਾ ਬਣਿਆ ਰਹਾਂ।

374 ਮੇਰੀ ਕਲੀਸਿਯਾ ਦੀ ਮੱਦਦ ਕਰ। ਪ੍ਰਭੂ ਸਾਨੂੰ ਸਾਰਿਆਂ ਨੂੰ ਬਰਕਤ ਦੇ। ਅਸੀਂ ਤੇਰੇ ਹੀ ਹਾਂ। ਅਸੀਂ ਮਹਿਸੂਸ ਕਰਦੇ ਹਾਂ ਕਿ ਤੇਰਾ ਆਤਮਾ ਸਾਡੇ ਵਿੱਚਕਾਰ ਹੈ। ਅਸੀਂ ਨਿਹਚਾ ਕਰਦੇ ਹਾਂ ਕਿ ਤੂੰ ਸਾਡੀਆਂ ਦੁਆਵਾਂ ਦਾ ਜਵਾਬ ਦੇਵੇਂਗਾ, ਕਿਉਂਕਿ ਅਸੀਂ ਆਪਣੇ ਆਪ ਨੂੰ ਤੇਰੇ ਵਚਨ ਨਾਲ, ਤੇਰੀ ਸੇਵਾ ਲਈ, ਆਪਣੇ ਜੀਵਨ ਦੇ ਬਾਕੀ ਸਾਰੇ ਦਿਨ ਜੋ ਇਸ ਧਰਤੀ ਤੇ ਬਚੇ ਹਨ, ਯਿਸੂ ਮਸੀਹ ਦੇ ਨਾਮ ਵਿੱਚ, ਉਸਦੀ ਵਡਿਆਈ ਲਈ, ਜੋ ਸਾਡਾ ਪਿਆਰਾ ਬਚਾਉਣ ਵਾਲਾ ਹੈ ਦੇ ਨਾਮ ਵਿੱਚ ਸੌਂਪਦੇ ਹਾਂ। ਆਮੀਨ।

> ਮੈਂ .....(ਪ੍ਰਮੇਸ਼ੁਰ ਤੁਹਾਨੂੰ ਬਰਕਤ ਦੇਵੇ)...ਮੈਂ ਉਸਦੇ ਨਾਲ ਪਿਆਰ ਕਰਦਾ ਹਾਂ
> (ਆਪਣੇ ਪੂਰੇ ਦਿਲ ਨਾਲ) ਕਿਉਂਕਿ ਪਹਿਲਾਂ ਉਹਨੇ ਮੇਰੇ ਨਾਲ ਪਿਆਰ ਕੀਤਾ
>
> ਭਾਈ ਨੇਵਿਲ, ਪ੍ਰਭੂ ਤੁਹਾਨੂੰ ਬਰਕਤ ਦੇਵੇ।

375 [ਸੰਗਤ, "ਮੈਂ ਉਸਦੇ ਨਾਲ ਪਿਆਰ ਕਰਦਾ ਹਾਂ ", ਗੀਤ ਨੂੰ ਗਾਉਣਾ ਲਗਾਤਾਰ ਜਾਰੀ ਰੱਖਦੀ ਹੈ, ਭਾਈ ਆੱਰਮਨ ਨੇਵਿਲ ਦੁਆ ਨਾਲ ਵਿਦਾ ਕਰਦੇ ਹਨ। -ਸੰਪਾ]

## ਸੱਤਵੀਂ ਮੋਹਰ ਜਾਰੀ ਰਹਿੰਦੀ ਹੈ

376 [ਭਾਈ ਬ੍ਰਾਨਹਾਮ ਨੇ ਮੂਲ ਰੂਪ ਵਿੱਚ ਪੈਰ੍ਹਾ ਨੰਬਰ 261 ਤੋਂ ਲੈ ਕੇ 374ਤੱਕ ਪਹਿਲਾਂ ਪ੍ਰਕਾਸ਼ਿਤ ਨਹੀਂ ਕੀਤਾ ਸੀ, ਪ੍ਰੰਤੂ ਇਸਦੇ ਬਦਲੇ ਸੋਮਵਾਰ 25 ਮਾਰਚ ਨੂੰ ਪੈਰ੍ਹਾ ਨੰਬਰ 377 ਤੋਂ ਲੈ ਕੇ 414 ਤੱਕ ਸੱਤਵੀਂ ਮੋਹਰ ਦੀ ਟੇਪ ਦਾ ਅਧਿਕਾਰ ਪ੍ਰਾਪਤ ਅੰਤ ਸੀ ਜੋ ਉਸ ਸਮੇਂ ਵੰਡਿਆ ਗਿਆ। ਜਦੋਂ ਭਾਈ ਬ੍ਰਾਨਹਾਮ ਦ੍ਰਿਸ਼ ਤੋਂ ਚਲੇ ਗਏ, ਵਿਲੀਅਮ ਬ੍ਰਾਨਹਾਮ ਇਵੇਂਜ਼ਲਿਸਟਿਕ ਐਸੋਸੀਏਸ਼ਨ ਦੇ ਬੋਰਡ ਨੇ ਸਰਵਸੰਮਤੀ ਨਾਲ ਸਹਿਮਤ ਹੋ ਕੇ ਇਸ ਟੇਪ ਨੂੰ ਪ੍ਰਕਾਸ਼ਿਤ ਕੀਤਾ। ਭਾਈ ਬ੍ਰਾਨਹਾਮ ਦੀ ਜਿਹੜੀ ਅਗਲੀ ਅਵਾਜ਼ ਤੁਸੀਂ ਸੁਣਦੇ ਹੋ ਇਹ ਮੋਟਲ ਰੂਮ ਵਿੱਚ ਸੋਮਵਾਰ ਮਾਰਚ 25, 1963 ਦੀ ਹੈ।

377 ਇਹ ਇੱਕ ਵਧੀਆ ਗੱਲ ਹੋਵੇਗੀ ਕਿ ਉਹ ਇਹਦੇ ਬਾਰੇ ਵਿੱਚ ਕੁਝ ਨਹੀਂ ਜਾਣਦਾ, ਕਿਉਂਕਿ ਜੇ ਉਹ ਜਾਣਦਾ ਤਾਂ ਉਹ ਇਸਦੀ ਨਕਲ ਕਰ ਲੈਂਦਾ। ਕੰਮ ਕਰਨ ਵਿੱਚ ਇਹ ਹੀ ਉਸਦੀ ਚਲਾਕੀ ਅਥਵਾ ਛਲ ਛਿਦ੍ਰ ਹਨ।

378 ਇਸ ਲਈ ਇਸ ਤਰ੍ਹਾਂ ਪ੍ਰਮੇਸ਼ੁਰ ਨੇ ਇਸਨੂੰ ਦੁਨੀਆਂ ਤੋਂ ਛੁਪਾਉਣ ਲਈ ਬਣਾਇਆ ਹੈ, ਇੱਥੋਂ ਤੱਕ ਕਿ ਸੁਰਗ ਵਿੱਚ, ਇਸ ਨੂੰ ਸਮਝਣ ਦਾ ਕੋਈ ਢੰਗ ਨਹੀਂ ਹੈ, ਸਿਰਫ ਪ੍ਰਮੇਸ਼ੁਰ ਹੀ ਇਸਨੂੰ ਆਪ ਸਮਝਾਏਗਾ।



ਉਨ੍ਹਾਂ ਲਈ ਜਿਹੜੇ ਪਹਿਲਾਂ ਹੀ ਮਸੀਹ ਦੇ ਸੇਵਕ ਹਨ ਅੰਦਰ ਆ ਕੇ ਮਸੀਹ ਯਿਸੂ ਦੇ ਨਾਲ ਸੰਗਤੀ ਕਰਕੇ ਆਪਣੇ ਆਪ ਨੂੰ ਅਨੰਦ ਕਰਨ। ਅਤੇ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਇੱਥੇ ਸੱਭ ਦਾ ਸਵਾਗਤ ਹੈ।

25 ਅਤੇ ਹੁਣ, ਮੈਨੂੰ ਮਸ਼੍ਹ ਦੇ ਸਮੇਂ ਸੁਣੋ ਕਿ ਜੱਥੇਬੰਦੀਆਂ ਦੇ ਪਰਦੇ ਕਿਵੇਂ ਚੁੱਕਦਾ ਹਾਂ ਤਾਂ ਮੇਰਾ ਮਤਲਬ ਇਹ ਨਹੀਂ ਹੁੰਦਾ ਕਿ ਮੈਂ ਤੁਹਾਡੇ ਸੇਵਾਦਾਰ ਦੇ ਵਿਰੁੱਧ ਹਾਂ ਜਾਂ ਕਿਸੇ ਭਾਈ ਜਾਂ ਭੈਣ ਦੇ ਵਿਰੁੱਧ ਹਾਂ ਜੋ ਕਿ ਕਲੀਸਿਯਾ ਵਿੱਚ ਹੈ। ਕਿਉਂਕਿ ਇਹਦੇ ਬਾਦ ਵੀ ਖੁਦਾ ਦੇ ਕੋਲ ਲੋਕ ਹਨ ਜੋ ਹਰੇਕ ਮਿਸ਼ਨ ਵਿੱਚ ਹਨ। ਪ੍ਰੰਤੂ ਉਹ ਮਿਸ਼ਨ ਨੂੰ ਕਬੂਲ ਨਹੀਂ ਕਰਦਾ ਬਲਕਿ ਉਹ ਮਿਸ਼ਨ ਵਿੱਚ ਵਿਅਕਤੀਗਤ ਨੂੰ ਕਬੂਲ ਕਰਦਾ ਹੈ। ਅਤੇ ਇਹ ...ਮਿਸ਼ਨ ਨੂੰ ਨਹੀਂ ਲੈਂਦਾ ਹੈ।

26 ਇਸ ਲਈ ਜਦੋਂ ਲੋਕ ਜੱਥੇਬੰਦੀਆਂ ਵਿੱਚ ਇੰਨਾ ਬੱਝ ਜਾਂਦੇ ਹਨ ਕਿ ਫਿਰ ਉਹ ਕੁਝ ਨਹੀਂ ਦੇਖ ਸੱਕਦੇ ਹਨ ਸਿਵਾਏ ਇਹਦੇ ਜੋ ਚਰਚ ਕਹਿੰਦਾ ਹੈ। ਤੁਸੀਂ ਸਮਝੇ?ਅਤੇ ਇਹ ਦੂਸਰਿਆਂ ਨਾਲੋ ਸੰਗਤ ਤੋੜ ਦਿੰਦਾ ਹੈ ਅਤੇ ਇਹ ਇੱਕ ਪ੍ਰਣਾਲੀ ਹੈ ਜਿਹਦੇ ਤੋਂ ਖੁਦਾ ਖੁਸ਼ ਨਹੀਂ ਹੈ ਅਤੇ ਇਹ ਦੁਨੀਆਵੀ ਮਾਮਲਾ ਹੈ ਜੋ ਕਿ ਪ੍ਰਮੇਸ਼ੁਰ ਵਲੋਂ ਠਹਿਰਾਇਆ ਹੋਇਆ ਨਹੀਂ ਹੈ।

27 ਇਸ ਲਈ ਹੁਣ ਮੇਰਾ ਕਿਸੇ ਨਾਲ ਨਿੱਜੀ ਤੌਰ ਤੇ ਕੋਈ ਮਤਲਬ ਨਹੀਂ ਹੈ, ਕੈਥੋਲਿਕ ਯਹੂਦੀ ਜਾਂ ਜੋ ਕੁਝ ਵੀ ਹੋਵੇ ਜਾਂ ਮੈਥੋਡਿਸਟ, ਪ੍ਰੈਸਬਾਈਟੇਰੀਅਨ, ਕੋਈ ਵੀ ਜੱਥੇਬੰਦੀ ਜਾਂ ਗੈਰ ਜੱਥੇਬੰਦੀ ਜਾਂ ਗੈਰ ਡਿਨੋਮੀਨੇਸ਼ਨ ਚਰਚਾਂ ਵਿੱਚ ਪ੍ਰਮੇਸ਼ੁਰ ਦੇ ਆਪਣੇ ਬੱਚੇ ਉੱਥੇ ਮੌਜੂਦ ਹਨ। ਸਮਝੇ?ਅਤੇ ਬਹੁਤ ਵਾਰ ਮੈਂ ਪ੍ਰਤੀਤ ਕਰਦਾ ਹਾਂ ਕਿ ਉਹ ਉੱਥੇ ਕਿਸੇ ਮਕਸਦ ਲਈ ਹਨ ਕਿ ਰੋਸ਼ਨੀ ਫੈਲਾ ਕੇ ਜਿਹੜੇ ਪਹਿਲਾਂ ਤੋਂ ਠਹਿਰਾਏ ਹੋਏ ਹਨ ਉਨ੍ਹਾਂ ਨੂੰ ਸਾਰੇ ਪਾਸਿਆਂ ਤੋਂ ਹਰ ਸਥਾਨ ਤੋਂ ਖਿੱਚ ਕੇ ਲਿਆ ਸਕਣ ਅਤੇ ਉਸ ਮਹਾਨ ਦਿਨ ਵਿੱਚ, ਫਿਰ ਅਸੀਂ ਵੇਖਾਂਗੇ ਕਿ ਪ੍ਰਭੂ ਯਿਸੂ ਮਸੀਹ ਦੀ ਕਲੀਸਿਯਾ ਅਤੇ ਉਸ ਮਹਾਨ ਸੰਗਤ ਦੇ ਸਮੇਂ ਵਿੱਚ ਜਿਹੜੇ ਹਵਾ ਵਿੱਚ ਬੁਲਾਈ ਗਈ ਹੈ ਅਤੇ ਸੱਭ ਉਸ ਨਾਲ ਉੱਪਰ ਮਿਲਣ ਨੂੰ ਜਾਵਾਂਗੇ ਅਤੇ ਮੈਂ ਉਸ ਸਮੇਂ ਦੀ ਉਡੀਕ ਕਰ ਰਿਹਾ ਹਾਂ। ਹੁਣ ਇਹਦੇ ਬਾਰੇ ਵਿੱਚ ਬਹੁਤ ਕੁਝ ਕਿਹਾ ਜਾ ਸੱਕਦਾ ਹੈ।

28 ਅਤੇ ਅੱਜ ਰਾਤ, ਇਸ ਸਮਾਪਤੀ ਦੀ ਰਾਤ ਵਿੱਚ, ਜਿਵੇਂ ਕਿ ਅਕਸਰ ਹਰੇਕ ਇਸ ਚੰਗਾਈ ਸਭਾਵਾਂ ਵਿੱਚ, ਮੈਨੂੰ ਪਤਾ ਹੈ ਕਿ ਚੰਗਾਈ ਸਭਾਵਾਂ ਵਿੱਚ ਵੱਡੀਆਂ ਗੱਲਾਂ ਹੋਣ ਦੀ ਇੱਛਾ ਕਰਦਾ ਹੈ ਜਿਹਦੇ ਨਾਲ ਕਿ ਉਹ ਮਾਨਸਿਕ ਤਨਾਵ ਵਿੱਚ ਹੋ ਜਾਂਦੇ ਹਨ। ਅਤੇ ਹੁਣ ਅੱਜ ਰਾਤ ਮੈਂ ਇਹ ਹੀ ਵੇਖਦਾ ਹਾਂ ਕਿ ਹਰ ਕੋਈ ਇਸ ਉਮੀਦ ਵਿੱਚ ਹੈ ਕਿ ਵੇਖੇ ਕਿਸ ਤਰ੍ਹਾਂ ......ਅਤੇ ਹਰੇਕ ਰਾਤ ਉਨ੍ਹਾਂ ਮੋਹਰਾਂ ਦੇ ਖੁੱਲ੍ਹਣ ਤੇ ਇਸੇ ਤਰ੍ਹਾਂ ਹੀ ਸੀ।

29 ਹੁਣ ਮੈਂ ਇਹਨੂੰ ਸਪੱਸ਼ਟ ਕਰ ਦੇਣਾ ਚਾਹੁੰਦਾ ਹਾਂ, ਹਰੇਕ ਵਾਰ ਇਹ ਮੋਹਰਾਂ ਉਸ ਸਥਾਨ ਤੇ ਆ ਗਈਆਂ, ਹਰ ਵਾਰ ਮੈਂ ਜੋ ਉਨ੍ਹਾਂ ਤੇ ਵਿਸ਼ਵਾਸ਼ ਕੀਤਾ ਅਤੇ ਦੂਸਰਿਆਂ ਦੀਆਂ ਕਿਤਾਬਾਂ ਪੜ੍ਹੀਆਂ ਉਹ ਉਸ ਨਾਲੋਂ ਵੱਖਰਾ ਸੀ ਜੋ ਮੇਰੇ ਕਮਰੇ ਵਿੱਚ ਆਇਆ।

30 ਅਤੇ ਮੇਰਾ ਦਿਮਾਗ ਇਸ ਵੇਲੇ ......ਜਿਸ ਕਰਕੇ ਮੈਂ ਅੱਜ ਸਵੇਰ ਇਹ ਚੰਗਾਈ ਦੀ ਬੰਦਗੀ ਰੱਖੀ ਹੈ ਕਿਉਂਕਿ ਮੇਰਾ ਮਨੁੱਖੀ ਦਿਮਾਗ ਮੇਰੇ ਆਪਣੇ ਸੋਚਣ ਦੇ ਢੰਗ ਤੋਂ ਭਿੰਨ ਹੋ ਗਿਆ

ਹੈ। ਮੈਂ ਕੋਸ਼ਿਸ਼ ਕੀਤੀ ਕਿ ਮੈਂ ਰਹਾਂ --ਕਮਰੇ ਵਿੱਚ ਪਰਦੇ ਲਗਾ ਕੇ ਅਤੇ ਬੱਤੀ ਜਲਾ ਕੇ ਇਹ ਮੇਰਾ ਅੱਠਵਾਂ ਦਿਨ ਹੈ। ਇੱਥੋਂ ਤੱਕ ਕਿ ਮੈਂ ਆਪਣੀ ਕਾਰ ਵਿੱਚ ਵੀ ਨਹੀਂ ਬੈਠਿਆ ਕਿ ਕਿਤੇ ਜਾਵਾਂ।

31 ਮੈਂ ਕੁਝ ਭਾਈਆਂ ਦੇ ਨਾਲ ਬੈਂਕ ਜਾਣਾ ਸੀ ਕਿ ਕੁਝ ਕਾਗਜ਼ਾਂ ਆਦਿ ਤੇ ਹਸਤਾਖਰ ਕਰਾਂ ਉਨ੍ਹਾਂ ਪੈਸਿਆਂ ਅਤੇ ਚੀਜ਼ਾਂ ਤੇ ਜੋ ਕਿ ਅਸੀਂ ਇਸ ਭਵਨ ਲਈ ਉਧਾਰ ਲਈਆਂ ਹਨ। ਪ੍ਰੰਤੂ ਮੈਂ ਸਿੱਧਾ ਵਾਪਸ ਆਇਆ ਅਤੇ ਅਧਿਐਨ ਵਿੱਚ ਲੱਗ ਗਿਆ।

32 ਅਤੇ ਇਹ ਹੈਰਾਨੀ ਦੀ ਗੱਲ ਹੈ ਇੱਕ ਵੀ ਆਦਮੀ ਨੇ ਕੁਝ ਨਹੀਂ ਕਿਹਾ। ਜਾਂ ਆਮ ਤੋਰ ਤੇ ਉਹ ਖੜਕਾਉਂਦੇ ਹਨ ਅਤੇ ਬਾਹਰ ਬੁਲਾਉਂਦੇ ਹਨ ਅਤੇ ਚਾਰੇ ਪਾਸੇ। ਇੱਕ ਵੀ ਇਸ ਤਰ੍ਹਾਂ ਦੀ ਗੱਲ ਨਹੀਂ ਹੋਈ, ਇਹ ਅਜੀਬ ਵਾਕਿਆ ਹੈ।

33 ਮੈਂ ਭਾਈ ਵੁਡਸ ਦੇ ਘਰ ਖਾਣਾ ਖਾ ਰਿਹਾ ਸੀ। ਜਿਆਦਾਤਰ ਉਹ ਜਗ੍ਹਾ ਕਾਰਾਂ ਨਾਲ ਭਰੀ ਰਹਿੰਦੀ ਹੈ। ਅਤੇ ਉਨ੍ਹਾਂ ਦੇ ਘਰ ਇਸ ਸਮੇਂ ਅੱਠ ਜਾਂ ਦਸ ਲੋਕ ਆ ਕੇ ਠਹਿਰਣ ਵਾਲੇ ਸਨ ਪਰ ਉਨ੍ਹਾਂ ਵਿੱਚੋਂ ਕੋਈ ਵੀ ਨਹੀਂ ਆਇਆ।

34 ਫਿਰ ਇਸ ਸਵੇਰ, ਮੈਂ ਕਦੇ ਵੀ ਇਸ ਸਵੇਰ ਨੂੰ ਨਹੀਂ ਭੁੱਲਾਂਗਾ, ਸਾਡੇ ਮੁਕਤੀਦਾਤੇ ਦੀ ਉਸਦੇ ਥੱਕੇ ਅਤੇ ਟੁੱਟੇ ਸੇਵਕ ਲਈ ਕਿਰਪਾ, ਜਦ ਮੈਂ ਉਸ ਬੇਚਾਰੇ ਦੇ ਪ੍ਰਸ਼ਨ ਦਾ ਜਵਾਬ ਆਪਣੀ ਪੂਰੀ ਸਮਝ ਨਾਲ ਦੇ ਰਿਹਾ ਸੀ, ਇਹ ਸੋਚਦੇ ਹੋਏ ਕਿ ਮੈਂ ਠੀਕ ਕੀਤਾ ਹੈ ਅਤੇ ਅਚਾਨਕ ਜਿਵੇਂ ਕਿਸੇ ਬੱਚੇ ਕੋਲੋਂ ਕੁਝ ਖੋਹ ਲਿਆ ਜਾਵੇ ਮੈਂ ਦੋਸ਼ੀ ਜਿਹਾ ਹੋ ਗਿਆ, ਮੈਨੂੰ ਨਹੀਂ ਪਤਾ ਲੱਗਾ ਕਿ ਇਹ ਕੀ ਸੀ। ਅਤੇ ਮੈਂ ਸੋਚਿਆ ਕਿ ਮੈਂ ਚੰਗਾਈ ਦੀ ਸੰਗਤੀ ਲਈ ਕੋਸ਼ਿਸ਼ ਕਰ ਰਿਹਾ ਹਾਂ, ਹੋ ਸੱਕਦਾ ਹੈ ਕਿ ਕੋਈ ਬੁਰੀ ਤਰ੍ਹਾਂ ਬਿਮਾਰ ਹੋਵੇ ਕਿ ਜਿਹਦੇ ਲਈ ਹੁਣੇ ਦੁਆ ਕਰਨੀ ਹੋਵੇ ਅਤੇ ਮੈਂ ਸੰਗਤ ਕੋਲੋਂ ਪੁੱਛਿਆ। ਅਤੇ ਕੁਝ ਹੀ ਪਲਾਂ ਵਿੱਚ ਇਹ ਪ੍ਰਗਟ ਹੋ ਗਿਆ ਅਤੇ ਕਿਸੇ ਨੇ ਕਿਹਾ ਸੀ, "ਕੀ ਤੁਸੀਂ ਆਪਣਾ ਉਹ ਨਹੀਂ ਪੜ੍ਹੋਗੇ -ਆਪਣਾ ਵਿਸ਼ਾ ਪੜ੍ਹੋ। " ਜਾਂ ਇਸੇ ਤਰ੍ਹਾਂ ਕੁਝ। ਅਤੇ ਫਿਰ ਮੈਂ ਆਪਣਾ ਛੋਟਾ ਜਿਹਾ ਕਾਗਜ਼ ਦਾ ਟੁਕੜਾ ਹਟਾਇਆ ਅਤੇ ਉਸਨੂੰ ਫਿਰ ਪੜ੍ਹਿਆ, ਵੇਖਣ ਲਈ ਕਿ ਉੱਥੇ ਕੀ ਲਿਖਿਆ ਹੋਇਆ ਹੈ ਅਤੇ ਫਿਰ ਕਿਤਾਬ ਤੇ ਵੇਖਿਆ, ਜਿਸ ਸਵਾਲ ਦਾ ਮੈਂ ਜਵਾਬ ਦੇ ਰਿਹਾ ਸੀ ਉੱਥੇ ਤਾਂ ਉਹ ਬਿਲਕੁੱਲ ਵੱਖ ਸੀ। ਸਮਝੇ?

35 ਹੁਣ ਮੈਂ ਤੁਹਾਨੂੰ ਇਹ ਦੱਸ ਦਿਆਂ। ਜਦੋਂ ਉਹ ਅਲੋਕਿਕ ਅੰਦਰ ਆਉਂਦਾ ਹੈ ਉਹ ਮਸੀਹ ਦਾ ਸੁਭਾਅ ਹੈ। ਤੁਸੀਂ ਆਪਣੇ ਵਿਚਾਰਾਂ ਤੋਂ ਦੂਰ ਚਲੇ ਜਾਂਦੇ ਹੋ ਜਦੋਂ ਤੱਕ ਤੁਸੀਂ ਆਪਣੇ ਦਿਮਾਗ ਵਿੱਚ ਹੋ, ਮੈਂ .....ਇਹ ਤੁਸੀਂ ....ਮੈਂ ਇਹ ਨਹੀਂ ਕਰ ਸੱਕਦਾ, ਕੋਈ ਵੀ ਇਹਨੂੰ ਨਹੀਂ ਕਰ ਸੱਕਦਾ।

36 ਕਿਵੇਂ ਉਹ ਮਨੁੱਖ ਏਲੀਯਾਹ ਉੱਥੇ ਪਹਾੜ ਤੇ ਪ੍ਰਮੇਸ਼ੁਰ ਦੀ ਹਜ਼ੂਰੀ ਵਿੱਚ ਖੜ੍ਹਾ ਹੋ ਕੇ ਅੱਗ ਹੇਠਾਂ ਲਿਆਏ ਅਤੇ ਫਿਰ ਅੱਗ ਤੋਂ ਬਾਦ ਵਰਖਾ ਅਤੇ ਫਿਰ ਅਕਾਸ਼ ਨੂੰ ਬੰਦ ਕਰ ਦੇਵੇ ਅਤੇ ਸਾਢੇ ਤਿੰਨ ਸਾਲ ਵਰਖਾ ਨਹੀਂ ਹੋਈ ਅਤੇ ਪਿੱਛੇ ਜਾ ਕੇ ਉਸੇ ਦਿਨ ਵਰਖਾ ਬੁਲਾ ਲਈ। ਅਤੇ ਉਸੇ ਮਸ੍ਹਾ ਹੇਠ ਕਿਵੇਂ .....ਚਾਰ ਸੋ ਨਬੀਆਂ ਨੂੰ ਮਾਰਿਆ ਅਤੇ ਫਿਰ ਇੱਕ ਜਨਾਨੀ ਦੀ ਧਮਕੀ ਤੇ ਆਪਣੇ ਜੀਵਨ ਲਈ ਦੁਹਾਈ ਦਿੱਤੀ ਅਤੇ ਜੰਗਲ ਨੂੰ ਭੱਜ ਗਿਆ। ਸਮਝੇ? ਈਜ਼ਬਲ, ਉਸ ਨੇ ਸਹੁੰ ਖਾਧੀ ਸੀ ਕਿ ਉਹ ਉਸਦੀ ਜ਼ਿੰਦਗੀ ਖਤਮ ਕਰ ਦੇਵੇਗੀ। ਜਦੋਂ ਅਹਾਬ ਅਤੇ ਉਹ ਸੱਭ ਉੱਥੇ ਸਨ ਕਿ



366 ਮੈਂ ਉਨ੍ਹਾਂ ਲਈ ਦੁਆ ਕਰਦਾ ਹਾਂ ਜੋ ਟੇਪ ਦੁਆਰਾ ਸੰਦੇਸ਼ ਸੁਣਨਗੇ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਜਦੋਂ ਇਹ ਘਰਾਂ ਵਿੱਚ ਅਤੇ ਬਹੁਤ ਸਾਰੀਆਂ ਥਾਵਾਂ ਵਿੱਚ ਬਹੁਤ ਸਾਰੇ ਅਵਿਸ਼ਵਾਸ਼ੀਆਂ ਦੇ ਹੱਥਾਂ ਵਿੱਚ ਜਾਣ, ਪ੍ਰੰਤੂ ਪਿਤਾ ਮੈਂ ਇਹਨਾਂ ਵਿੱਚੋਂ ਹਰ ਇੱਕ ਲਈ ਦੁਆ ਕਰਦਾ ਹਾਂ, ਇਸ ਤੋਂ ਪਹਿਲਾਂ ਕਿ ਉਹ ਕੋਈ ਮਾੜਾ ਸ਼ਬਦ ਬੋਲਣ ਅਜਿਹਾ ਹੋਵੇ ਕਿ ਉਹ ਪਹਿਲਾਂ ਬੈਠ ਕੇ ਅਤੇ ਵਚਨ ਵਿੱਚ ਲੱਭਣ ਜਿਹਦੇ ਦੁਆਰਾ ਕਿਹਾ ਗਿਆ ਹੈ ਅਤੇ ਫਿਰ ਤੈਨੂੰ ਕਹਿਣ। ਉਹ ਜੋ ਅਸਲ ਵਿੱਚ ਇਮਾਨਦਾਰ ਹਨ ਅਤੇ ਜਾਨਣਾ ਚਾਹੁੰਦੇ ਹਨ ਕਿ ਇਹ ਸੱਚ ਹੈ ਜਾਂ ਨਹੀਂ। ਮੈਂ ਉਨ੍ਹਾਂ ਵਿੱਚੋਂ ਹਰ ਇੱਕ ਲਈ ਦੁਆ ਕਰਦਾ ਹਾਂ।

367 ਮੈਂ ਉਹਨਾਂ ਲਈ ਜਿਹੜੇ ਕੰਧਾਂ ਦੇ ਨਾਲ ਖੜ੍ਹੇ ਹਨ, ਜਿਹੜੇ ਬਾਹਰ ਖੜ੍ਹੇ ਹਨ, ਜਿਹੜੇ ਆਪਣੀਆਂ ਕਾਰਾਂ ਵਿੱਚ ਛੋਟੇ ਬੱਚਿਆਂ ਲਈ ਬੈਠੇ ਹਨ ਅਤੇ ਉਹ ਸੱਭ ਜੋ ਅੰਦਰ ਹਨ, ਉਨ੍ਹਾਂ ਲਈ ਦੁਆ ਕਰਦਾ ਹਾਂ। ਅਤੇ ਪ੍ਰਭੂ ਮੈਂ ਉਹਨਾਂ ਸਭਨਾਂ ਲਈ ਦੁਆ ਕਰਦਾ ਹਾਂ।

368 ਮੈਂ ਦੁਆ ਕਰਦਾ ਹਾਂ ਕਿ ਮੇਰੀ ਦੁਆ ਦਾ ਜਵਾਬ ਇਹਨਾਂ ਸਭਨਾਂ ਨੂੰ ਬਰਕਤ ਦੇਣ ਦੇ ਰਾਹੀਂ ਦਿੱਤਾ ਜਾਵੇਗਾ। ਪ੍ਰਭੂ, ਪਹਿਲਾਂ ਇਹਨਾਂ ਸਭਨਾਂ ਨੂੰ ਅਨੰਤ ਜੀਵਨ ਦੇਹ। ਮੈਂ ਦੁਆ ਕਰਦਾ ਹਾਂ ਕਿ ਇਹਨਾਂ ਵਿੱਚੋਂ ਇੱਕ ਵੀ ਨਸ਼ਟ ਨਾ ਹੋਵੇ, ਇੱਕ ਵੀ ਨਹੀਂ।

369 ਅਤੇ ਹੁਣ ਪਿਤਾ, ਅਸੀਂ ਨਹੀਂ ਜਾਣਦੇ ਇਹ ਮਹਾਨ ਘਟਨਾ ਕਦੋਂ ਘਟੇਗੀ। ਪ੍ਰੰਤੂ ਜਦੋਂ ਅਸੀਂ ਇਨਾਂ ਚਿੰਨ੍ਹਾਂ ਨੂੰ ਪ੍ਰਗਟ ਹੁੰਦੇ ਵੇਖਦੇ ਹਾਂ ਅਤੇ ਇਹ ਵਚਨ ਦੇ ਅਨੁਸਾਰ ਹੋ ਰਹੇ ਹਨ ਤਾਂ ਸਾਡੇ ਦਿਲ ਚੇਤਾਵਨੀ ਨਾਲ ਉੱਛਲਦੇ ਹਨ। ਅਤੇ ਪਿਤਾ ਪ੍ਰਮੇਸ਼ੁਰ ਮੈਂ ਬੇਨਤੀ ਕਰਦਾ ਹਾਂ ਕਿ ਤੂੰ ਸਾਡੀ ਮੱਦਦ ਕਰ।

370 ਮੈਂ ਬੇਨਤੀ ਕਰਦਾ ਹਾਂ ਕਿ ਤੂੰ ਸਾਡੇ ਪਿਆਰੇ ਪਾਦਰੀ ਭਾਈ ਨੇਵਿਲ ਦੀ ਸਹਾਇਤਾ ਕਰ। ਪ੍ਰਭੂ ਉਸਨੂੰ ਕਿਰਪਾ ਅਤੇ ਸ਼ਾਂਤੀ ਅਤੇ ਸਮਝ ਨਾਲ ਭਰ ਦੇ ਤਾਂ ਕਿ ਉਹ ਜਮਾਂ ਕੀਤੇ ਭੋਜਨ ਨੂੰ ਲੈ ਕੇ ਪ੍ਰਮੇਸ਼ੁਰ ਦੇ ਲੇਲਿਆਂ ਨੂੰ ਖੁਆਏ।

371 ਅਤੇ ਦੁਆ ਹੈ ਕਿ ਰੋਗਾਂ ਨੂੰ ਸਾਡੇ ਵਿੱਚੋਂ ਕੱਢ ਦੇ। ਇੰਝ ਹੋਵੇ ਕਿ ਜਦ ਕਦੇ ਲੋਕ ਬਿਮਾਰ ਹੋਣ ਤਾਂ ਉਹ ਮੌਜੂਦ ਅਤੇ ਪ੍ਰਭੂ ਯਿਸੂ ਮਸੀਹ ਦਾ ਲਹੂ ਜੋ ਜਗਵੇਦੀ ਤੇ ਹਮੇਸ਼ਾਂ ਪ੍ਰਾਸ਼ਚਿਤ ਲਈ ਪ੍ਰਾਪਤ ਹੈ ਨੂੰ ਯਾਦ ਰੱਖਣ। ਅਤੇ ਮੇਰੀ ਦੁਆ ਹੈ ਕਿ ਉਹ ਉਸੇ ਵੇਲੇ ਚੰਗੇ ਹੋ ਜਾਣ।

372 ਅਤੇ ਦੁਆ ਕਰਦਾ ਹਾਂ ਕਿ ਤੂੰ ਸ਼ੈਤਾਨ ਦੀ ਤਾਕਤ ਨੂੰ ਉਨ੍ਹਾਂ ਤੋਂ ਦੂਰ ਰੱਖ ਕਿ ਉਹ ਹੋਸਲਾ ਨਾ ਛੱਡਣ ਜਾਂ ਕੋਈ ਉਨ੍ਹਾਂ ਕੋਲੋਂ ਅਕੀਦਾ ਨਾ ਬਣਵਾਏ .......ਪ੍ਰਭੂ, ਵੈਰੀ ਦੀਆਂ ਸਾਰੀਆਂ ਸ਼ਕਤੀਆਂ ਨੂੰ ਉਨ੍ਹਾਂ ਤੋਂ ਲਾਂਭੇ ਰੱਖ। ਤੂੰ ਆਪਣੇ ਵਚਨ ਲਈ ਸਾਨੂੰ ਪਵਿੱਤਰ ਕਰ। ਪ੍ਰਭੂ ਇਹ ਬਖਸ਼ ਦੇ।

373 ਤਦ, ਪ੍ਰਭੂ ਮੈਂ ਬੇਨਤੀ ਕਰਦਾ ਹਾਂ ਕਿ ਤੂੰ ਮੇਰੀ ਸਹਾਇਤਾ ਕਰੇਂਗਾ। ਮੈਂ-ਮੈਂ-ਮੈਂ, ਪ੍ਰਭੂ ਖਤਮ ਹੋ ਰਿਹਾ ਹਾਂ। ਮੈਂ ਜਾਣਦਾ ਹਾਂ ਕਿ ਮੇਰੇ ਦਿਨ ਬਹੁਤ ਜਿਆਦਾ ਨਹੀਂ ਹਨ, ਅਤੇ ਮੈਂ ਦੁਆ ਕਰਦਾ ਹਾਂ ਕਿ ਤੂੰ ਮੇਰੀ ਮੱਦਦ ਕਰ। ਮੈਨੂੰ ਸੱਚਾ, ਇਮਾਨਦਾਰ ਅਤੇ ਨਿਸ਼ਕਪਟ ਰਹਿਣ ਲਈ ਕਿਰਪਾ ਦੇ ਤਾਂ ਕਿ ਮੈਂ ਵਚਨ ਦੀ ਗਵਾਹੀ ਦੇ ਸਕਾਂ ਜਿੱਥੇ ਕਿਤੇ ਤੂੰ ਠਹਿਰਾਇਆ ਹੋਇਆ ਹੈ ਕਿ ਮੈਂ ਗਵਾਹੀ

ਮੈਂ ਉਸਦੇ ਨਾਲ ਪਿਆਰ ਕਰਦਾ ਹਾਂ ਮੈਂ ਉਸਦੇ ਨਾਲ ਪਿਆਰ ਕਰਦਾ ਹਾਂ
ਕਿਉਂਕਿ ਪਹਿਲਾਂ ਉਹਨੇ ਮੇਰੇ ਨਾਲ ਪਿਆਰ ਕੀਤਾ
ਅਤੇ ਮੇਰੀ ਮੁਕਤੀ ਨੂੰ ਕਲਵਰੀ ਦੇ ਰੁੱਖ ਉੱਤੇ ਖਰੀਦ ਲਿਆ।

359 ਖੁਦਾ ਦੀ ਵਡਿਆਈ ਹੋਵੇ!ਕੀ ਹਰ ਕੋਈ ਚੰਗੀ ਤਰ੍ਹਾਂ ਸਮਝ ਗਿਆ ਹੈ?[ਸੰਗਤ ਆਖਦੀ ਹੈ, " ਆਮੀਨ। "-ਸੰਪਾ]ਕੀ ਸਾਰੇ ਪ੍ਰਤੀਤ ਕਰਦੇ ਹਨ["ਆਮੀਨ। "]ਯਾਦ ਕਰੋ ਜਦੋਂ ਮੈਂ ਪਹਿਲਾਂ ਸ਼ੁਰੂ ਕੀਤਾ ਸੀ, "ਕਿਹਨੇ ਸਾਡੀ ਪ੍ਰਤੀਤ ਕੀਤੀ ?ਅਤੇ ਯਹੋਵਾਹ ਦੀ ਬਾਂਹ ਕਿਹਦੇ ਤੇ ਪ੍ਰਗਟ ਹੋਈ? ਕੀ ਉਸਨੇ ਤੁਹਾਡੇ ਉੱਤੇ ਆਪਣੀ ਕਿਰਪਾ ਅਤੇ ਭਲਾਈ ਪ੍ਰਗਟ ਕੀਤੀ?["ਆਮੀਨ। "]ਆਮੀਨ। ਬਸ ਯਾਦ ਰੱਖਓ, ਉਸ ਨਾਲ ਆਪਣੇ ਪੂਰੇ ਦਿਲ ਨਾਲ ਪਿਆਰ ਕਰੋ।

360 ਹੁਣ ਮੈਂ ਘਰ ਵਾਪਸ ਜਾ ਰਿਹਾ ਹਾਂ। ਮੈਂ ਇੱਥੈ ਫਿਰ ਵਾਪਸ ਆਵਾਂਗਾ ਜੇ ਪ੍ਰਭੂ ਨੇ ਚਾਹਿਆ ਤਾਂ ਲੱਗ ਭੱਗ ਪਹਿਲੀ ਜੂਨ ਨੂੰ।

361 ਹੋ ਸੱਕਦਾ ਹੈ, ਜੇ ਪ੍ਰਭੂ ਨੇ ਮੇਰੇ ਦਿਲ ਵਿੱਚ ਪਾਇਆ, ਗਰਮੀਆਂ ਦੇ ਸ਼ੁਰੂ ਵਿੱਚ ਜਿਵੇਂ ਜੂਨ ਜਾਂ ਇਸੇ ਤਰ੍ਹਾਂ, ਹੋ ਸੱਕਦਾ ਹੈ ਜੇ ਪ੍ਰਭੂ ਦੇਰ ਕਰੇ ਤਾਂ ਬਰਫ ਡਿੱਗਣ ਤੋਂ ਪਹਿਲਾਂ, ਮੈਂ ਵਾਪਸ ਆਉਣਾ ਚਾਹਾਂਗਾ ਅਤੇ ਆਖਰੀ ਸੱਤਾਂ ਤੁਰੀਆਂ ਲਈ, ਦੂਸਰੀਆਂ ਸੱਤ ਰਾਤਾਂ ਤਹਿ ਕਰਾਂਗਾ। ਕੀ ਤੁਸੀਂ ਇਹਨੂੰ ਪਸੰਦ ਕਰੋਗੇ?ਕੀ ਤੁਸੀਂ ਪਸੰਦ ਕਰੋਗੇ? [ਸੰਗਤ ਆਖਦੀ ਹੈ, " ਆਮੀਨ। "-ਸੰਪਾ] ਕੀ ਤੁਸੀਂ ਮੇਰੇ ਲਈ ਦੁਆ ਕਰੋਗੇ ਕਿ ਪ੍ਰਮੇਸ਼ੁਰ ਮੇਰੀ ਸਹਾਇਤਾ ਕਰੇ ["ਆਮੀਨ। "] ਠੀਕ ਹੈ।

362 ਜਦ ਤੱਕ ਮੈਂ ਤੁਹਾਨੂੰ ਦੁਬਾਰਾ ਨਾ ਮਿਲਾਂ ਇਸ ਪੁਰਾਣੇ ਵਧੀਆ ਗੀਤ ਨੂੰ ਯਾਦ ਰੱਖੋ।

ਮੈਂ ਉਸਦੇ ਨਾਲ ਪਿਆਰ ਕਰਦਾ ਹਾਂ ਮੈਂ ਉਸਦੇ ਨਾਲ ਪਿਆਰ ਕਰਦਾ ਹਾਂ
ਕਿਉਂਕਿ ਪਹਿਲਾਂ ਉਹਨੇ ਮੇਰੇ ਨਾਲ ਪਿਆਰ ਕੀਤਾ
ਅਤੇ ਮੇਰੀ ਮੁਕਤੀ ਨੂੰ ਕਲਵਰੀ ਦੇ ਰੁੱਖ ਉੱਤੇ ਖਰੀਦ ਲਿਆ।

363 ਹੁਣ, ਮੈਂ ਚਾਹੁਦਾ ਹਾਂ ਕਿ ਤੁਸੀਂ ਆਪਣੇ ਸਿਰਾਂ ਨੂੰ ਝੁਕਾਓ। ਮੈਂ ਤੁਹਾਡੇ ਲਈ ਬੇਨਤੀ ਕਰਨਾ ਚਾਹੁੰਦਾ ਹਾਂ। ਇਸ ਤੋਂ ਪਹਿਲਾਂ ਕਿ ਪਾਦਰੀ ਤੁਹਾਨੂੰ ਵਿਦਾ ਕਰੇ ਮੈਂ ਤੁਹਾਡੇ ਲਈ ਦੁਆ ਕਰਨੀ ਚਾਹੁੰਦਾ ਹਾਂ।

364 ਸਾਡੇ ਸੁਰਗੀ ਪਿਤਾ, ਹੋਣ ਦੇ ਪ੍ਰਭੂ ਕਿ ਲੋਕ ਸਮਝ ਜਾਣ, ਮੈਂ ਸਮਝਦਾ ਹਾਂ ਕਿ ਕੁਝ ਹੈ ਜੋ ਉਹ ਨਹੀਂ ਸਮਝਦੇ। ਪ੍ਰੰਤੂ ਪਿਤਾ, ਹੋਣ ਦੇ ਕਿ ਉਹ ਮਕਸਦ ਨੂੰ ਜਾਨਣ, ਅਤੇ ਕਾਸ਼ ਕਿ ਉਹ ਸਮਝਣ ਕਿ ਇਹ ਉਨ੍ਹਾਂ ਤੇ ਤੇਰੀ ਕਿਰਪਾ ਹੈ ਕਿ ਇਹ ਗੱਲਾਂ ਪ੍ਰਗਟ ਕੀਤੀਆਂ ਗਈਆਂ ਹਨ। ਅਤੇ ਪ੍ਰਭੂ ਇਹਨਾਂ ਗੱਲਾਂ ਲਈ ਜਿਹੜੀਆਂ ਤੂੰ ਸਾਡੇ ਤੇ ਪ੍ਰਗਟ ਕੀਤੀਆਂ ਹਨ ਇਹਨਾਂ ਦੇ ਗਿਆਨ ਲਈ, ਮੈਂ ਤੇਰਾ ਧੰਨਵਾਦ ਕਰਨਾ ਚਾਹੁੰਦਾ ਹਾਂ।

365 ਅਤੇ ਮੈਂ ਹਰੇਕ ਜੋ ਇੱਥੇ ਹੈ, ਹਰੇਕ ਜਿਹਨੇ ਸੰਗਤੀਆਂ ਵਿੱਚ ਹਿੱਸਾ ਲਿਆ ਹੈ, ਉਨ੍ਹਾਂ ਲਈ ਦੁਆ ਕਰਦਾ ਹਾਂ। ਜੇ ਕੋਈ ਇੱਥੇ ਅਜਿਹਾ ਹੈ ਜੋ ਪ੍ਰਤੀਤ ਨਾ ਕਰਦਾ ਹੋਵੇ, ਪ੍ਰਭੂ ਹੋਣ ਦੇ ਕਿ ਉਹ ਪ੍ਰਤੀਤ ਕਰਨ ਵਾਲਾ ਹੋ ਜਾਵੇ।



ਪ੍ਰਮੇਸ਼ੁਰ ਦੀ ਹਜ਼ੂਰੀ ਨੂੰ ਵੇਖਣ ਅਤੇ ਮਹਾਨ ਚਮਤਕਾਰ ਹੋਇਆ। ਵੇਖਿਆ ਉਸਦਾ ......ਆਤਮਾ ਉਸਨੂੰ ਛੱਡ ਗਿਆ ਸੀ। ਆਪਣੇ ਸ਼ਰੀਰਕ ਢੰਗ ਵਿੱਚ ਉਹਨੂੰ ਪਤਾ ਨਹੀਂ ਲੱਗਾ ਕਿ ਕਿਵੇਂ ਸੋਚੇ। ਸਮਝੇ? ਉਹ ਆਪਣੇ ਲਈ ਨਹੀਂ ਸੋਚ ਸਕਿਆ ਸੀ।

37 ਅਤੇ ਯਾਦ ਰੱਖੋ, ਸਵਰਗ ਦੂਤ ਨੇ ਉਸਨੂੰ ਨੀਂਦ ਵਿੱਚ ਸੁਲਾ ਦਿੱਤਾ ਅਤੇ ਉਸਨੂੰ ਅਰਾਮ ਦਿੱਤਾ। ਉਸਨੂੰ ਜਗਾਇਆ ਅਤੇ ਉਸਨੂੰ ਰੋਟੀ ਦਿੱਤੀ ਅਤੇ ਫਿਰ ਨੀਂਦ ਵਿੱਚ ਪਾ ਦਿੱਤਾ। ਅਸੀਂ ਨਹੀਂ ਜਾਣਦੇ ਚਾਲੀ ਦਿਨਾਂ ਤੱਕ ਉਸਨੂੰ ਕੀ ਹੋਇਆ। ਫਿਰ ਉਸਨੂੰ ਕਿਤੇ ਕਿਸੇ ਗੁਫਾ ਵਿੱਚ ਲਿਜਾਇਆ ਗਿਆ ਜਿੱਥੇ ਖੁਦਾ ਨੇ ਉਸਨੂੰ ਬੁਲਾਇਆ।

38 ਅਲੋਕਿਕ ਦੀ ਵਿਆਖਿਆ ਕਰਨ ਦਾ ਯਤਨ ਨਾ ਕਰੋ ; ਤੁਸੀਂ ਇਸ ਤਰ੍ਹਾਂ ਨਹੀਂ ਕਰ ਸੱਕਦੇ ਹੋ। ਸਮਝੇ?ਸਿਰਫ ਇੱਕ ਕੰਮ ਕਰਨ ਲਈ ਹੈ ਕਿ ਅੱਗੇ ਵੱਧਦੇ ਜਾਓ। ਅਤੇ ਜਿੱਥੋਂ ਤੱਕ ਹੋ ਸੱਕਦਾ ਹੈ ਮੈਂ ਆਪਣੇ ਆਪ ਨੂੰ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ ਹੈ ; ਪ੍ਰੰਤੂ ਮੈਂ ਇਹ ਸੋਚਦਾ ਹਾਂ ਕਿ ਮੈਂ ਇਹ ਕਰਨ ਦਾ ਫਿਰ ਯਤਨ ਨਹੀਂ ਕਰਾਂਗਾ। ਤੁਸੀਂ ਬਸ ਪੂਰੀ ਤਰ੍ਹਾਂ ਨਿਹਚਾ ਕਰੋ ਜਾਂ ਨਾ, ਅਤੇ ਹੁਣ, ਤੁਸੀਂ ਇਸ ਨੂੰ ਥੋੜੀ ਦੇਰ ਬਾਦ ਸਮਝੋਗੇ ਕਿਉਂ। ਹੁਣ, ਮੈਂ ਇਮਾਨਦਾਰ ਰਹਿਣ ਦੀ ਕੋਸ਼ਿਸ਼ ਕੀਤੀ ਹੈ। ਪ੍ਰਮੇਸ਼ੁਰ ਇਸਨੂੰ ਜਾਣਦਾ ਹੈ।

39 ਅਤੇ ਇਸ ਸਵੇਰ ਉਹ ਪ੍ਰਸ਼ਨ, ਮੈਂ ਪੂਰੀ ਇਮਾਨਦਾਰੀ ਨਾਲ ਪ੍ਰਸ਼ਨ ਦਾ ਉੱਤਰ ਦੇਣ ਦੀ ਕੋਸ਼ਿਸ਼ ਕਰ ਰਿਹਾ ਸੀ ਜਿੰਨਾ ਵੀ ਮੈਂ ਜਾਣਦਾ ਹਾਂ। ਅਤੇ ਮੈਂ ਬਾਬ ਦਾ ਪਹਿਲਾ ਹਿੱਸਾ ਪੜ੍ਹਿਆ ਅਤੇ ਉਹ ਇਹ ਸੀ .....ਠੀਕ ਨਹੀਂ ਹੋਵੇਗਾ। ਪ੍ਰੰਤੂ ਪਵਿੱਤਰ ਆਤਮਾ ਮੇਰੇ ਦਿਮਾਗ ਨੂੰ ਸਮਝ ਰਿਹਾ ਸੀ .....ਵੇਖੋ, ਆਖਰੀ ਦੋ ਤਿੰਨ ਦਿਨਾਂ ਤੋਂ ਕੀ ਵਾਪਰ ਰਿਹਾ ਹੈ। ਵੇਖਿਆ, ਮੈਂ ਸੱਤ ਹਜ਼ਾਰ ਨੂੰ ਸੱਤ ਸੋ ਕਿਹਾ। ਅੱਜ ਸਵੇਰ ਮੈਂ ਯਤਨ ਕਰ ਰਿਹਾ ਸੀ, ਇਹ ਲੋਕਾਂ ਰਾਹੀਂ ਫੜ ਲਿਆ ਗਿਆ, ਇਸ ਤੋਂ ਇਹ ਪਤਾ ਲੱਗਦਾ ਹੈ ਕਿ ਤੁਸੀਂ ਧਿਆਨ ਦੇ ਰਹੇ ਹੋ। ਹੁਣ ਦੂਸਰਾ, ਜਿੱਥੇ ਮੈਂ "ਕਬੂਤਰ" ਕਹਿਣਾ ਚਾਹੁੰਦਾ ਸੀ, ਮੈਂ ਇਹਨੂੰ "ਲੇਲਾ " ਕਹਿ ਦਿੱਤਾ ਪ੍ਰੰਤੂ ਮੈਂ ਓਸੇ ਵੇਲੇ ਫੜ੍ਹਿਆ ਗਿਆ। ਅਤੇ ਫਿਰ ਇੱਥੇ ਮੈਂ ਨਹੀਂ ਪਕੜ ਸਕਿਆ ਅਤੇ ਪਵਿੱਤਰ ਆਤਮਾ ਮੈਨੂੰ ਮੋੜ ਕੇ ਫਿਰ ਇਸ ਤੇ ਲੈ ਕੇ ਆਇਆ।

40 ਇਹ ਦੂਹਰਾ ਸਬੂਤ ਹੋ ਗਿਆ ਕਿ ਇਹ ਗੱਲਾਂ ਸੱਚ ਹਨ। ਪ੍ਰਮੇਸ਼ੁਰ ਇਹ ਵੇਖਣ ਲਈ ਧਿਆਨ ਲਗਾਏ ਹੋਏ ਹੈ ਕਿ ਇਹ ਠੀਕ ਹੈ। ਇਹ ਸਹੀ ਹੈ। ਉਹ ਚਾਹੁੰਦਾ ਹੈ ......ਉਹ ਚਾਹੁੰਦਾ ਹੈ ਕਿ ਤੁਹਾਨੂੰ ਪਤਾ ਲੱਗੇ ਕਿ ਇਹ ਗੱਲਾਂ ਸੱਚ ਹਨ।

41 ਉਹ ਹੀ ਹੈ ਜੋ ਇਹ ਗੱਲਾਂ ਭੇਜ ਰਿਹਾ ਹੈ ਕਿਉਂਕਿ ਯਕੀਨਨ ਇਹ ਨਹੀਂ ਸੀ .....ਇਹ ਮੇਰੇ ਲਈ ਸਿੱਖਣ ਵਾਂਗ ਸੀ -ਤੁਹਾਡੇ ਲਈ ਅਤੇ ਇਸੇ ਲਈ ਅਸੀਂ ....ਮੈਂ ਇਸ ਗਿਆਨ ਲਈ ਬਹੁਤ ਧੰਨਵਾਦੀ ਹਾਂ, ਪ੍ਰਭੂ ਨੂੰ ਜਾਨਣਾ ਅਤੇ ਇਹ ਜਾਨਣਾ ਕਿ ਅਸੀਂ ਕਿਹੜੇ ਸਮੇਂ ਵਿੱਚ ਰਹਿ ਰਹੇ ਹਾਂ (ਸਮਝੇ?), ਕਲੀਸਿਯਾ ਦੇ ਉਠਾਏ ਜਾਣ ਤੋਂ ਪਹਿਲਾਂ ਆਖਰੀ ਸਮੇਂ ਵਿੱਚ ਰਹਿ ਰਹੇ ਹਾਂ। ਹੁਣ, ਬਸ....

42 ਅਸੀਂ ਗੱਲਾਂ ਕਰ ਰਹੇ ਹਾਂ, ਇਸ ਲਈ ਆਓ ਉਸਦੇ ਵਚਨ ਉੱਤੇ ਫਿਰ ਬਰਕਤਾਂ ਮੰਗੀਏ।

43 ਸਾਡੇ ਸੁਰਗੀ ਪਿਤਾ ਇੱਥੇ ਉਹ ਮਹਾਨ ਰਾਤ ਆਈ ਹੈ, ਇੱਕ ਮਹਾਨ ਸਮਾਂ ਜਦ ਇੱਕ ਮਹਾਨ ਗੱਲ ਵਾਪਰੀ ਹੈ। ਇਹ ਚਾਰੇ ਪਾਸੇ ਲੋਕਾਂ ਵਿੱਚ ਹੈ। ਅਤੇ ਪਿਤਾ ਮੈਂ ਬੇਨਤੀ ਕਰਦਾ ਹਾਂ ਅੱਜ ਰਾਤ ਬਿਨਾਂ ਕਿਸੇ ਸ਼ੱਕ ਦੇ ਲੋਕਾਂ ਦੇ ਦਿਲ ਅਤੇ ਦਿਮਾਗ ਵਿੱਚ ਇਹ ਪ੍ਰਗਟ ਹੋ ਜਾਵੇ, ਉਹਨਾਂ ਨੂੰ ਇਹ ਜਾਣਕਾਰੀ ਹੋ ਜਾਵੇ ਕਿ ਪ੍ਰਮੇਸ਼ੁਰ ਆਪਣੇ ਸਿੰਘਾਸਣ ਤੇ ਹੈ ਅਤੇ ਇਹ ਕਿ ਉਹ ਅੱਜ ਵੀ ਆਪਣੇ ਲੋਕਾਂ ਨਾਲ ਪਿਆਰ ਕਰਦਾ ਹੈ।

44 ਅਤੇ ਇਹ ਉਹ ਸਮਾਂ ਹੈ, ਉਹ ਸਮਾਂ ਜਿਹਨੂੰ ਸੰਸਾਰ ਵੇਖਣ ਦੀ ਉਡੀਕ ਕਰ ਰਿਹਾ ਸੀ ਹੁਣ ਨੇੜੇ ਆ ਗਿਆ ਹੈ ਕਿਉਂਕਿ ਇਹ ਸਮਾਂ ਛੁਟਕਾਰੇ ਲਈ ਪੁਕਾਰ ਕਰ ਰਿਹਾ ਹੈ। ਅਸੀਂ ਉਨ੍ਹਾਂ ਚੀਜ਼ਾਂ ਨੂੰ ਵੇਖ ਸੱਕਦੇ ਹਾਂ ਜੋ ਕਿ ਉਸਨੂੰ ਵਾਪਸ ਲਿਆਉਣ ਲਈ ਤਿਆਰ ਹਨ। ਅਸੀਂ ਵੇਖ ਸੱਕਦੇ ਹਾਂ -ਕਿ ਲਾੜੀ ਸ਼ਕਲ ਇਖਤਿਆਰ ਕਰ ਰਹੀ ਹੈ, ਵਿਆਹ ਵਾਲੇ ਵਸਤਰ ਪਹਿਨ ਰਹੀ ਹੈ ਕਿ ਤਿਆਰ ਹੋ ਜਾਵੇ। ਅਸੀਂ ਵੇਖ ਸੱਕਦੇ ਹਾਂ ਕਿ ਬੱਤੀਆਂ ਟਿਮ-ਟਿਮਾ ਰਹੀਆਂ ਹਨ। ਅਸੀਂ ਜਾਣਦੇ ਹਾਂ ਕਿ ਅਸੀਂ ਅੰਤ ਸਮੇਂ ਤੇ ਹਾਂ।

45 ਹੁਣ, ਸੁਰਗੀ ਪਿਤਾ, ਜਿਵੇਂ ਕਿ ਅਸੀਂ ਹੁਣ ਪ੍ਰਚਾਰ ਲਈ ਅੱਗੇ ਵੱਧਦੇ ਹਾਂ ਜਾਂ ਇਸ ਸ਼ਕਤੀਸ਼ਾਲੀ ਮਹਾਨ ਘਟਨਾ ਦੀ ਜੋ ਮਹਿਮਾਂ ਵਿੱਚ ਲੱਗ-ਭੱਗ ਦੋ ਹਜ਼ਾਰ ਸਾਲ ਪਹਿਲਾਂ ਹੋਈ ਅਤੇ ਜੋ ਮਹਾਨ ਪਿਆਰੇ ਰਸੂਲ ਯੂਹੰਨਾ ਨੂੰ ਦਿੱਤਾ ਗਿਆ ਸੀ, ਅਤੇ ਅੱਜ ਰਾਤ ਅਸੀਂ ਉਸ ਤੇ ਬੋਲਣ ਵਾਲੇ ਹਾਂ, ਪਵਿੱਤਰ ਆਤਮਾ ਆਤਮਾ ਆਪਣੇ ਪ੍ਰਕਾਸ਼ ਦੀ ਸਮਰੱਥਾ ਨਾਲ ਅੱਗੇ ਆਏ ਤਾਂ ਕਿ ਉਹ ਸਾਡੇ ਤੇ ਉਸ ਗੱਲ ਨੂੰ ਪ੍ਰਗਟ ਕਰੇ ਜਿਹੜੀ ਕਿ ਉਹ ਸਾਨੂੰ ਦੱਸਣੀ ਚਾਹੁੰਦਾ ਹੈ ਜਿਵੇਂ ਕਿ ਉਸਨੇ ਪਿਛਲੀਆਂ ਰਾਤਾਂ ਵਿੱਚ ਕੀਤਾ ਹੈ। ਅਸੀਂ ਆਪਣੇ ਆਪ ਨੂੰ ਵਚਨ ਸਹਿਤ ਤੇਰੇ ਸਮਰਪਣ ਕਰਦੇ ਹਾਂ, ਯਿਸੂ ਮਸੀਹ ਦੇ ਨਾਮ ਵਿੱਚ ਮੰਗਦੇ ਹਾਂ। ਆਮੀਨ।

46 ਹੁਣ ਜਿਵੇਂ ਕਿ ਤੁਸੀਂ ਆਪਣੀਆਂ ਬਾਈਬਲਾਂ ਵਿੱਚੋਂ ਕੱਢਣ ਚਾਹੁੰਦੇ ਹੋ। ਅਰ ਇਹ ਬਾਈਬਲ ਦੀ ਇੱਕ ਛੋਟੀ ਜਿਹੀ ਆਇਤ ਹੈ। ਪਰ ਇਹ ਆਖਰੀ ਆਇਤ ਹੈ, ਇਹ ਲੱਭਿਆ --ਅਸਲ ਵਿੱਚ ਇਹ ਆਖਰੀ ਮੋਹਰ ਹੈ। ਹੁਣ ਕੱਲ ਰਾਤ ਅਸੀਂ ਛੇਵੀਂ ਮੋਹਰ ਤੇ ਬੋਲ ਰਹੇ ਸਾਂ।

47 ਪਹਿਲੀ ਮੋਹਰ, ਮਸੀਹ ਵਿਰੋਧੀ ਹੈ ਇਹਦੇ ਹੋਣ ਦੀ ਪਛਾਣ ਕਰਾਈ ਜੋ ਕਿ ਉਸਦਾ ਸਮਾਂ ਹੁੰਦੇ ਹੋਏ ਨਿੱਕਲਿਆ ਅਤੇ ਅਸੀਂ ਵੇਖਿਆ ਕਿ ਉਹ ਕਿਸ ਤਰ੍ਹਾਂ ਨਿੱਕਲ ਗਿਆ।

48 ਕਿਵੇਂ ਉਸ ਜੰਤੂ ਦੀ ਪ੍ਰਮੇਸ਼ੁਰ ਦੀ ਸ਼ਕਤੀ ਦੀ ਪਛਾਣ ਕਰਾਈ ਗਈ ਸੀ ਜੋ ਕਿ ਮਸੀਹ ਵਿਰੋਧੀ ਦੀ ਸ਼ਕਤੀ ਨਾਲ ਯੁੱਧ ਕਰਨ ਗਿਆ। ਮੈਂ ਵਿਸ਼ਵਾਸ਼ ਨਹੀਂ ਕਰਦਾ ਕਿ ਕੋਈ ਅਜਿਹਾ ਹੋਵੇਗਾ ਜਿਹਦੇ ਦਿਮਾਗ ਵਿੱਚ ਇਸ ਵਿਸ਼ੇ ਤੇ ਕੋਈ ਪ੍ਰਸ਼ਨ ਹੋ ਸੱਕਦਾ ਹੈ।

49 ਫਿਰ ਸਾਨੂੰ ਪਤਾ ਲੱਗਦਾ ਹੈ, ਇਹ ਬਿਲਕੁੱਲ ਉਸਦੇ ਬਾਦ ਹੈ ਕਿ ਕਲੀਸਿਯਾਈ ਯੁੱਗ ਵਿੱਚ ਉਹ ਜੰਤੂ ਗਏ।

50 .....ਉਸ ਵਿੱਚੋਂ ਹੁੰਦੇ ਹੋਏ ਨਿੱਕਲੇ, ਇੰਝ ਹੋਇਆ ਕਿ ਅਸੀਂ ਉੱਥੇ ਸਾਰੀ ਤਸਵੀਰ ਬਦਲ ਦਿੱਤੀ। ਕੋਈ ਵੀ ਜੰਤੂ ਬਾਹਰ ਨਹੀਂ ਆਉਂਦਾ ਹੈ, ਸਮਝੇ? ਪ੍ਰੰਤੂ ਇਹ ਕਸ਼ਟ ਕਾਲ ਦੇ ਯੁੱਗ ਵਿੱਚ ਤਦ ਸਾਹਮਣੇ ਆਉਂਦਾ ਹੈ ਜਦੋਂ ਕਲੀਸਿਯਾ ਚਲੀ ਜਾਂਦੀ ਹੈ।



ਸੰਭਵ ਹੋ ਸੱਕਦਾ ਹੈ ਕਿ ਮੈਂ ਉੱਥੇ ਗਿਆ ਅਤੇ ਉਹ ਕਿਸੇ ਹੋਰ ਤਰ੍ਹਾਂ ਦਾ ਸੀ ਅਤੇ ਮੈਂ ਪਹਿਲਾਂ ਬੈਪਟਿਸਟ ਚਰਚ ਵਿੱਚ ਗਿਆ ਅਤੇ ਉਹ ਕੁਝ ਹੋਰ ਸੀ। ਮੈਂ ਕਿਹਾ ਪ੍ਰਭੂ ਕੋਈ ਤਾਂ ਅਜਿਹਾ ਰਾਹ ਹੋਵੇਗਾ ਜਿਹੜਾ ਸੱਚਾ ਹੈ। ਅਤੇ ਕਿਸੇ ਚੀਜ਼ ਨੇ ਕਿਹਾ, "ਇਹ ਸਿਰਫ ਵਚਨ ਹੈ। " ਮੈਂ ਉਹ ਸ਼ਬਦ ਫੜ੍ਹ ਲਿਆ ਹਰ ਦਰਸ਼ਣ ਨੂੰ ਵੇਖੋ, ਹਰ ਜਗ੍ਹਾ।

354 ਜਿਸ ਦਿਨ ਮੈਂ ਸਾਮ੍ਹਣੇ ਉਹ ਖੂੰਝੇ ਦਾ ਪੱਥਰ ਰੱਖਿਆ ਅਤੇ ਉਸਨੇ ਇਹ ਰੱਖਿਆ, ਉਸ ਸਵੇਰ ਜੋ ਉਸਨੇ ਮੈਨੂੰ ਦਰਸ਼ਣ ਵਿੱਚ ਵਿਖਾਇਆ ਮੈਂ ਉਸ ਵਿੱਚ ਉਹ ਹੀ ਲਿਖਿਆ। " ਵੇਲੇ ਕੁਵੇਲੇ ਉਸ ਵਿੱਚ ਲੱਗਿਆ ਰਹਿ, ਪੂਰੇ ਧੀਰਜ ਅਤੇ ਸਿੱਖਿਆ ਨਾਲ ਝਿੜਕ ਦੇਹ, ਤਾੜਨਾ ਅਤੇ ਤਗੀਦ ਕਰ ਕਿਉਂ ਜੋ ਉਹ ਸਮਾਂ ਆਵੇਗਾ ਜਦੋਂ ਉਹ ਖਰੀ ਸਿੱਖਿਆ ਨੂੰ ਨਾ ਸਹਿਣਗੇ ਪਰ ਕੰਨਾਂ ਦੀ ਜਲੂਨ ਦੇ ਕਾਰਨ ਆਪਣਿਆਂ ਵਿਸ਼ਿਆਂ ਦੇ ਅਨੁਸਾਰ ਆਪਣੇ ਲਈ ਢੇਰ ਸਾਰੇ ਗੁਰੂ ਧਾਰਨਗੇ। ਅਤੇ ਸੱਚਾਈ ਤੋਂ ਕੰਨਾਂ ਨੂੰ ਫੇਰ ਕੇ ਖਿਆਲੀ ਕਹਾਣੀਆਂ ਦੀ ਵੱਲ ਫਿਰਨਗੇ। " ਅਤੇ ਮੈਂ ਉਹ ਦੋ ਰੁੱਖ ਵੇਖੇ ਜਿਨ੍ਹਾਂ ਦੇ ਨੇੜੇ ਮੈਂ ਖੜ੍ਹਾ ਸੀ ਜੋ ਬਿਲਕੁੱਲ ਇਹ ਹੀ ਕੰਮ ਕਰਦੇ ਹਨ। ਇਹ ਠੀਕ ਹੈ। ਅਤੇ ਅਸੀਂ ਵੀ ਇਸੇ ਹਾਲਤ ਵਿੱਚ ਹਾਂ। ਅਤੇ ਇਹ ਸੱਚ ਹੈ। ਅਤੇ ਹੁਣ ਤੁਸੀਂ ਨਹੀਂ .......

355 ਮੈਂ ਫਿਰ ਤੁਹਾਡਾ ਉਤਸ਼ਾਹ ਵਧਾਉਂਦਾ ਹਾਂ। ਕਦੇ ਵੀ ਕਿਸੇ ਨੂੰ ਧੰਨਵਾਦ ਨਾ ਕਹੋ। ਕੋਈ ਸੇਵਾਦਾਰ ਜਾਂ ਕਿਸੇ ਮਰਨਹਾਰ ਮਨੁੱਖ ਨੂੰ ਇਸ ਤਰ੍ਹਾਂ ਸੋਚ ਕੇ ਨਾ ਕਹੋ, ਉਸ ਵਿੱਚ ਕੁਛ ਵੀ ਭਲਾ ਨਹੀਂ ਹੈ, ਕਿਉਂਕਿ ਕੋਈ ਵੀ ਨਹੀਂ ਹੈ ; ਮੈਨੂੰ ਕੋਈ ਪ੍ਰਵਾਹ ਨਹੀਂ ਉਹ ਕੋਣ ਹੈ। ਕਿਸੇ ਵੀ ਮਨੁੱਖ ਵਿੱਚ ਕੋਈ ਭਲਾਈ ਨਹੀਂ ਹੈ। ਇਹ ਸਹੀ ਹੈ।

356 ਜੇ ਇੱਥੇ ਬਹੁਤ ਸਾਰੀਆਂ ਤੁਰ੍ਹੀਆਂ ਦਾ ਢੇਰ ਪਿਆ ਹੋਵੇ ਉਨ੍ਹਾਂ ਵਿੱਚੋਂ ਇੱਕ ਨਿਸ਼ਚਿਤ ਸੰਗੀਤ ਤੋਂ ਲਾਂਭੇ ਹੋ ਕੇ ਅਵਾਜ਼ ਕਰੇ ਤਾਂ ਇਹ ਮਨੁੱਖ ਹੈ; ਉਹ ਤੁਰੀਆਂ ਤਾਂ ਬਿਲਕੁੱਲ ਗੁੰਗੀਆਂ ਹਨ। ਇਹ ਤਾਂ ਆਦਮੀ ਹੈ ਜੋ ਤੁਰ੍ਹੀ ਨੂੰ ਵਜਾਉਂਦਾ ਹੈ, ਉਹ ਜਾਣਦਾ ਹੈ ਕਿ ਉਹ ਕੀ ਕਰਨ ਜਾ ਰਿਹਾ ਹੈ ਜਿਹਨੇ ਤੁਰ੍ਹੀ ਫੜ੍ਹੀ ਹੋਈ ਹੈ। ਤੁਰ੍ਹੀ ਨੂੰ ਇਹਦੇ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਉਸਦੇ ਪਿੱਛੇ ਜੋ ਅਕਲ ਹੈ ਅਵਾਜ਼ ਉਸ ਵਿੱਚੋਂ ਆ ਰਹੀ ਹੈ। (ਇਹ ਠੀਕ ਹੈ), ਇਸ ਲਈ ਸਾਰੀਆਂ ਤੁਰ੍ਹੀਆਂ ਇੱਕੋ ਵਰਗੀਆਂ ਹਨ।

357 ਸਾਰੇ ਮਨੁੱਖ ਇੱਕੋ ਵਰਗੇ ਹਨ। ਸਾਰੇ ਮਸੀਹੀ ਇੱਕੋ ਵਰਗੇ ਹਨ। ਸਾਡੇ ਵਿੱਚੋਂ ਕੋਈ ਵੀ ਮਹਾਨ ਮਨੁੱਖ ਨਹੀਂ ਹੈ। ਅਸੀਂ ਮਹਾਨ ਆਦਮੀ ਮਹਾਨ ਔਰਤਾਂ ਨਹੀਂ ਹਾਂ। ਅਸੀਂ ਸਾਰੇ ਭਾਈ ਭੈਣਾਂ ਹਾਂ ਸਾਰੇ ਇੱਕੋ ਵਰਗੇ ਹਾਂ ਇੱਕ ਹੀ ਹਾਲਤ ਵਿੱਚ ਹਾਂ। ਅਸੀਂ ਮਹਾਨ ਨਹੀਂ ਹਾਂ, ਕੋਈ ਕਿਸੇ ਨੂੰ ਕਿਸੇ ਤੋਂ ਮਹਾਨ ਨਹੀਂ ਬਣਾਉਂਦਾ, ਇੱਕ ਵੀ ਗੱਲ ਨਹੀਂ, ਕੋਈ ਕੁਝ ਵੀ ਕਰੇ। ਨਹੀਂ ਸ਼੍ਰੀਮਾਨ ਜੀ। ਪ੍ਰੰਤੂ ਅਸੀਂ ਸੱਭ ਸਿਰਫ ਬਸ ਮਨੁੱਖ ਹੀ ਹਾਂ।

358 ਗੱਲਾਂ ਦਾ ਅਨੁਵਾਦ ਕਰਨ ਦੀ ਕੋਸ਼ਿਸ਼ ਨਾ ਕਰੋ। ਕੁਝ ਵੀ ਵੱਧ ਕਰਨ ਦਾ ਯਤਨ ਨਾ ਕਰੋ ਸਿਵਾਏ ਉਸਦੀ ਨੇੜਤਾ ਵਿੱਚ ਜੀਵਨ ਬਤੀਤ ਕਰਨ ਦੇ, ਯਿਸੂ ਮਸੀਹ ਨੂੰ ਆਦਰ ਅਤੇ ਮਹਿਮਾਂ ਦਿੰਦੇ ਰਹੋ। ਹੁਣ ਹਰ ਕੋਈ ਇਹਨੂੰ ਸਮਝ ਰਿਹਾ ਹੈ?[ਸੰਗਤ ਆਖਦੀ ਹੈ, " ਆਮੀਨ।"] ਆਮੀਨ। ਉਸਨੂੰ ਆਪਣੇ ਪੂਰੇ ਦਿਲ ਨਾਲ ਪਿਆਰ ਕਰੋ। ਕੀ ਤੁਸੀਂ ਇਹ ਕਰਦੇ ਹੋ?["ਆਮੀਨ।"]

347 ...ਇਹ ਭੇਤ ਭਰਿਆ ਹਫਤਾ ਰਿਹਾ ? ਸਾਰੀਆਂ ਗੱਲਾਂ ਇੱਕ ਤਰ੍ਹਾਂ ਨਾਲ ਅਜੀਬ ਰਹੀਆਂ। ਕਿਵੇਂ ਸੱਭ ਲੋਕ ਆਏ ਉਹਨਾਂ ਨੂੰ ਚਾਰੇ ਪਾਸੇ ਬਾਹਰ ਖਿੜਕੀਆਂ, ਦਰਵਾਜਿਆਂ ਦੇ ਪਿੱਛੇ ਆਲੇ-ਦੁਆਲੇ ਜਿੱਥੇ ਕਿਤੇ ਵੀ ਉਹ ਸੁਣ ਸੱਕਦੇ ਸਨ ਸੁਣਦੇ ਹੋਏ ਵੇਖਿਆ। ਅਤੇ ਜਿੱਥੋਂ ਤੱਕ ਬੋਲਣ ਵਾਲੇ ਦੀ ਗੱਲ ਹੈ ਮੈਂ ਇਸ ਤੋਂ ਬਹੁਤ ਦੂਰ ਹਾਂ। ਮੈਨੂੰ ਇੰਨਾ ਗਿਆਨ ਹੈ ਕਿ ਮੈਂ ਜਾਣਦਾ ਹਾਂ ਕਿ ਮੈਂ ਇੱਕ ਬੁਲਾਰਾ ਨਹੀਂ ਹਾਂ। ਪ੍ਰੰਤੂ ਕਿਉਂ ਲੋਕਾਂ ਨੇ ਬੈਠ ਕੇ ਇਸ ਤਰ੍ਹਾਂ ਸੁਣਿਆ?ਕਿਉਂ ਉਨ੍ਹਾਂ ਨੇ ਇਸ ਤਰ੍ਹਾਂ ਕੀਤਾ? ਉਹ ਮੇਰੇ ਵਰਗੇ ਆਦਮੀ ਨੂੰ ਸੁਣਨ ਨਹੀਂ ਆਉਂਦੇ ਹਨ, ਪ੍ਰੰਤੂ ਉਹ ਇਸ ਲਈ ਆ ਰਹੇ ਹਨ ਕਿਉਂਕਿ ਉਸ ਵਿੱਚ ਕੁਝ ਹੈ ਜੋ ਲੋਕਾਂ ਨੂੰ ਇਸ ਵਿੱਚ ਖਿੱਚ ਰਿਹਾ ਹੈ। ਸਮਝੇ?ਇਸ ਵਿੱਚ ਕੁਝ ਹੈ ਜੋ ਉਹਨਾਂ ਨੂੰ ਖਿੱਚ ਰਿਹਾ ਹੈ।

348 ਜਿਵੇਂ ਕਿ ਮੇਰੀ ਪਤਨੀ ਨੇ ਇੱਥੇ ਖੜ੍ਹੇ ਹੋ ਕੇ ਗਾਇਆ ਜਦੋਂ ਮੈਂ ਸ਼ੁਰੂ ਕੀਤਾ .........

ਉਹ ਪੂਰਬ ਅਤੇ ਪੱਛਮ ਤੋਂ ਆਏ ਉਹ ਦੂਰ ਦੇਸ਼ ਵਿੱਚੋਂ ਆਏ
ਕਿ ਰਾਜੇ ਦੀ ਮੇਜ਼ ਤੇ ਮਹਿਮਾਨਾਂ ਵਾਂਗ ਖਾਣਾ ਖਾਣ
ਇਹ ਮੁਸਾਫਰ ਕੇਡੇ ਮੁਬਾਰਕ ਹਨ
ਉਸਦੇ ਪਵਿੱਤਰ ਚਿਹਰੇ ਨੂੰ ਵੇਖ ਰਹੇ ਹਨ
ਰੱਬੀ ਪ੍ਰਕਾਸ਼ ਨਾਲ ਚਮਕ ਰਹੇ ਹਨ
ਉਸਦੀ ਕਿਰਪਾ ਦੇ ਮੁਬਰਕ ਭਾਗੀਦਾਰ
ਜਿਵੇਂ ਕਿ ਉਸਦੇ ਮੁਕਟ ਦੇ ਰਤਨ ਚਮਕਦੇ ਹਨ।

349 ਕਾਸ਼ ਤੁਸੀਂ ਆਪਣੇ ਦਿਮਾਗ ਵਿੱਚ ਹਮੇਸ਼ਾਂ ਇਹ ਰੱਖੋ ਕਿ ਅਸੀਂ :ਯਿਸੂ ਦੇ ਮੁਕਟ ਦੇ ਰਤਨ ਹੋ ਜਾਈਏ। ਪੌਲੁਸ ਨੇ ਕਲੀਸਿਯਾ ਨੂੰ ਕਿਹਾ, " ਤੁਸੀਂ -ਤੁਸੀਂ ਉਸਦੇ ਮੁਕਟ ਦੇ ਹੀਰੇ ਮੋਤੀ ਹੋ।" ਅਸੀਂ ਯਿਸੂ ਮਸੀਹ ਦੇ ਮੁਕਟ ਦੇ ਰਤਨ ਬਣਨਾ ਚਾਹੁੰਦੇ ਹਾਂ।

350 ਅਸੀਂ ਕਦੇ ਵੀ ਇੱਕ ਵਿਅਕਤੀ ਨੂੰ ਉਹਦੇ ਵਿੱਚ ਨਹੀਂ ਲਗਾਉਣਾ ਚਾਹੁੰਦੇ। ਤੁਸੀਂ ਮੇਰੇ ਬਾਰੇ ਵਿੱਚ ਸੱਭ ਕੁਝ ਭੁੱਲ ਜਾਓ। ਮੈਂ ਤੁਹਾਡਾ ਭਾਈ ਹਾਂ, ਮੈਂ ਇੱਕ ਪਾਪੀ ਹਾਂ ਜੋ ਕਿਰਪਾ ਦੇ ਨਾਲ ਬਚਾਇਆ ਗਿਆ, ਜੀਣ ਦੇ ਯੋਗ ਨਹੀਂ ਹਾਂ। ਇਹ ਬਿਲਕੁੱਲ ਠੀਕ ਹੈ। ਮੈਂ ਇਹ ਹਲੀਮ ਹੋਣ ਲਈ ਨਹੀਂ ਕਹਿ ਰਿਹਾ ਹਾਂ, ਇਹ ਸੱਚ ਹੈ। ਮੇਰੇ ਵਿੱਚ ਕੁਝ ਵੀ ਨਹੀਂ ਹੈ, ਇੱਕ ਵੀ ਚੰਗੀ ਗੱਲ ਨਹੀਂ, ਇੱਕ ਵੀ ਨਹੀਂ।

351 ਪ੍ਰੰਤੂ ਪ੍ਰਮੇਸ਼ੁਰ ਦੀ ਕਿਰਪਾ ਨੇ ਮੇਰੀਆਂ ਧੁੰਦਲੀਆਂ ਅੱਖਾਂ ਨੂੰ ਸਮੇਂ ਦੇ ਪਰਦੇ ਦੇ ਪਿੱਛੇ ਵੇਖ ਲੈਣ ਦਿੱਤਾ ਅਤੇ ਮੈਂ ਉਹਨਾਂ ਚੀਜ਼ਾਂ ਨੂੰ ਸਾਹਮਣੇ ਵੇਖਿਆ ਅਤੇ ਵਾਪਸ ਆਇਆ ........

352 ਜਦੋਂ ਮੈਂ ਇੱਕ ਛੋਟਾ ਜਿਹਾ ਮੁੰਡਾ ਸੀ ਮੈਂ ਲੋਕਾਂ ਦੇ ਨਾਲ ਪਿਆਰ ਕੀਤਾ। ਮੈਂ ਹਮੇਸ਼ਾਂ ਇਹ ਚਾਹਿਆ ਕਿ ਕੋਈ ਮੇਰੇ ਨਾਲ ਪਿਆਰ ਕਰੇ ਅਤੇ ਮੇਰੇ ਨਾਲ ਗੱਲਾਂ ਕਰੇ। ਮੇਰੇ ਪਰਿਵਾਰ ਦੇ ਨਾਮ ਕਰਕੇ ਕੋਈ ਇਹ ਨਹੀਂ ਕਰਦਾ ਸੀ। ਕੋਈ ਮੇਰੇ ਨਾਲ ਗੱਲ ਨਹੀਂ ਕਰਦਾ ਸੀ।

353 ਪ੍ਰੰਤੂ ਜਦ ਮੈਂ ਆਪਣੇ ਆਪ ਨੂੰ ਪ੍ਰਮੇਸ਼ੁਰ ਨੂੰ ਸਮਰਪਿਤ ਕਰ ਦਿੱਤਾ ਤਦ ...ਪਿੱਛਿਓਂ ਸਾਡੇ ਲੋਕ ਆਇਰਿਸ਼ ਹੋਣ ਕਾਰਨ, ਮੈਂ ਸੋਚਿਆ ਸ਼ਾਇਦ ( ਉਹ ਸਾਰੇ ਕੈਥੋਲਿਕ ਸਨ).....ਅਤੇ ਇਹ



51 ਇਹ ਕਲੀਸਿਯਾ ਦੇ ਯੁੱਗਾਂ ਵਿੱਚ ਕਿੰਨਾ ਸਿੱਧ ਬੈਠਦਾ ਹੈ। ਮੈਂ ਇੱਕ ਵੀ ਬਿੰਦੂ, ਇੱਕ ਵੀ ਚੀਜ਼ ਅਜਿਹੀ ਨਹੀਂ ਵੇਖਦਾ ਜੋ ਕਿ ਇਸ ਵਿੱਚ ਸਿੱਧ ਰੂਪ ਵਿੱਚ ਠੀਕ ਨਾ ਬੈਠਦੀ ਹੋਵੇ, ਇੱਥੋਂ ਤੱਕ ਕਿ ਯੁੱਗਾਂ ਅਤੇ ਹਰੇਕ ਚੀਜ਼ ਅਤੇ ਸਮੇਂ ਦੇ ਨਾਲ ਠੀਕ ਹੈ। ਇਸ ਤੇ ਸੋਚੋ। ਇਹ, ਇਹ ਸਾਬਤ ਕਰਦਾ ਹੈ ਕਿ ਇਹ ਪ੍ਰਮੇਸ਼ੁਰ ਨੇ ਹੀ ਕੀਤਾ ਹੈ। ਮਨੁੱਖ ਦੀ ਸਮਝ ਇਸਨੂੰ ਨਹੀਂ ਸਮਝ ਸੱਕਦੀ ਹੈ। ਅਤੇ ਹੁਣ ਸਾਨੂੰ ਵੀ ਇਹੋ ਪਤਾ ਲੱਗਦਾ ਹੈ। ਅਸੀਂ .....

52 ਪ੍ਰਭੂ, ਅਸੀਂ ਇਹ ਲਿਖਤਾਂ ਲਈਏ, ਇਹ ਪਵਿੱਤਰ ਲਿਖਤਾਂ, ਜੋ ਪ੍ਰਭੂ ਯਿਸੂ ਨੇ ਕਿਹਾ ਹੈ ਉਹ ਪੂਰਾ ਹੋਵੇ। ਅਤੇ ਅਸੀਂ ਇਸਨੂੰ ਕਿਵੇਂ ਲੱਭ ਸੱਕਦੇ ਹਾਂ?ਅਤੇ ਉਹ ਇੱਥੇ ਆ ਕੇ ਪ੍ਰਗਟ ਕਰਦਾ ਹੈ ਅਤੇ ਇਹਨੂੰ ਬਿਲਕੁੱਲ ਉਸੇ ਤਰ੍ਹਾਂ ਹੀ ਲੈ ਕੇ ਆਉਂਦਾ ਹੈ। ਉਸਦਾ ਉਪਦੇਸ਼ ਉੱਥੇ ਉੱਤਰ ਦੇ ਰਿਹਾ ਹੈ, ਅਤੇ ਛੇ ਮੋਹਰਾਂ ਵਿੱਚ ਬਿਲਕੁੱਲ ਉਸੇ ਥਾਂ ਤੇ ਲਿਆਉਂਦਾ ਹੈ ਪ੍ਰੰਤੂ ਉਸਨੇ ਸੱਤਵੀਂ ਨੂੰ ਛੱਡ ਦਿੱਤਾ।

53 ਜਦੋਂ ਮੋਹਰਾਂ ਖੋਲ੍ਹੀਆਂ ਗਈਆਂ ਸਨ ਪ੍ਰਮੇਸ਼ੁਰ ਨੇ, ( ਇੱਧਰ ਧਿਆਨ ਦਿਓ) ਉਹਨੇ ਸੱਤਵੀਂ ਮੋਹਰ ਨੂੰ ਛੱਡ ਦਿੱਤਾ, ਇੱਥੋਂ ਤੱਕ ਕਿ ਸੱਤਵੀਂ ਮੋਹਰ ਦਾ ਕੋਈ ਚਿੰਨ੍ਹ ਵੀ ਨਹੀਂ ਦਿੱਤਾ। ਸਮਝੇ? ਇਹ ਪ੍ਰਮੇਸ਼ੁਰ ਦੇ ਕੋਲ ਸੰਪੂਰਣ ਗੁਪਤ ਹੈ। ਧਿਆਨ ਦਿਓ। ਹੁਣ ਅਸੀਂ ਬਾਈਬਲ ਵਿੱਚੋਂ ਸੱਤਵੀਂ ਮੋਹਰ ਪੜ੍ਹਨ ਜਾ ਰਹੇ ਹਾਂ। ਇਹ ਪ੍ਰਕਾਸ਼ ਦੀ ਪੋਥੀ 8 ਬਾਬ ਵਿੱਚ ਮਿਲਦੀ ਹੈ।

*ਜਾਂ ਸੱਤਵੀਂ ਮੋਹਰ ਉਹ ਨੇ ਤੋੜੀ ਤਾਂ ਸੁਰਗ ਵਿੱਚ ਅੱਧੇਕੁ ਘੰਟੇ ਤੀਕ ਚੁੱਪਚਾਪ ਰਹੀ।*

54 ਅਤੇ ਇਹਦੇ ਤੇ ਸਾਡੇ ਕੋਲ ਬਸ ਇਹ ਹੀ ਹੈ। ਹੁਣ, ਅਸੀਂ ਧਿਆਨ ਦੇਣ ਜਾ ਰਹੇ ਹਾਂ।

55 ਅਤੇ ਕੋਸ਼ਿਸ਼ ਕਰਾਂਗੇ ਕਿ ਜਿਆਦਾ ਦੇਰ ਨਾ ਲਗਾਈਏ ਕਿਉਂਕਿ ਅੱਜ ਰਾਤ ਵੀ ਤੁਹਾਡੇ ਵਿੱਚੋਂ ਬਹੁਤ ਸਾਰਿਆਂ ਨੇ ਘਰ ਪਹੁੰਚਣ ਲਈ ਸਫਰ ਕਰਨਾ ਹੈ। ਅਤੇ ਮੈਂ ਫਿਰ ਸੋਚਿਆ ਕਿ ਇਸ ਸਵੇਰ ਚੰਗਾਈ ਦੀ ਸਭਾ ਕਰਾਂ ਜਿਹਦੇ ਨਾਲ ਕਿ ਤੁਹਾਨੂੰ ਉਡੀਕ ਨਾ ਕਰਨੀ ਪਵੇ ਅਤੇ ਸਵੇਰ ਨੂੰ ਘਰ ਜਾ ਸਕੋ। ਅਤੇ ਹੁਣ ਅਸੀਂ .......

56 ਅਤੇ ਮੈਨੂੰ ਵੀ, ਮੈਂ ਵੀ ਟਿਊਸਨ, ਅਰੀਜੋਨਾ ਦਾ ਸਫਰ ਕਰਨਾ ਹੈ ਜਿੱਥੇ ਮੈਂ ਰਹਿੰਦਾ ਹਾਂ। ਅਤੇ ਹੁਣ ਇਹ ਮੇਰਾ ਘਰ ਹੈ ਅਤੇ ਪ੍ਰਭੂ ਨੇ ਚਾਹਿਆ ਤਾਂ ਮੈਂ ਇੱਥੇ ਵਾਪਸ ਆਉਣਾ ਚਾਹੁੰਦਾ ਹਾਂ, ਮੇਰਾ ਪਰਿਵਾਰ ਜੂਨ ਮਹੀਨੇ ਵਿੱਚ ਕੁਝ ਦਿਨਾਂ ਲਈ ਇੱਥੇ ਆਉਣਾ ਚਾਹੁੰਦਾ ਹੈ ਅਤੇ ਹੁਣ ਸੰਭਵ ਹੈ ਕਿ ਮੈਂ ਤੁਹਾਡੇ ਨਾਲ ਇੱਥੇ ਸੰਗਤੀਆਂ ਦੇ ਸਮੇਂ ਮਿਲਾਂ।

57 ਮੇਰੀ ਅਗਲੀ ਸੰਗਤੀ ਅਲਬੇਕਿਉਰਕ ਨਿਊ ਮੈਕਸੀਕੋ ਵਿੱਚ ਹੈ। ਮੈਂ ਸੋਚਦਾ ਹਾਂ ਇਹ 9, 10 ਅਤੇ 11 ਤਰੀਕ ਨੂੰ ਹੈ। ਮੈਂ ਉੱਥੇ ਵੀਰਵਾਰ ਅਤੇ ਗੁੱਡ ਫਰਾਈਡੇ ਨੂੰ ਹੋਵਾਂਗਾ। ਇਸ ਲਈ ਮੇਰੇ ਕੋਲ ਸੱਭ ਕੁਝ ਹੋਣਾ ਸੀ, ਮੇਰੇ ਕੋਲ ਹੋਰ ਵੀ ਨਿਯੁਕਤੀਆਂ ਸਨ ਜਿਨ੍ਹਾਂ ਨੂੰ ਮੈਂ ਉਸ ਸਮੇਂ ਤੱਕ ਨਹੀਂ ਕਰ ਸਕਿਆ, ਇਸ ਲਈ ਮੈਂ ਵੀਰਵਾਰ ਅਤੇ ਸ਼ੁੱਕਰਵਾਰ ਦੀ ਰਾਤ ਨੂੰ ਅਲਬੇਕਿਉਰਕ ਨਿਊ ਮੈਕਸੀਕੋ ਵਿੱਚ ਹੋਵਾਂਗਾ।

58 ਅਤੇ ਤਦ--ਜਿਹੜੀ ਅਗਲੀ ਦਾ ਪਤਾ ਹੈ, ਨੇੜੇ ਹੈ। ਪੱਕੇ ਹੋਣ ਲਈ ਅਸੀਂ ਨਹੀਂ ਜਾਣਦੇ। ਉਹ ਮੇਰੇ ਭਲੇ ਦੋਸਤਾਂ ਦੇ ਨਾਲ ਹੋਣੀ ਹੈ ਜੋ ਕਿ ਦੱਖਣੀ ਪਾਈਨ ਉੱਤਰੀ ਕੈਰੋਲੀਨਾ ਵਿੱਚ *ਮਿੱਡ ਨਾਈਟ ਕਰਾਈ* ਦਾ ਢੂੰਢ ਹੈ।

59 ਇਸ ਵੇਲੇ ਉਹ ਜਿਹੜੇ ਟੈਲੀਫੋਨ ਪ੍ਰਣਾਲੀ ਰਾਹੀਂ ਸੁਣ ਰਹੇ ਹਨ, ਜਿਹਦੇ ਲਈ ਉਨ੍ਹਾਂ ਟੈਲੀਗ੍ਰਾਮ ਸੰਦੇਸ਼ ਆਦਿ ਭੇਜਿਆ ਹੈ ਅਤੇ ਲਿਟਲ ਰਾੱਕ ਵਿੱਚ ਯਿਸੂ ਨਾਮ ਦੇ ਝੁੰਢ ਵਿੱਚ ਆ ਗਏ ਹਨ ਜਿਨ੍ਹਾਂ ਦੀਆਂ ਸੰਗਤੀਆਂ ਪਿਛਲੀਆਂ ਗਰਮੀਆਂ ਵਿੱਚ ਕੋ-ਪਲੈਸ ਵਿੱਚ ਸਨ। ਉਹ ਆਪਣੀਆਂ ਬੇਦਾਰੀ ਦੀਆਂ ਸੰਗਤੀਆਂ ਉੱਥੇ ਲਿਟਲ ਰੱਕ ਅਰਕਨਸਾਸ ਵਿੱਚ ਕਰ ਰਹੇ ਹਨ। ਅਤੇ ਪਿਛਲੇ ਸਾਲ ਤੋਂ ਉਹ ਘੱਟ ਤੋਂ ਘੱਟ ਇੱਕ ਰਾਤ ਚਾਹੁੰਦੇ ਹਨ ਜਾਂ ਸਾਰੀ ਚਾਹੁੰਦੇ ਹਨ, ਪ੍ਰੰਤੂ ਉਹ ਇੱਕ ਰਾਤ ਦੇ ਲਈ ਵੀ ਤਿਆਰ ਹਨ, ਇਸ ਲਈ ਮੈਂ ਉਨ੍ਹਾਂ ਨੂੰ ਕਿਹਾ ਕਿ ਮੈਂ ਨਹੀਂ ਜਾਣਦਾ ਹਾਂ ਕਿ ਕੀ ਕਰਾਂ, ਮੈਂ ਕਿਹਾ ਕਿ ਉਹ ਐਡਵਰਟਾਈਜ਼ਮੈਂਟ ਕਰ ਸੱਕਦੇ ਹਨ, ਫਿਰ ਥੋੜੇ ਸਮੇਂ ਬਾਦ ਉਹ ਇਹਨੂੰ ਦੱਸ ਸੱਕਦੇ ਹਨ।

60 ਕੀ ਉਸਨੇ ਹਾਲੇ ਫੂਨ ਕੀਤਾ?ਔਹ ਠੀਕ ਹੈ। ਕੀ ਕਹਿੰਦੇ ਹਨ?[ ਇੱਕ ਭਾਈ ਕਹਿੰਦਾ ਹੈ, "ਹਾੱਟ ਸਪਰਿੰਗ। "-ਸੰਪਾ] ਹਾੱਟ ਸਪਰਿੰਗ ਇਹੋ ਹੈ ਨਾ? ਮੈਂ ਗਲਤੀ ਕਰ ਰਿਹਾ ਸੀ। [24] ਕਦੋਂ ਦੀ 24 [ਮਈ] ਮਈ? [ਕੋਈ ਕਹਿੰਦਾ ਹੈ 24 ਤੋਂ 28 ਜੂਨ ਤੱਕ] 24 ਤੋਂ 28 ਜੂਨ ਜੂਨ ਤੱਕ, ਹੁਣ ਇਹਦੀ ਘੋਸ਼ਣਾ ਹੋ ਗਈ ਹੈ, ਇਹ ਹੀ ਹੈ, ਜੇ ਇਹ ਪ੍ਰਭੂ ਦੀ ਮਰਜ਼ੀ ਹੋਈ। ਸਮਝੇ? ਮੈਂ ਹੋਵਾਂਗਾ......

61 ਇਹ ਹੀ ਕਾਰਨ ਹੈ ਕਿ ਮੈਂ ਉਹਨਾਂ ਗੱਲਾਂ ਨੂੰ ਕਰਨਾ ਪਸੰਦ ਕਰਦਾ ਹਾਂ। ਹੁਣ ਤੁਸੀਂ ਥੋੜੀ ਦੇਰ ਵਿੱਚ ਸਿੱਖੋਗੇ। ਸਮਝੇ?ਜਦੋਂ ਮੈਂ ਕਿਸੇ ਜਗ੍ਹਾ ਤੇ ਇਹ ਜਾਣਦੇ ਹੋਏ ਜਾਂਦਾ ਹਾਂ ਕਿ ਪ੍ਰਮੇਸ਼ੁਰ ਨੇ ਕਿਹਾ ਹੈ ਉੱਥੇ ਜਾਓ ਤਾਂ ਜੇ ਉੱਥੇ ਕਿਤੇ ਵੈਰੀ ਖੜ੍ਹਾ ਹੁੰਦਾ ਹੈ ਤਾਂ ਮੈਂ ਕਹਿੰਦਾ ਹਾਂ ਕਿ ਮੈਂ ਇੱਥੇ ਪ੍ਰਭੂ ਯਿਸੂ ਦੇ ਨਾਮ ਵਿੱਚ ਹਾਂ। ਉਹ ਮੁੜ ਜਾਂਦਾ ਹੈ। ਸਮਝੇ? ਸਮਝੇ? ਤੁਸੀਂ ਆਪਣੇ ਪਿਛੋਕੜ ਲਈ ਨਿਸ਼ਚਿੰਤ ਹੋ। ਸਮਝੇ? ਜਦੋਂ ਉਹ ਤੁਹਾਨੂੰ ਕਿਤੇ ਭੇਜਦਾ ਹੈ ਤਾਂ ਉਹ ਤੁਹਾਡੀ ਚਿੰਤਾ ਅਥਵਾ ਰਾਖੀ ਕਰਦਾ ਹੈ। ਸਮਝੇ? ਪ੍ਰੰਤੂ ਜਦੋਂ ਤੁਸੀਂ ਕੁਝ ਮੰਨ ਕੇ ਚਲੇ ਜਾਂਦੇ ਹੋ ਤਾਂ ਮੈਨੂੰ ਨਹੀਂ ਪਤਾ। ਹੋ ਸੱਕਦਾ ਹੈ ਉਹ ਉੱਥੇ ਨਾ ਹੋਵੇ। ਇਸ ਲਈ ਮੈਂ ਪੱਕਾ ਹੋ ਜਾਣਾ ਚਾਹੁੰਦਾ ਹਾਂ ਜਿੰਨਾ ਪੱਕਾ ਮੈਂ ਹੋ ਸੱਕਦਾ ਹਾਂ। ਮੈਂ ਬਹੁਤਿਆਂ ਨੂੰ ਨਾਲ ਲਿਆ ਜਿਹਨਾਂ ਦਾ ਉਸਨੇ ਮੈਨੂੰ ਲੈਣ ਲਈ ਨਹੀਂ ਕਿਹਾ ਸੀ ਪ੍ਰੰਤੂ ਮੈਂ ਨਿਸ਼ਚਿੰਤ ਹੋਣਾ ਪਸੰਦ ਕਰਦਾ ਹਾਂ ਜਿੱਥੇ ਤੱਕ ਹੋ ਸਕੇ। ਹੁਣ ਪ੍ਰਭੂ ਤੁਹਾਨੂੰ ਸਭਨਾਂ ਨੂੰ ਬਰਕਤ ਦੇਵੇ।

62 ਹੁਣ ਅਸੀਂ ਧਿਆਨ ਦਿੰਦੇ ਹਾਂ ਕਿ ਇਹ ਸਿਰਫ ਇੱਕ ਆਇਤ ਹੈ, ਅਸੀਂ ਇੱਥੇ ਥੋੜਾ ਜਿਹਾ ਕੁਝ ਕਰਨਾ ਚਾਹੁੰਦੇ ਹਾਂ, ਇੱਥੇ ਇਸ ਤੋਂ ਥੋੜਾ ਜਿਹਾ ਪਹਿਲਾਂ। ਤੁਸੀਂ ਧਿਆਨ ਦਿੱਤਾ ਕਿ ਅਸੀਂ ਸੱਤਵਾਂ ਬਾਬ ਛੱਡ ਦਿੱਤਾ ਹੈ। ਛੇਵਾਂ ਬਾਬ ਛੇਵੀਂ ਮੋਹਰ ਦੇ ਨਾਲ ਖਤਮ ਹੋ ਜਾਂਦਾ ਹੈ ਪ੍ਰੰਤੂ ਛੇਵੀਂ ਅਤੇ ਸੱਤਵੀਂ ਮੋਹਰ ਦੇ ਵਿਚਕਾਰ ਕੁਝ ਵਾਪਰਦਾ ਹੈ। ਸਮਝੇ?ਅਤੇ ਇਹਨੂੰ ਕਿੰਨੇ ਪਿਆਰੇ ਢੰਗ ਨਾਲ ਛੇਵੇਂ ਅਤੇ ਸੱਤਵੇਂ ਬਾਬ ਦੇ ਵਿੱਚਕਾਰ ਆਪਣੇ ਠੀਕ ਥਾਂ ਤੇ ਰੱਖਿਆ ਹੋਇਆ ਹੈ। ਹੁਣ ਤੁਸੀਂ ਸੱਤ ਬਾਬ ਤੇ ਧਿਆਨ ਦਿਓ, ਅਸੀਂ ਵੇਖਦੇ ਹਾਂ ਕਿ ਛੇਵੀਂ ਅਤੇ ਸੱਤਵੀਂ ਮੋਹਰ ਦੇ ਵਿਚਕਾਏ ਇੱਕ ਦੂਰੀ ਹੈ। ਹੁਣ ਅਸੀਂ ਇਹਦੇ ਤੇ ਧਿਆਨ ਦੇਣਾ ਚਾਹੁੰਦੇ ਹਾਂ। ਹੁਣ ਇਹ ਬਹੁਤ ਹੀ ਜ਼ਰੂਰੀ ਹੈ ਕਿ ਅਸੀਂ ਇਸ ਥੋੜੇ ਜਿਹੇ ਸਮੇਂ ਤੇ ਧਿਆਨ ਦੇਈਏ।

63 ਹੁਣ ਯਾਦ ਰੱਖੋ ਪ੍ਰਕਾਸ਼ ਪੋਥੀ ਦੇ ਚਾਰ ਬਾਬ ਤੋਂ ਬਾਦ, ਕਲੀਸਿਯਾ ਚਲੀ ਗਈ ਹੈ। ਉਨ੍ਹਾਂ ਚਹੁੰਾਂ ਘੋੜਸਵਾਰਾਂ ਤੋਂ ਬਾਦ ਕਲੀਸਿਯਾ ਚਲੀ ਗਈ ਹੈ। ਸਮਝੇ? ਕਲੀਸਿਯਾ ਦੇ ਨਾਲ ਜੋ ਕੁਝ ਵੀ



ਹੁਣ ਇਹ ਆਦਮੀ ਕੀ ਕਹਿੰਦਾ ਹੈ? ਉਹ ਕਹੇਗਾ ਕਿ ਭਾਈ ਇਹ ਇਹ ਸੀ ਜਾਂ ਕੁਝ ਹੋਰ। ਮੈਂ ਹੋਰ ਆਦਮੀ ਦੀ ਕਿਤਾਬ ਚੁੱਕਦਾ ਅਤੇ ਵੇਖਦਾ। ਉਸਨੇ ਕਿਹਾ, " ਇਹ ਸੋਚਿਆ ਸੀ। " ਅਤੇ ਇਹ ਇਸ ਤਰ੍ਹਾਂ ਲੱਗਦਾ ਹੈ, ਮੈਂ ਬਸ ......ਇਹ ਠੀਕ ਕੰਮ ਨਹੀਂ ਕਰ ਸਕੇ। ਸਮਝੇ?

340 ਤਦ ਫਿਰ ਮੈਂ ਸੋਚਿਆ, "ਪ੍ਰਭੂ ਇਹ ਕੀ ਗੱਲ ਹੈ?" ਅਤੇ ਮੈਂ ਥੋੜੀ ਦੇਰ ਤੱਕ ਫਰਸ਼ ਤੇ ਇੱਧਰ ਉੱਧਰ ਘੁੰਮਣ ਲੱਗ ਪਿਆ। ਮੈਂ ਗੋਡਿਆਂ ਭਾਰ ਹੋ ਕੇ ਦੁਆ ਕਰਦਾ। ਫਿਰ ਜਾ ਕੇ ਬਾਈਬਲ ਚੁੱਕਦਾ, ਬੈਠ ਕੇ ਪੜ੍ਹਦਾ ਅਤੇ ਫਿਰ ਘੁੰਮਦਾ।

341 ਅਤੇ ਫਿਰ ਇੱਕ ਦਮ ਜਦੋਂ ਮੈਂ ਸ਼ਾਂਤ ਹੋ ਜਾਂਦਾ ਤਾਂ ਇਹ ਇਸ ਤਰ੍ਹਾਂ ਪ੍ਰਗਟ ਹੋਣਾ ਸ਼ੁਰੂ ਹੁੰਦਾ। ਅਤੇ ਫਿਰ ਮੈਂ ਜਲਦੀ ਨਾਲ ਆਪਣਾ ਪੈੱਨ ਚੁੱਕਦਾ ਅਤੇ ਜੋ ਕੁਝ ਵੇਖਦਾ ਉਸਨੂੰ ਲਿਖਣਾ ਸ਼ੁਰੂ ਕਰ ਦਿੰਦਾ। ਇਹਨੂੰ ਬੜੇ ਹੀ ਧਿਆਨ ਨਾਲ ਇਸ ਤਰ੍ਹਾਂ ਵੇਖਦਾ ਜਦ ਤੱਕ ਕਿ ਮੈਂ ਲਿਖ ਨਹੀਂ ਲੈਂਦਾ।

342 ਅਤੇ ਫਿਰ ਬਾਕੀ ਬਚੇ ਹੋਏ ਦਿਨ ਵਿੱਚ ਮੈਂ ਜਾ ਕੇ ਇਹਨੂੰ ਲੱਭਦਾ ਅਤੇ ਵੇਖਦਾ ਕਿ ਇਹ ਸਾਰੇ ਵਚਨ ਨਾਲ ਮੇਲ ਖਾਂਦਾ ਹੈ। ਅਤੇ ਫਿਰ ....." ਸਾਰੀਆਂ ਗੱਲਾਂ ਨੂੰ ਪਰਖਦਾ। " ਸਮਝੇ? ਅਤੇ ਇਹ ਮੈਨੂੰ ਇੱਥੇ ਮਿਲ ਜਾਂਦਾ।

343 ਅਤੇ ਮੈਂ ਸੋਚਦਾ ਹਾਂ, "ਹੁਣ ਇੱਥੇ ਬਹੁਤ ਸਾਰੇ ਲੋਕਾਂ ਨੇ ਦਰਸ਼ਣ ਵੇਖੇ। ਬਹੁਤ ਸਾਰਿਆਂ ਨੂੰ ਪ੍ਰਕਾਸ਼ ਮਿਲੇ। " ਜੇਕਰ ਇਹ ਵਚਨ ਦੇ ਵਿਰੁੱਧ ਹੈ ਤਾਂ ਉਹਨੂੰ ਛੱਡ ਦਿਓ। ਇਹ ਠੀਕ ਹੈ, ਇਹਨੂੰ ਛੱਡ ਦਿਓ।

344 ਹੁਣ, ਹੁਣ ਫਿਰ ਮੈਂ ਭੱਜਦਾ--ਇਹ ਇਸ ਤਰ੍ਹਾਂ ਹੇਠਾਂ ਚਲਾ ਜਾਂਦਾ, ਮੈਂ ਛੋਟੀਆਂ ਗੱਲਾਂ ਨੂੰ ਇਕੱਠਾ ਕਰਦਾ। ਮੈਂ ਸੋਚਦਾ ਕਿ, "ਹੁਣ ਸੰਗਤੀ ਇਸਨੂੰ ਸੁਣ ਕੇ ਖੁਸ਼ ਹੋਵੇਗੀ ਕਿਉਂਕਿ ਇਹ ਇੱਥੇ ਅਤੇ ਉੱਥੇ ਮੇਲ ਖਾਂਦਾ ਹੈ। ਹੁਣ ਅਸੀਂ ਵੇਖੀਏ ਕਿ ਇਹ ਇੱਥੇ ਕੀ ਕਹਿੰਦਾ ਹੈ? ਹਾਂ ਜੀ, ਜੀ ਹਾਂ, ਇਹ ਠੀਕ ਇੱਥੇ ਹੈ। ਸਮਝੇ?

345 ਅਤੇ ਵਾਪਸ ਬਾਈਬਲ ਵਿੱਚ ਦੀ ਹੁੰਦੇ ਹੋਏ ਲਿਆਉਂਦਾ ਅਤੇ ਸਾਰਾ ਹਫਤਾ ਸਾਰੀਆਂ ਗੱਲਾਂ ਨੂੰ ਮਿਲਾਉਂਦਾ। ਇਹ ਇੱਥੇ ਟੇਪ ਤੇ ਹੈ। ਤੁਹਾਡਾ ਉਹਨਾਂ ਲਈ ਸਵਾਗਤ ਹੈ। ਅਤੇ ਮੈਂ ਆਪਣੀ ਸਮਝ, ਮਸੀਹੀ ਸੰਗਤੀ, ਪ੍ਰਮੇਸ਼ੁਰ ਦੀ ਕਿਰਪਾ ਨਾਲ ਜਿਹੜੀ ਸਾਰਿਆਂ ਮਨੁੱਖਾਂ ਤੇ ਯਿਸੂ ਮਸੀਹ ਰਾਹੀਂ ਹੈ ਦੇ ਦੁਆਰਾ ਬਹੁਤ ਵਧੀਆ ਯਤਨ ਨਾਲ ਕੀਤਾ ਹੈ। ਮੈਂ ਜਿੰਨਾ ਵਧੀਆ ਜਾਣਦਾ ਹਾਂ ਕਿ ਕਿਵੇਂ ਕਰਨਾ ਹੈ ਮੈਂ ਕੀਤਾ ਹੈ।

346 ਤੁਸੀਂ ਇੱਕ ਵਧੀਆ ਸੁਣਨ ਵਾਲੇ ਰਹੇ ਹੋ ਇੰਨੇ ਵਧੀਆ ਢੰਗ ਨਾਲ ਹੋਰ ਕੋਈ ਨਹੀਂ ਬੈਠ ਸੱਕਦਾ ਸੀ। ਤੁਸੀਂ ਸੱਭ ਇੱਥੇ ਦਿਨ ਦੇ ਇੱਕ ਵਜੇ ਆਏ ਸੀ ਅਤੇ ਪੰਜ ਵਜੇ ਤੱਕ, ਅਤੇ ਤਦ ਉਨ੍ਹਾਂ ਨੇ ਭਵਨ ਖੋਲ੍ਹਿਆ ਅਤੇ ਲਿਆਏ .....ਲੋਕਾਂ ਨੂੰ ਅੰਦਰ ਆਉਣ ਦਿੱਤਾ। ਤੁਸੀਂ ਠੰਢ ਵਿੱਚ ਖੜ੍ਹੇ ਰਹੇ। ਤੁਸੀਂ ਬਰਫ ਵਿੱਚ ਬੈਠੇ ਰਹੇ, ਤੁਸੀਂ ਸੱਭ ਕੁਝ ਕੀਤਾ, ਕੰਧਾਂ ਦੇ ਨਾਲ ਲੱਗੇ ਖੜ੍ਹੇ ਰਹੇ ਜਦ ਤੱਕ ਤੁਹਾਡੀਆਂ ਲੱਤਾਂ ਦਰਦ ਨਾ ਕਰਨ ਲੱਗ ਪਈਆਂ, ਮੈਂ ਆਦਮੀਆਂ ਨੂੰ ਵੇਖਦਾ ਕਿ ਉਹ ਹੇਠਾਂ ਬੈਠੇ ਅਤੇ ਔਰਤਾਂ ਨੂੰ ਬੈਠਣ ਦਿੱਤਾ। ਅਤੇ ਦੂਸਰੇ ਲੋਕ ਇਸ ਤਰ੍ਹਾਂ ਖੜ੍ਹੇ ਰਹੇ ਹੋਣਗੇ, ਅਤੇ ਆਲੇ ਦੁਆਲੇ ਬੈਠੇ। ਅਤੇ ਮੈਂ ਸੋਚਿਆ, "ਪ੍ਰਭੂ, ਸਾਰੇ ......."

334 ਪ੍ਰੰਤੂ ਮੈਂ ਠੋਸ ਸੱਚਾਈ ਨਾਲ ਪਿਆਰ ਕਰਦਾ ਹਾਂ ਇਹਦੇ ਨਾਲ ਕੋਈ ਪ੍ਰਵਾਹ ਨਹੀਂ ਕਿ ਇਹ ਇੱਧਰ ਜਾਂ ਉੱਧਰ ਕਿੰਨਾ ਵਿਘਨ ਪਾਉਂਦੀ ਹੈ। ਜੇ ਇਹ ਸੱਚਾਈ ਹੈ ਤਾਂ ਪ੍ਰਮੇਸ਼ੁਰ ਇਹਨੂੰ ਪ੍ਰਗਟ ਕਰ ਦੇਵੇਗਾ ਕਿ ਇਹ ਸੱਚਾਈ ਹੈ। ਅਤੇ ਜੇ ਉਹ ਛੇਤੀ ਹੀ ਇਨ੍ਹਾਂ ਦਿਨਾਂ ਵਿੱਚ ਇਹ ਨਹੀਂ ਕਰਦਾ ਤਾਂ ਮੇਰੇ ਦਰਸ਼ਨ ਸੱਚੇ ਨਹੀਂ ਸਨ। ਹੁਣ ਤੁਸੀਂ ਵੇਖੋ ਕਿ ਮੈਂ ਆਪਣੇ ਆਪ ਨੂੰ ਕਿੱਥੇ ਰੱਖਿਆ ਹੈ।

335 ਭਾਈ ਬ੍ਰਾਨਹਾਮ ਇਹ ਕਦੋਂ ਹੋਵੇਗਾ? ਮੈਂ ਤੁਹਾਨੂੰ ਨਹੀਂ ਦੱਸ ਸੱਕਦਾ। ਮੈਨੂੰ ਨਹੀਂ ਪਤਾ।

336 ਪ੍ਰੰਤੂ ਇਨ੍ਹਾਂ ਹੀ ਕਿਸੇ ਦਿਨਾਂ ਵਿੱਚ ਇੱਕ ਦਿਨ, ਜੇ ਅਸੀਂ ਇਸ ਧਰਤੀ ਤੇ ਫਿਰ ਕਦੇ ਨਾ ਮਿਲੇ ਤਾਂ ਅਸੀਂ ਉੱਥੇ -ਮਸੀਹ ਦੇ ਨਿਆਂ ਦੇ ਸਿੰਘਾਸਣ ਸਾਹਮਣੇ ਮਿਲਣ ਜਾ ਰਹੇ ਹਾਂ। ਅਤੇ ਤੁਹਾਨੂੰ ਪਤਾ ਲੱਗੇ ਕਿ ਉਸ ਕਮਰੇ ਵਿੱਚ ਜਿਹੜਾ ਪ੍ਰਕਾਸ਼ ਪ੍ਰਮੇਸ਼ੁਰ ਵਲੋਂ ਆਇਆ( ਉਹ ਉਨ੍ਹਾਂ ਬਾਕੀਆਂ ਵਾਗੂੰ ਹੈ )ਜੋ ਉਹ ....ਉਸ ਮੋਹਰ ਦਾ ਇੱਕ ਭੇਤ, ਕਾਰਨ ਕਿ ਉਹ ਪ੍ਰਗਟ ਨਹੀਂ ਕੀਤਾ ਗਿਆ, ਇਹ ਸੱਤ ਗਰਜ਼ਾਂ ਦੇ ਬੋਲੇ ਹੋਏ ਸ਼ਬਦ ਸਨ, ਅਤੇ ਇਹ ਸੰਪੂਰਨ ਹੈ ਕਿਉਂਕਿ ਇਹਦੇ ਬਾਰੇ ਵਿੱਚ ਕੋਈ ਵੀ ਕੁਝ ਨਹੀਂ ਜਾਣਦਾ ਹੈ ;ਇੱਥੋਂ ਤੱਕ ਕਿ ਇਹ ਲਿਖਿਆ ਵੀ ਨਹੀਂ ਗਿਆ। ਇਸ ਲਈ ਅਸੀਂ ਅੰਤ ਸਮੇਂ ਵਿੱਚ ਹਾਂ ;ਅਸੀਂ ਇੱਥੇ ਹਾਂ। ਮੈਂ ਉਹਦੇ ਵਚਨ ਲਈ ਖੁਦਾ ਦਾ ਧੰਨਵਾਦ ਕਰਦਾ ਹਾਂ।

337 ਮੈਂ ਉਹਦਾ ਯਿਸੂ ਮਸੀਹ ਲਈ ਧੰਨਵਾਦ ਕਰਦਾ ਹਾਂ। ਕਿਉਂਕਿ ਸਾਡੇ ਪਾਪਾਂ ਦੇ ਇਵਜ਼ ਲਈ ਉਸਨੂੰ ਭੇਜਣ ਤੋਂ ਬਿਨਾਂ-ਅਸੀਂ ਗੁਨਾਹਾਂ ਦੀ ਵੱਡੀ ਦਲ-ਦਲ ਵਿੱਚ, ਬਿਨਾਂ ਕਿਸੇ ਆਸ ਦੇ ਪਏ ਹੋਏ ਹੁੰਦੇ। ਪ੍ਰੰਤੂ ਉਸਦੀ ਕਿਰਪਾ ਨਾਲ -ਉਸਦਾ ਲਹੂ ਸਾਰੇ ਪਾਪਾਂ ਨੂੰ ਧੋਂਦਾ ਹੈ। ਜਿਵੇਂ ਕਿ ਸਿਆਹੀ ਦਾ ਇੱਕ ਤੁਪਕਾ ਬਾਲਟੀ ਭਰੇ ਹੋਏ ਰੰਗਕਾਟ ਵਿੱਚ ਸੁੱਟਣ ਤੇ ਤੁਸੀਂ ਉਸ ਸਿਆਹੀ ਨੂੰ ਫਿਰ ਦੁਬਾਰਾ ਕਦੇ ਨਹੀਂ ਲੱਭ ਸੱਕਦੇ ਹੋ। ਜਦੋਂ ਤੁਹਾਡੇ ਕੋਲ ਮੰਨ ਲਏ ਗਏ ਪਾਪ ਹੁੰਦੇ ਹਨ ਤਾਂ ਇਹ ਯਿਸੂ ਮਸੀਹ ਦੇ ਲਹੂ ਵਿੱਚ ਪਾ ਦਿੱਤੇ ਜਾਂਦੇ ਹਨ। ਪ੍ਰਮੇਸ਼ੁਰ ਉਨ੍ਹਾਂ ਨੂੰ ਭੁੱਲ ਜਾਂਦਾ ਹੈ, ਉਹ ਕਦੇ ਕੀਤੇ ਹੀ ਨਹੀਂ ਗਏ। ਅਤੇ ਜਦੋਂ ਤੱਕ ਉਹ ਕੁਰਬਾਨੀ ਸਾਡੇ ਪਾਪਾਂ ਦੇ ਪ੍ਰਾਸ਼ਚਿਤ ਲਈ ਉੱਥੇ ਮੌਜੂਦ ਹੈ, ਤਦ ਇਹ ........ਇਹ ਹੀ ਹੈ। ਅਸੀਂ ਅਗਾਂਹ ਤੋਂ ਹੁਣ ਪਾਪੀ ਨਹੀਂ ਹਾਂ ;ਅਸੀਂ ਪ੍ਰਮੇਸ਼ੁਰ ਦੀ ਕਿਰਪਾ ਨਾਲ ਮਸੀਹੀ ਹਾਂ। ਅਤੇ ਯਾਦ ਰੱਖੋ ਅਸੀਂ ਅਪਣੀ ਨਿਗਾਹ ਵਿੱਚ ਇੰਨੇ ਖਰਾਬ ਹਾਂ ਜਿੰਨੇ ਕਿ ਅਸੀਂ ਸੀ, ਪ੍ਰੰਤੂ ਵੇਖੋ, ਖੁਦਾ ਦੀ ਕਿਰਪਾ ਜੋ ਸਾਡੇ ਤੇ ਪ੍ਰਗਟ ਹੋਈ ਇਸੇ ਨੇ ਹੀ ਸਾਨੂੰ ਜੋ ਅਸੀਂ ਅੱਜ ਹਾਂ ਇਹ ਬਣਾਇਆ ਹੈ : ਮਸੀਹੀ ਭਾਈ ਅਤੇ ਭੈਣ ਬਣਾਇਆ ਹੈ।

338 ਮੇਰੇ ਲਈ ਇਹ ਹਫਤਾ ਬਹੁਤ ਹੀ ਸ਼ਾਨਦਾਰ ਰਿਹਾ। ਮੈਂ ਥੱਕ ਗਿਆ ; ਮੇਰਾ ਦਿਮਾਗ ਥੱਕ ਗਿਆ, ਕਿਉਂਕਿ ਮੈਂ-ਮੈਂ ਜੋ ਕੁਝ ਆਪਣੇ ਪੂਰੇ ਯਤਨ ਨਾਲ ਕਰ ਸੱਕਦਾ ਸੀ। ਅਤੇ ਹਰੇਕ ਦਿਨ ਕੁਝ ਅਜੀਬ ਜਿਹਾ ਹੋ ਰਿਹਾ ਹੈ। ਮੈਂ ਕਮਰੇ ਵਿੱਚ ਘੁੰਮਦੇ ਹੋਏ ਕੁਝ ਮਿੰਟਾਂ ਲਈ ਹੈਰਾਨ ਹੋਇਆ ਹੋਵਾਂਗਾ, ਅਤੇ ਕੁਝ ਵੇਖਿਆ ਜਿਹਨੇ ਮੈਨੂੰ ਪੂਰਾ ਘੁਮਾ ਦਿੱਤਾ।

339 ਅਤੇ ਇੱਥੇ, ਮੈਂ ਉੱਥੇ ਜਾ ਕੇ ਉਨ੍ਹਾਂ ਪਰਚੀਆਂ ਨੂੰ ਚੁੱਕਦਾ। ਮੈਂ ਡਾਕਟਰ ਸਮਿੱਥ, ਓਰੀਯਾਹ ਸਮਿੱਥ ਦੀਆਂ ਕਿਤਾਬਾਂ ਨੂੰ ਚੁੱਕਦਾ, ਅਤੇ ਔਹ, ਸਾਰੇ ਲੇਖਕਾਂ ਅਤੇ ਸੱਭ ਕੁਝ ਮੈਂ ਉਨ੍ਹਾਂ ਦੀਆਂ ਪੁਸਤਕਾਂ ਨੂੰ ਪੜ੍ਹਿਆ। ਮੈਂ ਕਹਿੰਦਾ ਹਾਂ ਕਿ, "ਹੁਣ ਇੱਥੇ ਛੇਵੀਂ ਮੋਹਰ ਹੈ। ਇੱਥੇ ਚੋਥੀ ਮੋਹਰ ਹੈ।



ਹੋਇਆ ਉਹ ਪ੍ਰਕਾਸ਼ ਪੋਥੀ ਦੇ ਚਾਰ ਬਾਬ ਤੱਕ ਹੁੰਦਾ ਹੈ ਹਰੇਕ ਚੀਜ਼ ਜਿਹੜੀ ਮਸੀਹ ਵਿਰੋਧੀ ਦੁਆਰਾ ਹੋਈ ਉਹ ਚਾਰ ਬਾਬ ਤੱਕ ਗਈ, ਅਤੇ ਪ੍ਰਕਾਸ਼ਾਂ ਦੀ ਚੋਥੀ ਮੋਹਰ, ਮਸੀਹ ਵਿਰੋਧੀ ਅਤੇ ਮਸੀਹ ਦੋਹਾਂ ਲਈ ਖਤਮ ਹੋ ਗਈ ਅਤੇ ਮਸੀਹ ਵਿਰੋਧੀ ਅਤੇ ਉਸਦੀ ਫੋਜ ਆਪਣੇ ਨਾਸ਼ ਤੇ ਆ ਗਏ ਅਤੇ ਮਸੀਹ ਆਪਣੀ ਫੋਜ ਦੇ ਨਾਲ ਆਉਂਦਾ ਹੈ।

64 ਇਹ ਇੱਕ ਪੁਰਾਣੀ ਲੜ੍ਹਾਈ ਹੈ ਜਿਹੜੀ ਸਮੇਂ ਦੀ ਸ਼ੁਰੂਆਤ ਤੋਂ ਪਹਿਲਾਂ ਦੀ ਸ਼ੁਰੂ ਹੋਈ ਹੈ ਅਤੇ ਤਦ ਉਹ ਸਨ .....ਸ਼ੈਤਾਨ ਅਤੇ ਉਸਦੇ ਦੂਤਾਂ ਨੂੰ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ ਗਿਆ ਸੀ। ਅਤੇ ਫਿਰ ਉਹ ਧਰਤੀ ਤੇ ਆ ਗਏ, ਅਤੇ ਯੁੱਧ ਫਿਰ ਸ਼ੁਰੂ ਹੋ ਗਿਆ। ਕਿਉਂਕਿ ਹੱਵਾਹ ਨੇ ਉਸ ਹੱਦ ਨੂੰ ਤੋੜ ਦਿੱਤਾ ਜਿਸ ਵਚਨ ਦੇ ਪਿੱਛੇ ਉਸਨੂੰ ਅਲੱਗ ਕਰਕੇ ਰੱਖਿਆ ਗਿਆ ਸੀ ਅਤੇ ਉਸੇ ਘੜੀ ਤੋਂ ਹੀ ਸ਼ੈਤਾਨ ਨੇ ਇਸ ਯੁੱਧ ਵਿੱਚ ਪ੍ਰਮੇਸ਼ੁਰ ਦੇ ਵਚਨ ਉੱਤੇ ਜਿੱਤ ਪਾ ਲਈ ਕਿਉਂਕਿ ਪ੍ਰਮੇਸ਼ੁਰ ਦੇ ਕਮਜ਼ੋਰ ਬਰਤਨ ਨੇ, ਸੀਮਾ ਨੂੰ ਤੋੜ ਦਿੱਤਾ ਸੀ ਅਤੇ ਬਿਲਕੁੱਲ ਇਸੇ ਤਰ੍ਹਾਂ ਉਹ ਹਰ ਵਾਰ ਯੁੱਧ ਜਿੱਤਦਾ ਹੈ, ਕਿਉਂਕਿ ਉਸਦੀ ਪਰਜਾ ਵਿੱਚੋਂ ਇੱਕ ਨੇ ਵਚਨ ਵਿੱਚੋਂ ਰਸਤਾ ਖੋਲ੍ਹ ਦਿੱਤਾ।

65 ਅਤੇ ਇਹ ਇਸ ਕਲੀਸਿਯਾ ਦੇ ਯੁੱਗ ਦੇ ਅੰਤ ਵਿੱਚ ਜੱਥੇਬੰਦਕ ਪ੍ਰਣਾਲੀ ਰਾਹੀਂ ਕੀਤਾ ਸੀ ਜੋ ਕਿ ਜੀਉਂਦੇ ਪ੍ਰਮੇਸ਼ੁਰ ਦੀ ਅਸਲੀ ਪਵਿੱਤਰ ਕਲੀਸਿਯਾ ਜੋ ਕਿ ਝੂਠੇ ਘੋੜਸਵਾਰ ਦੇ ਨਾਲ ਜੋ ਕਲੀਸਿਯਾ ਨੂੰ ਵਚਨ ਤੋਂ ਅਕੀਦਿਆਂ ਵੱਲ ਨੂੰ ਮੋੜ ਦਿੰਦਾ ਹੈ, ਨੂੰ ਕਬੂਲ ਨਹੀਂ ਕਰੇਗੀ।

66 ਹੁਣ ਕਿੰਨੇ ਇਹ ਜਾਣਦੇ ਹਨ ਕਿ ਇਹ ਅਕੀਦੇ ਹਨ ਜਿਨ੍ਹਾਂ ਤੇ ਰੋਮਨ ਕੈਥੋਲਿਕ ਕਲੀਸਿਯਾ ਬਣੀ ਹੈ? [ਸੰਗਤ ਆਖਦੀ, "ਆਮੀਨ। "]ਕੀ ਉਹ ਇਹਨੂੰ ਕਬੂਲ ਕਰਦੇ ਹਨ ?ਠੀਕ ਹੈ। ਬੇਸ਼ੱਕ। ਬਿਲਕੁੱਲ, ਉਹ ਇਹਨੂੰ ਕਬੂਲ ਕਰਦੇ ਹਨ। ਇਹ ਹੀ ਸੱਭ ਕੁਝ ਨਹੀਂ ਹੈ। ਕੈਥੋਲਿਕ, ਯਕੀਨਨ ਹੀ ਇਹ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਜਰਾ ਵੀ ਚੋਟ ਨਹੀਂ ਪਹੁੰਚਾਏਗਾ ਕਿਉਂਕਿ ਉਹ ਇਹ ਜਾਣਦੇ ਹਨ। ਜਿਆਦਾ ਸਮਾਂ ਨਹੀਂ ਹੋਇਆ ਹੁਣੇ ਹੀ ਉਨ੍ਹਾਂ ਨੇ ਕੁਝ ਨਵਾਂ ਵਧਾਇਆ ਹੈ ਕਿ ਮਰਿਯਮ ਜੀ ਉੱਠੀ ਸੀ। ਤੁਹਾਨੂੰ ਇਹ ਯਾਦ ਹੈ, ਇੱਥੇ ਕੁਝ ਸਾਲ ਪਹਿਲਾਂ, ਲੱਗ ਭੱਗ ਦਸ ਸਾਲ ਪਹਿਲਾਂ। ਤੁਹਾਡੇ ਵਿੱਚੋਂ ਕਿੰਨਿਆਂ ਨੂੰ ਯਾਦ ਹੈ? [ਆਮੀਨ]ਉੱਥੇ ਕਾਗਜ਼। ਬਿਲਕੁੱਲ, ਸਮਝੇ? ਹਰ ਚੀਜ਼ ਨਵਾਂ, "ਮਤ"। ਵੇਖੋ, ਇਹ ਸੱਭ ਮੱਤ ਹੈ, ਵਚਨ ਨਹੀਂ ਹੈ। ਸਮਝੇ?

67 ਹੁਣੇ ਜਿਹੇ ਇੱਕ ਮੁਲਾਕਾਤ ਵਿੱਚ ਇੱਕ ਪ੍ਰੋਹਿਤ, ਉਸਨੇ ਕਿਹਾ ਸੀ, "ਸ਼੍ਰੀ ਮਾਨ ਬ੍ਰਾਨਹਾਮ।"

ਉਸਨੇ ਕਿਹਾ, " ਖੁਦਾ ਆਪਣੀ ਕਲੀਸਿਯਾ ਵਿੱਚ ਹੈ। "

ਮੈਂ ਕਿਹਾ, " ਖੁਦਾ ਆਪਣੇ ਵਚਨ ਵਿੱਚ ਹੈ। "

ਉਸਨੇ ਕਿਹਾ, " ਅਸੀਂ ਬਹਿਸ ਨਹੀਂ ਕਰਨੀ ਹੈ। "

68 ਮੈਂ ਕਿਹਾ, " ਮੈਂ ਬਹਿਸ ਨਹੀਂ ਕਰ ਰਿਹਾ ਹਾਂ, ਮੈਂ ਬਸ ਇੱਕ ਗੱਲ ਕਰ ਰਿਹਾ ਹਾਂ। ਪ੍ਰਮੇਸ਼ੁਰ ਆਪਣੇ ਵਚਨ ਵਿੱਚ ਹੈ। ਇਹ ਠੀਕ ਹੈ। ਵਚਨ ਵਿੱਚ ਕਿਹਾ ਜੋ ਕੋਈ ਵੀ ਇਸ ਵਿੱਚੋਂ ਕੁਝ ਕੱਢੇਗਾ ਜਾਂ ਇਸ ਵਿੱਚ ਕੁਝ ਜੋੜੇਗਾ।

69 ਉਸਨੇ ਕਿਹਾ, " ਠੀਕ ਹੈ, ਪ੍ਰਮੇਸ਼ੁਰ ਨੇ ਦਿੱਤਾ .....ਮਸੀਹ ਨੇ ਆਪਣੀ ਕਲੀਸਿਯਾ ਨੂੰ ਹੱਕ ਦਿੱਤਾ ਹੈ ਅਤੇ ਉਨ੍ਹਾਂ ਨੂੰ ਕਿਹਾ ਹੈ ਕਿ ਉਹ ਜੋ ਵੀ ਧਰਤੀ ਉੱਤੇ ਬੰਨਣਗੇ ਉਹ ਸੁਰਗ ਵਿੱਚ ਬੱਝ ਜਾਵੇਗਾ, ਅਤੇ ਕੀ .....

ਮੈਂ ਕਿਹਾ, "ਇਹ ਬਿਲਕੁੱਲ ਸੱਚ ਹੈ। "

70 ਉਸਨੇ ਕਿਹਾ, " ਅਸੀਂ ਇਸੇ ਤੇ .....ਅਸੀਂ ਇਸੇ ਸਿਧਾਂਤ ਤੇ ਹਾਂ ਕਿ ਸਾਨੂੰ ਪਾਪ ਮਾਫ ਕਰਨ ਦਾ ਅਧਿਕਾਰ ਹੈ। "

71 ਅਤੇ ਮੈਂ ਕਿਹਾ, " ਜੇ ਤੁਸੀਂ ਉਸੇ ਤਰ੍ਹਾਂ ਕਰੋਗੇ ਜਿਵੇਂ ਕਿ ਕਲੀਸਿਯਾ ਨੂੰ ਦਿੱਤਾ ਗਿਆ ਸੀ ਅਤੇ ਜਿਵੇਂ ਉਨ੍ਹਾਂ ਨੇ ਕੀਤਾ ਸੀ ਤਾਂ ਮੈਂ ਇਹਨੂੰ ਕਬੂਲ ਕਰ ਲਵਾਂਗਾ। ਇਹ ਪਾਣੀ ਹੈ ਜੇ ਤੁਸੀਂ ਇਸ ਤਰ੍ਹਾਂ ਕਰਦੇ ਹੋ, ਆਪਣੇ ਪਾਪਾਂ ਦੀ ਮਾਫੀ ਲਈ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਦਿੰਦੇ ਹੋ। ਇਸ ਤਰ੍ਹਾਂ ਨਹੀਂ ਕਿ ਕੋਈ ਦੱਸੇ ਤੁਹਾਡੇ ਪਾਪ ਮਾਫ ਹੋ ਗਏ ਹਨ। ਸਮਝੇ? ਵੇਖਿਆ? ਇਹ ਬਿਲਕੁੱਲ ਠੀਕ ਹੈ।

72 ਪਤਰਸ ਨੂੰ ਪੰਤੇਕੁਸਤ ਦੇ ਦਿਨ ਕੁੰਜੀਆਂ ਨਾਲ ਵੇਖੋ। ਯਾਦ ਰੱਖੋ ਉਸਦੇ ਕੋਲ ਕੁੰਜੀਆਂ ਹਨ ਜਿਹਦੇ ਬਾਰੇ ਵਿੱਚ ਉਹ ਗੱਲ ਕਰ ਰਹੇ ਹਨ। ਅਤੇ ਉਨ੍ਹਾਂ ਨੇ ਕਿਹਾ, " ਮਨੁੱਖੋ ਅਤੇ ਭਾਈਓ ਮੁਕਤੀ ਪਾਉਣ ਲਈ ਅਸੀਂ ਕੀ ਕਰੀਏ?"

73 ਪਤਰਸ ਨੇ ਕਿਹਾ, " ਤੁਹਾਡੇ ਵਿੱਚੋਂ ਹਰੇਕ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲਵੇ (ਕਾਹਦੇ ਲਈ?)ਆਪੋ ਆਪਣੇ ਪਾਪਾਂ ਦੀ ਮਾਫੀ ਲਈ ਅਤੇ ਤਦ ਤੁਸੀਂ ਪਵਿੱਤਰ ਆਤਮਾ ਦਾ ਦਾਨ ਪਾਓਗੇ। ਕਿਉਂਕਿ ਇਹ ਕਰਾਰ ਤੁਹਾਡੇ ਨਾਲ ਅਤੇ ਤੁਹਾਡੇ ਬੱਚਿਆਂ ਨਾਲ ਅਤੇ ਉਨ੍ਹਾਂ ਦੂਰ-ਦੂਰ ਦਿਆਂ ਨਾਲ ਹੈ ਜਿਨ੍ਹਾਂ ਨੂੰ ਸਾਡਾ ਪ੍ਰਭੂ ਪ੍ਰਮੇਸ਼ੁਰ ਆਪਣੇ ਕੋਲ ਬੁਲਾਏਗਾ। " ਇਹ ਠੀਕ ਹੈ। ਇਸ ਲਈ ਇਹ ਹਮੇਸ਼ਾਂ ਲਈ ਤਹਿ ਹੋ ਗਿਆ, ਇਹੋ ਹੀ ਹੈ। ਜਿਹਨੇ ਇਹ ਕੀਤਾ।

74 ਹੁਣ, ਪ੍ਰੰਤੂ ਤੁਸੀਂ ਵੇਖੋ ਕਿ ਮਸੀਹ ਵਿਰੋਧੀ ਅੰਦਰ ਆਇਆ ਜਿਵੇਂ ਕਿ ਅਸੀਂ ਇਹਦਾ ਬਿਆਨ ਕੀਤਾ ਅਤੇ ਦੱਸਿਆ ਸੀ। ਮੇਰੇ, ਮੇਰੇ !ਕਿੰਨਾ ਵਧੀਆ ਪ੍ਰਕਾਸ਼ ਹੈ !ਅਤੇ ਇਨ੍ਹਾਂ ਸਾਲਾਂ ਵਿੱਚ, ਇਹ ਸੋਚਦੇ ਹੋਏ ਅਸੀਂ ਵੇਖਦੇ ਹਾਂ ਇਹ ਅਗਾਂਹ ਵੱਧ ਰਿਹਾ ਹੈ ਅਤੇ ਇੱਥੇ ਇਹ ਸਿੱਧਤਾ ਵਿੱਚ, *ਯਹੋਵਾਵ ਇਉਂ ਫਰਮਾਉਂਦਾ ਹੈ।*

75 ਹੁਣ ਅਸੀਂ ਧਿਆਨ ਦਿੰਦੇ ਹਾਂ, ਹੁਣ ਇਹ ਜਿਹੜੀ ਸੱਤਵੇਂ ਅਤੇ ਅੱਠਵੇਂ ਬਾਬ ਵਿੱਚ ਦੂਰੀ ਹੈ। ਹੁਣ ਪ੍ਰਕਾਸ਼ ਪੋਥੀ 7 ਬਾਬ ਵਿੱਚ ਕੁਝ ਵਾਪਰਦਾ ਹੈ। ਇੱਥੇ ਇਹ ਐਵੇਂ ਹੀ ਨਹੀਂ ਹੋ ਗਈ। ਇਹ ਬਿਨਾਂ ਕਿਸੇ ਗੱਲ ਦੇ ਐਵੇਂ ਹੀ ਵਿਚਕਾਰ ਨਹੀਂ ਰੱਖੀ ਗਈ ਹੈ। ਸਮਝੇ?ਇੱਥੇ ਇਹ ਕਿਸੇ ਮਕਸਦ ਲਈ ਹੈ ਅਤੇ ਇਹ ਇੱਕ ਪ੍ਰਕਾਸ਼ ਹੈ ਜੋ ਕਿ ਕੁਝ ਪ੍ਰਗਟ ਕਰਦਾ ਹੈ। ਧਿਆਨ ਦਿਓ, ਕਿੰਨੇ ਭੇਦਭਰੇ ਅਤੇ ਗਣਿਤ ਦੇ ਢੰਗ ਨਾਲ ਇਹਨੂੰ ਇੱਥੇ ਲਿਖਤਾਂ ਵਿੱਚ ਰੱਖਿਆ ਗਿਆ ਹੈ। (ਸਮਝੇ?) ਬਿਲਕੁੱਲ।

76 ਕੀ ਤੁਸੀਂ ਪ੍ਰਮੇਸ਼ੁਰ ਦੇ ਗਣਿਤ ਵਿੱਚ ਪ੍ਰਤੀਤ ਕਰਦੇ ਹੋ? [ਸੰਗਤ ਆਖਦੀ ਹੈ, "ਆਮੀਨ।"] ਜੇ ਤੁਸੀਂ ਪ੍ਰਤੀਤ ਨਹੀਂ ਕਰਦੇ ਤਾਂ ਤੁਸੀਂ ਇਸ ਤੋਂ ਖੁੰਝ ਜਾਓਗੇ .....ਬਿਲਕੁੱਲ ਤੁਸੀਂ ਵਚਨ ਵਿੱਚ



325 ਹੁਣ ਜਦੋਂ ਇਹ ਟੇਪ ਹੋ ਜਾਂਦਾ ਹੈ ਜੋ ਕਿ ਇਹ ਹੋ ਰਿਹਾ ਹੈ ਤਾਂ ਸੰਭਵ ਹੈ ਕਿ ਇਹ ਮੇਰੇ ਦਸ ਹਜ਼ਾਰ ਦੋਸਤਾਂ ਨੂੰ ਮੇਰੇ ਕੋਲੋਂ ਦੂਰ ਕਰ ਦੇਵੇਗਾ ਕਿਉਂਕਿ ਉਹ ਇਹ ਕਹਿਣ ਜਾ ਰਹੇ ਹਨ ਕਿ ਭਾਈ ਬ੍ਰਾਨਹਾਮ ਆਪਣੇ ਆਪ ਨੂੰ ਪ੍ਰਮੇਸ਼ੁਰ ਦੇ ਅੱਗੇ, ਪ੍ਰਮੇਸ਼ੁਰ ਦਾ ਨਬੀ ਅਤੇ ਸੇਵਕ ਜਾਂ ਅਜਿਹਾ ਹੀ ਕੁਝ ਬਣਾਉਣ ਦਾ ਯਤਨ ਕਰ ਰਿਹਾ ਹੈ। ਮੇਰੇ ਭਾਈਓ, ਮੈਂ ਤੁਹਾਨੂੰ ਦੱਸਦਾ ਹਾਂ ਕਿ ਇਹ ਇੱਕ ਗਲਤੀ ਹੈ।

326 ਮੈਂ ਸਿਰਫ ਤੁਹਾਨੂੰ ਉਹ ਦੱਸ ਰਿਹਾ ਹਾਂ ਜੋ ਮੈਂ ਵੇਖਿਆ ਹੈ ਅਤੇ ਜੋ ਕੁਝ ਮੈਨੂੰ ਦੱਸਿਆ ਗਿਆ ਹੈ। ਅਤੇ ਹੁਣ ਤੁਸੀਂ- ਤੁਸੀਂ ਜੋ ਚਾਹੋ ਉਹ ਕਰੋ। ਮੈਨੂੰ ਨਹੀਂ ਪਤਾ ਕਿ ਕਿਹੜਾ .....ਕਿ ਕੀ ਹੋਣ ਜਾ ਰਿਹਾ ਹੈ। ਮੈਨੂੰ ਨਹੀਂ ਪਤਾ। ਮੈਨੂੰ ਬਸ ਇੰਨਾ ਪਤਾ ਹੈ ਕਿ ਉਹ ਸੱਤ ਗਰਜਾਂ ਆਪਣੇ ਵਿੱਚ ਉਸ ਭੇਤ ਨੂੰ ਰੱਖਦੀਆਂ ਹਨ ਕਿ ਸਵਰਗ ਚੁੱਪ ਸੀ। (ਕੀ ਹਰ ਕੋਈ ਸਮਝ ਗਿਆ?)[ਸੰਗਤ ਆਖਦੀ ਹੈ, "ਆਮੀਨ। "-ਸੰਪਾ]ਇਹ ਸਮਾਂ ਹੋ ਸੱਕਦਾ ਹੈ। ਇਹ ਸਮਾਂ ਹੁਣ ਹੋ ਸੱਕਦਾ ਹੈ, ਕਿ ਉਹ ਮਹਾਨ ਵਿਅਕਤੀ ਜਿਹਦੇ ਦ੍ਰਿਸ਼ ਤੇ ਆਉਣ ਦੀ ਅਸੀਂ ਆਸ ਕਰਦੇ ਹਾਂ, ਦ੍ਰਿਸ਼ ਤੇ ਪ੍ਰਗਟ ਹੋ ਸੱਕਦਾ ਹੈ।

327 ਹੋ ਸੱਕਦਾ ਹੈ ਇਹ ਸੇਵਕਾਈ ਜੋ ਕਿ ਮੈਂ ਲੋਕਾਂ ਨੂੰ ਵਚਨ ਤੇ ਲਿਆਉਣ ਦੀ ਕੋਸ਼ਿਸ਼ ਕੀਤੀ ਹੈ ਇਹ ਨੀਂਹ ਨੂੰ ਰੱਖੇ ; ਜੇ ਇਹ ਇਸ ਤਰ੍ਹਾਂ ਹੈ ਤਾਂ ਮੈਂ ਤੁਹਾਡੀ ਭਲਾਈ ਲਈ ਛੱਡ ਰਿਹਾ ਹਾਂ। ਇੱਕ ਸਮੇਂ ਤੇ ਅਸੀਂ ਦੋਨੋਂ ਇੱਕਠੇ ਨਹੀਂ ਰਹਿ ਸੱਕਦੇ। ਸਮਝੇ?ਜੇ ਇਹ ਹੈ ਤਾਂ ਉਹ ਵਧੇਗਾ, ਮੈਂ ਘਟਾਂਗਾ। ਮੈਨੂੰ ਨਹੀਂ ਪਤਾ।

328 ਪ੍ਰੰਤੂ ਮੈਨੂੰ ਖੁਦਾ ਕੋਲੋਂ ਖਾਸ ਮੌਕਾ ਮਿਲਿਆ ਕਿ ਵੇਖਾਂ ਅਤੇ ਸਮਝਾ ਕਿ ਇਹ ਕੀ ਸੀ (ਸਮਝੇ, ਸਮਝੇ?) ਕਿ ਇੰਨਾ ਪ੍ਰਗਟ ਕਰਾਂ। ਹੁਣ ਇਹ ਸੱਚ ਹੈ।

329 ਅਤੇ ਮੈਨੂੰ ਯਕੀਨ ਹੈ ਕਿ ਤੁਸੀਂ ਇਨ੍ਹਾਂ ਗੱਲਾਂ ਤੇ ਧਿਆਨ ਦਿੱਤਾ ਹੋਵੇਗਾ ਜਿਹੜੀਆਂ ਕਿ ਇਸ ਹਫਤੇ ਹੋ ਰਹੀਆਂ ਸਨ। ਅਤੇ ਮੈਨੂੰ ਯਕੀਨ ਹੈ ਕਿ ਤੁਸੀਂ ਛੋਟੇ ਮੁੰਡੇ ਕੋਲਿਨਸ ਵੱਲ ਜੋ ਇੱਥੇ ਪਿਆ ਉਸ ਰਾਤ ਮਰ ਰਿਹਾ ਸੀ, ਉਸ ਛੋਟੀ ਕੈਂਸਰ ਵਾਲੀ ਕੁੜੀ ਵੱਲ ਧਿਆਨ ਦਿੱਤਾ ਹੋਵੇਗਾ।

330 ਪ੍ਰਮੇਸ਼ੁਰ ਦਾ ਰਾਜ ਆ ਰਿਹਾ ਹੈ। ਅਤੇ ਇਹ ਛਾਇਆ ਅਥਵਾ ਨਕਾਰਤਮਕ ਤੋਂ ਸੱਚਾਈ ਅਥਵਾ ਸਕਾਰਤਮਕ ਵਿੱਚ ਬਦਲਦਾ ਜਾ ਰਿਹਾ ਹੈ। ਹੁਣ ਇਹ ਲੋਕਾਂ ਦੇ ਦਿਲਾਂ ਨੂੰ ਬਿਠਾ ਨਾ ਦੇਵੇ। ਧਰਮੀ ਠਹਿਰਾਏ ਜਾਣ ਤੋਂ ਪਵਿੱਤਰ ਠਹਿਰਾਏ ਜਾਣ ਤੱਕ ਅਤੇ ਫਿਰ ਪਵਿੱਤਰ ਆਤਮਾ ਦਾ ਬਪਤਿਸਮਾ ਅਤੇ ਫਿਰ--ਇੱਥੇ। ਸਮਝੇ?ਅਸੀਂ ਹਰ ਸਮੇਂ ਬਸ ਪ੍ਰਮੇਸ਼ੁਰ ਦੇ ਨਜ਼ਦੀਕ ਆ ਰਹੇ ਹਾਂ।

331 ਕੀ ਤੁਸੀਂ ਮੈਥੋਡਿਸਟ ਸੇਵਾਦਾਰਾਂ ਨੂੰ ਨਹੀਂ ਵੇਖ ਸੱਕਦੇ ਕਿ ਕਿਵੇਂ ਤੁਹਾਡਾ ਸੰਦੇਸ਼ ਜੋ ਕਿ ਪਵਿੱਤਰ ਠਹਿਰਾਏ ਜਾਣ ਦਾ ਸੀ, ਉਸ ਤੋਂ ਉੱਪਰ ਸੀ ਜੋ ਲੂਥਰ ਨੇ ਪ੍ਰਚਾਰ ਕੀਤਾ ਸੀ?

332 ਤੁਸੀਂ ਪੈਂਟੀਕਾਸਟਲੋ ਕੀ ਤੁਸੀਂ ਆਪਣੇ ਬਪਤਿਸਮੇ ਦੇ ਸੰਦੇਸ਼ ਨੂੰ ਨਹੀਂ ਵੇਖ ਸੱਕਦੇ ਉਹ ਮੈਥੋਡਿਸਟਾਂ ਦੇ ਪ੍ਰਚਾਰ ਤੋਂ ਅੱਗੇ ਸੀ?ਤੁਸੀਂ ਜਾਣਦੇ ਹੋ ਕਿ ਮੇਰਾ ਕੀ ਮਤਲਬ ਹੈ।

333 ਔਹ, ਸਾਡੇ ਕੋਲ ਅੱਗੇ ਜਾਣ ਲਈ ਬਹੁਤ ਸਾਰੀਆਂ ਗੱਲਾਂ ਹਨ ਅਤੇ ਇਹ ਠੀਕ ਹੈ। ਅਤੇ ਜੇ ਕੋਈ ਵੀ ਹੋਵੇ ਜਿਹੜਾ ਗਲਤ ਜਾਂ ਕੁਝ ਅਜਿਹਾ ਕਹਿੰਦੇ ਹੋਣ ਜੋ ਅਸਲ ਵਿੱਚ ਹੀ ਝੂਠ ਹੈ ਅਤੇ ਸੱਚਾਈ ਨਾ ਹੋਵੇ, ਮੈਂ ਉਹਦੇ ਨਾਲ ਘਿਰਣਾ ਕਰਦਾ ਹਾਂ।

ਨਹੀਂ ਸੀ। ਅਤੇ ਉਸ ਸਮੇਂ, ਮੈਂ ਪੱਛਮ ਵੱਲ ਨੂੰ ਜਾਣਾ ਸ਼ੁਰੂ ਕੀਤਾ। ਅਤੇ ਮੈਂ ਉਨ੍ਹਾਂ ਸਾਰਿਆਂ ਨੂੰ ਦੱਸਿਆ, ਮੈਂ ਕਿਹਾ, "ਉੱਥੇ ਪੱਛਮ ਨੂੰ ਨਾ ਜਾਇਓ। ਇੱਥੇ ਹੀ ਰਹੋ ਅਤੇ ਇਸ ਵੱਲ ਵੇਖਦੇ ਰਹੋ ਜਦ ਤੱਕ ਮੈਂ ਵਾਪਸ ਨਹੀਂ ਮੁੜ ਆਉਂਦਾ। " ਮੈਂ ਪੱਛਮ ਵਿੱਚ ਧਮਾਕੇ ਲਈ ਗਿਆ, ਵਾਪਸ ਪੂਰਬ ਵਿੱਚ ਪਵਿੱਤਰ ਆਤਮਾ ਨਾਲ ਇਸ ਨਾ ਲਿਖੇ ਹੋਏ ਵਚਨ ਦੇ ਅਨੁਵਾਦ ਨਾਲ ਮੁੜ ਆਇਆ। ਹੁਣ, ਜੇ ਇਹ ਸੰਪੂਰਨਤਾ ਵਿੱਚ ਸਰਵ-ਸ਼ਕਤੀ ਮਾਨ ਪ੍ਰਮੇਸ਼ੁਰ ਨਹੀਂ ਹੈ, ਮੈਂ ਚਾਹੁਦਾ ਹਾਂ ਕਿ ਤੁਸੀਂ ਜਾਣੋ ਇਹ ਕੀ ਹੈ।

320 ਮਿੱਤਰੋ ਮੈਂ ਇਹ ਕੀ ਕਹਿਣ ਦੀ ਕੋਸ਼ਿਸ਼ ਕਰਨ ਦੀ ਚਾਹ ਕਰ ਰਿਹਾ ਹਾਂ ?ਤੁਹਾਨੂੰ ਇਹ ਵਿਖਾਉਣ ਲਈ ਕਿ ਅਸੀਂ ਅੰਤ ਸਮੇਂ ਤੇ ਹਾਂ। ਹੁਣ, ਜੇ ਉਹ ਬਾਕੀ ਦੇ ਦੂਸਰੇ ਬਿਲਕੁੱਲ ਵਚਨ ਦੇ ਨਾਲ ਇੱਕ ਬਿੰਦੂ ਵਿੱਚ ਹਨ ਤਾਂ ਇਸ ਲਈ ਇਹ ਵੀ ਸਿੱਧਤਾ ਨਾਲ ਵਚਨ ਦੇ ਨਾਲ ਬਿੰਦੂ ਤੇ ਹੈ। ਅਸੀਂ ਇੱਥੇ ਹਾਂ, ਦੋਸਤੋ ਅਸੀਂ ਅੰਤ ਸਮੇਂ ਵਿੱਚ ਹਾਂ।

321 ਛੇਤੀ ਹੀ ਸਮਾਂ ਲੰਘ ਜਾਵੇਗਾ। ਲੱਖਾਂ ਆਪਣੀਆਂ ਜਾਨਾਂ ਨਾਸ਼ ਕਰ ਲੈਣਗੇ। ਲੱਖਾਂ ਜਿਹੜੇ ਹੁਣ ਇਹ ਨਿਹਚਾ ਕਰਦੇ ਹਨ ਕਿ ਉਹ ਬਚੇ ਹੋਏ ਹਨ ਉਹ ਉਸ ਪ੍ਰਮਾਣੂ ਯੁੱਗ ਵਿੱਚ ਭੁਠਾ ਹੋ ਜਾਣਗੇ। ਅਸੀਂ ਅੰਤ ਸਮੇਂ ਵਿੱਚ ਰਹਿ ਰਹੇ ਹਾਂ। ਸਰਵ ਸ਼ਕਤੀਮਾਨ ਪ੍ਰਮੇਸ਼ੁਰ ਦੀ ਕਿਰਪਾ ਨਾਲ, ਉਸਦੀ ਸਹਾਇਤਾ ਨਾਲ ਜੋ ਉਸਦੇ ਲੋਕਾਂ ਲਈ ਹੈ ਤਾਂ ਕਿ ਉਹ ਅਗਾਂਹ ਮਸੀਹ ਦੀ ਛੇਤੀ ਹੋਣ ਵਾਲੀ ਆਮਦ ਨੂੰ ਵੇਖ ਸਕਣ.....ਭਾਈ ਬ੍ਰਾਨਹਾਮ ਕਿੰਨੀ ਦੇਰ ਤੱਕ?ਹੋ ਸੱਕਦਾ ਹੈ ਵੀਹ ਸਾਲ, ਹੋ ਸੱਕਦਾ ਹੈ ਪੰਜਾਹ ਸਾਲ, ਹੋ ਸੱਕਦਾ ਹੈ ਸੋ ਸਾਲ। ਮੈਨੂੰ ਨਹੀਂ ਪਤਾ। ਅਗਰ ਕੋਈ ਇਹ ਕਹਿੰਦਾ ਹੈ ਕਿ ਉਹ ਜਾਣਦੇ ਹਨ ਤਾਂ ਉਹ ਗਲਤ ਹਨ। ਸਮਝੇ?ਉਹ ਨਹੀਂ ਜਾਣਦੇ ਹਨ। ਸਿਰਫ ਖੁਦਾ ਹੀ ਜਾਣਦਾ ਹੈ।

322 ਹੁਣ ਧਿਆਨ ਦਿਓ। ਇਸ ਲਈ ਖੁਦਾ ਦੀ ਸਹਾਇਤਾ ਨਾਲ ਮੈਂ ਸੱਚ ਦੱਸਿਆ ਹੈ ਕਿ ਇਹ ਮੇਰੇ ਲਈ ਆਤਮਿਕ ਢੰਗ ਦੀ ਸਮਝ ਹੈ(ਸਮਝੇ?) ਪਵਿੱਤਰ ਆਤਮਾ ਰਾਹੀਂ ਪਰਖੀ ਗਈ ਹੈ। ਅਤੇ ਉਹਨਾਂ ਵਿੱਚੋਂ ਹਰੇਕ ਦੁਆਰਾ ਇਹਦੀ ਥਾਂ ਬਾਈਬਲ ਵਿੱਚ ਪ੍ਰਮਾਣਿਤ ਕੀਤੀ ਗਈ ਹੈ।

323 ਹੁਣ ਉਹ ਕਿਹੜਾ ਮਹਾਨ ਭੇਤ ਇਸ ਮੋਹਰ ਦੇ ਹੇਠਾਂ ਛੁਪਿਆ ਹੋਇਆ ਹੈ, ਮੈਂ ਨਹੀਂ ਜਾਣਦਾ ਹਾਂ। ਮੈਨੂੰ ਇਹਦਾ ਨਹੀਂ ਪਤਾ ਹੈ। ਮੈਂ ਇਹ ਨਹੀਂ ਦੱਸ ਸਕਿਆ ਕਿ ਇਹ ਕੀ ਹੈ-ਕਿ ਇਹ ਕੀ ਕਿਹਾ ਗਿਆ ਪ੍ਰੰਤੂ ਮੈਂ ਜਾਣਦਾ ਹਾਂ ਕਿ ਉਹ ਸੱਤ ਗਰਜ਼ਾਂ ਸਨ ਜੋ ਬਿਲਕੁਲ ਨਾਲ ਆਪਣੀ ਅਵਾਜ਼ ਦੇ ਰਹੀਆਂ ਸਨ, ਬਸ ਸੱਤ ਅਲੱਗ ਵਾਰ ਧਮਾਕੇ ਦੀਆਂ ਅਵਾਜ਼ਾਂ ਸਨ, ਅਤੇ ਇਹ ਕਿਸੇ ਹੋਰ ਚੀਜ਼ ਵਿੱਚ ਪ੍ਰਗਟ ਹੋਈਆਂ ਜਿਹੜੀਆਂ ਮੈਂ ਵੇਖੀਆਂ। ਫਿਰ ਜਦੋਂ ਮੈਂ ਇਹ ਵੇਖਿਆ, ਮੈਂ ਅਨੁਵਾਦ ਲਈ ਉਡੀਕ ਕੀਤੀ ਇਹ ਉੱਥੋਂ ਉਡਦਾ ਹੋਇਆ ਨਿੱਕਲਿਆ ਅਤੇ ਮੈਂ ਇਹਨੂੰ ਸਮਝ ਨਹੀਂ ਸਕਿਆ। ਦੋਸਤੋ, ਇਹ ਬਿਲਕੁੱਲ ਠੀਕ ਹੈ। ਸਮਝੇ?ਹਾਲੇ ਇਹਦੇ ਲਈ ਸਮਾਂ ਪੂਰੀ ਤਰ੍ਹਾਂ ਨਹੀਂ ਆਇਆ ਹੈ।

324 ਪ੍ਰੰਤੂ ਇਹ ਉਸ ਚੱਕਰ ਵਿੱਚ ਚੱਲ ਰਿਹਾ ਹੈ। ਵੇਖਿਆ?ਇਹ ਨੇੜੇ ਆ ਰਿਹਾ ਹੈ। ਇਸ ਲਈ ਤੁਹਾਡੇ ਕਰਨ ਲਈ ਇਹ ਹੈ ਕਿ ਯਾਦ ਰੱਖੋ ਕਿ ਮੈਂ ਤੁਹਾਡੇ ਨਾਲ ਪ੍ਰਭੂ ਦੇ ਨਾਮ ਵਿੱਚ ਬੋਲਦਾ ਹਾਂ : ਤਿਆਰ ਹੋ ਜਾਓ, ਕਿਉਂਕਿ ਤੁਸੀਂ ਨਹੀਂ ਜਾਣਦੇ ਕਦੋਂ ਕੁਝ ਵਾਪਰ ਸੱਕਦਾ ਹੈ।



ਖੁੰਝ ਜਾਓਗੇ। ਜੇ ਤੁਸੀਂ ਚਾਰ ਜਾਂ ਛੇ ਰੱਖਣਾ ਸ਼ੁਰੂ ਕਰ ਦਿੱਤਾ ਜਾਂ--ਇਸੇ ਤਰ੍ਹਾਂ ਹੀ ਕੁਝ, ਇਸਨੂੰ ਛੱਡ ਕੇ ਗਣਿਤ ਦੇ ਸ਼ਬਦਾਂ ਨੂੰ ਜੋ ਕਿ ਇੱਕ ਬਿਵਸਥਾ ਵਿੱਚ ਕ੍ਰਮ ਅਨੁਸਾਰ ਹੁੰਦੇ ਹਨ। ਤਾਂ ਤੁਹਾਡੀ ਨਿਗਾਹ ਵਿੱਚ ਬਿਲਕੁੱਲ ਗਾਂ ਰੁੱਖ ਦੀ ਚੋਟੀ ਤੇ ਚੜ੍ਹ ਕੇ ਘਾਹ ਚਰ ਰਹੀ ਹੋਵੇਗੀ। ਯਕੀਨਨ ਤੁਸੀਂ ਕਤਾਰ ਤੋਂ ਲਾਂਭੇ ਹੋ ਜਾਵੋਗੇ। ਕਿਉਂਕਿ ਖੁਦਾ ਇਹ ਨਹੀਂ ਕਰਦਾ ......ਉਸਦਾ ਸੰਪੂਰਨ ਵਚਨ ਪੂਰੀ ਤਰ੍ਹਾਂ ਗਣਿਤ ਤੇ ਹੈ। ਜੀ ਹਾਂ, ਸ਼੍ਰੀਮਾਨ ਸਿੱਧ, ਸੱਭ ਤੋਂ ਵੱਧ ਸਿੱਧ !ਕੋਈ ਵੀ ਸਹਿਤ ਇਸ ਤਰ੍ਹਾਂ ਨਹੀਂ ਲਿਖਿਆ ਗਿਆ, ਇਸ ਤਰ੍ਹਾਂ ਨਾਲ ਗਣਿਤ ਵਿੱਚ ਇੰਨਾ ਸਿੱਧ।

77 ਹੁਣ 8ਵਾਂ ਬਾਬ ਸਿਰਫ ਇੱਕ ਦ੍ਰਿਸ਼ ਪ੍ਰਗਟ ਕਰਦਾ ਹੈ-ਸੱਤਵੀਂ ਮੋਹਰ ਦਾ ਦ੍ਰਿਸ਼, ਇੱਥੇ ਕੁਝ ਵੀ ਪ੍ਰਗਟ ਨਹੀਂ ਕੀਤਾ ਗਿਆ ਹੈ। ਹੁਣ ਸੱਤਵੀਂ ਮੋਹਰ ਵਿੱਚ ਕੁਝ ਵੀ ਨਹੀਂ ਦੱਸਿਆ ਗਿਆ ਹੈ। ਹੁਣ ਇਸਦਾ ਪ੍ਰਕਾਸ਼ ਪੋਥੀ 7 ਬਾਬ ਨਾਲ ਕੋਈ ਵੀ ਮਤਲਬ ਨਹੀਂ ਹੈ। ਸੱਤਵੀਂ ਮੋਹਰ ਦਾ ਪ੍ਰਗਟ ਹੋਣਾ ਪੂਰੀ ਤਰ੍ਹਾਂ ਸ਼ਾਂਤ ਹੈ। ਅਤੇ ਜੇ ਮੇਰੇ ਕੋਲ ਸਮਾਂ ਹੁੰਦਾ .....ਤਾਂ ਕੁਝ ਥਾਵਾਂ ਵਿੱਚੋਂ ਮੈਂ ਤੁਹਾਨੂੰ ਵਿਖਾਉਣ ਦਾ ਯਤਨ ਕਰਦਾ।

78 ਪਿੱਛੇ ਉਤਪਤ ਤੋਂ ਸ਼ੁਰੂ ਹੋ ਕੇ ਇਹ ਸੱਤਵਾਂ ਬਾਬ .....ਜਾਂ ਇਹ ਸੱਤਵੀਂ ਮੋਹਰ ਕਹੀ ਗਈ ਹੈ। ਉਤਪਤ ਦੇ ਸ਼ੁਰੂ ਤੋਂ ਹੀ ਸੱਤਵੀਂ ਮੋਹਰ .......

79 ਇਹ ਮੋਹਰਾਂ ਅਗਾਂਹ ਵੱਧਦੀਆਂ ਹਨ। ਕੀ ਤੁਸੀਂ ਯਾਦ ਕਰ ਸੱਕਦੇ ਹੋ ਕਿ ਅੱਜ ਸਵੇਰ ਇਨ੍ਹਾਂ ਗੱਲਾਂ ਤੇ ਪ੍ਰਕਾਸ਼ ਪਾਇਆ ਗਿਆ? ਅਤੇ ਅੱਜ ਰਾਤ ਧਿਆਨ ਦਿਓ ਉਨ੍ਹਾਂ ਤੇ ਪ੍ਰਕਾਸ਼ ਪਾਇਆ ਜਾ ਰਿਹਾ ਹੈ। ਅਤੇ ਫਿਰ ਤੁਹਾਨੂੰ ਪਤਾ ਲੱਗਦਾ ਹੈ ਕਿ ਇਹ ਜਦੋਂ ਸੱਤਵੀਂ ਮੋਹਰ ਉੱਪਰ ਆਉਂਦਾ ਹੈ ਤਾਂ ਇਹ ਚੁੱਪ ਹੈ। [ਭਾਈ ਬ੍ਰਾਨਹਾਮ ਇੱਕ ਵਾਰ ਚੁਟਕੀ ਵਜਾਉਂਦੇ ਹਨ-ਸੰਪਾ]

80 ਯਿਸੂ ਮਸੀਹ ਨੇ ਆਪ ਅੰਤ ਦੇ ਸਮੇਂ ਬਾਰੇ ਦੱਸਦੇ ਕਿਹਾ ਹੈ ਅਤੇ ਜਦੋਂ ਉਹ ਉੱਥੇ ਆਇਆ ....ਸਾਰੀਆਂ ਛੇ ਮੋਹਰਾਂ ਦੱਸੀਆਂ, ਜਦੋਂ ਉਹ ਸੱਤਵੀਂ ਤੇ ਪਹੁੰਚਿਆਂ ਉਹ ਰੁਕ ਗਿਆ। ਇਹੋ ਹੋਇਆ। ਇਹ ਇੱਕ ਮਹਾਨ ਗੱਲ ਹੈ।

81 ਹੁਣ, ਹੁਣ ਇੱਥੇ ਅਸੀਂ ਇੱਕ ਮਿੰਟ ਲਈ 7 ਬਾਬ ਤੇ ਬੋਲਣ ਜਾ ਰਹੇ ਹਾਂ -ਇੱਕ ਤਰ੍ਹਾਂ ਨਾਲ ਛੇਵੀਂ ਅਤੇ ਸੱਤਵੀਂ ਮੋਹਰ ਦੇ ਵਿਚਕਾਏ ਦੀ ਦੂਰੀ ਨੂੰ ਮਿਲਾਉਣ ਜਾ ਰਹੇ ਹਾਂ। ਕਿਉਂਕਿ ਸਾਡੇ ਕੋਲ ਸਿਰਫ ਉਹ ਹੀ ਇੱਕ ਚੀਜ਼ ਹੈ ਜਿਹਦੇ ਤੋਂ ਅਸੀਂ ਅੱਗੇ ਵੱਧ ਸੱਕਦੇ ਹਾਂ ਅਤੇ ਉਹ ਛੇਵੀਂ .........ਹੈ। ਛੇਵੀਂ ਅਤੇ ਸੱਤਵੀਂ ਮੋਹਰ ਦੇ ਵਿਚਕਾਏ ਇਸਰਾਏਲ ਦਾ ਬੁਲਾਇਆ ਜਾਣਾ ਹੈ।

82 ਹੁਣ ਯਹੋਵਾਹ ਵਿਟਨਸ ਦੇ ਬਹੁਤ ਸਾਰੇ ਮੇਰੇ ਵਧੀਆ ਦੋਸਤ ਇੱਥੇ ਬੈਠੇ ਹੋਏ ਹਨ। ਇਹ ਹੀ ਸੱਭ .....ਹਨ। ਹੋ ਸੱਕਦਾ ਹੈ ਉਨ੍ਹਾਂ ਵਿੱਚੋਂ ਹਾਲੇ ਵੀ ਕੁਝ ਯਹੋਵਾਹ ਵਿਟਨੈਸ ਹਨ। ਪ੍ਰੰਤੂ ਉਨ੍ਹਾਂ ਨੇ ਹਮੇਸ਼ਾਂ ਹੀ, ਸ਼੍ਰੀ ਰੱਸਲ ਨੇ ਇੱਕ ਲੱਖ ਚੁਤਾਲੀ ਹਜ਼ਾਰ ਨੂੰ ਮਸੀਹ ਦੀ ਅਲੋਕਿਕ ਲਾੜੀ ਦੱਸਿਆ ਹੈ। ਸਮਝੇ? ਉਹ ........ਇਹ ਨਹੀਂ ਹੈ।

83 ਇਹਦਾ ਕਲੀਸਿਯਾ ਦੇ ਯੁੱਗਾਂ ਨਾਲ ਕੋਈ ਮਤਲਬ ਨਹੀਂ ਹੈ। ਇਹ ਪੂਰੀ ਤਰ੍ਹਾਂ ਇਸਰਾਏਲ ਹੈ। ਹੁਣ ਅਸੀਂ ਕੁਝ ਹੀ ਪਲਾਂ ਵਿੱਚ ਪੜ੍ਹਨ ਜਾ ਰਹੇ ਹਾਂ। ਹੁਣ ਇਹ ਛੇਵੀਂ ਮੋਹਰ ਵਿੱਚਲਾ ਫਾਸਲਾ .....ਹੈ ਇਹ ਇੱਕ ਲੱਖ ਚੁਤਾਲੀ ਹਜ਼ਾਰ ਯਹੂਦੀਆਂ ਦਾ ਬੁਲਾਇਆ ਜਾਣਾ ਅਤੇ ਉਨ੍ਹਾਂ ਨੂੰ ਮੋਹਰ

ਕਰਨਾ ਹੈ ਜੋ ਕਿ ਕਸ਼ਟ ਕਾਲ ਦੇ ਸਮੇਂ ਬੁਲਾਏ ਗਏ ਹਨ, ਕਲੀਸਿਯਾ ਦੇ ਚਲੇ ਜਾਣ ਤੋਂ ਬਾਦ। ਸਮਝੇ? ਕਲੀਸਿਯਾਈ ਯੁੱਗਾਂ ਨਾਲ ਇਹਦਾ ਕੋਈ ਲੈਣਾ ਦੇਣਾ ਨਹੀਂ ਹੈ। ਔਹ, ਉਹ ਬੁਲਾਏ ਹੋਏ ਹਨ ਅਤੇ ਲਿਖਤ ਦੇ ਅਨੁਸਾਰ ਠੀਕ ਤਰਜ ਵਿੱਚ ਹਨ। ਦਾਨੀਏਲ ਦੇ ਆਖਰੀ ਸਾਢੇ ਤਿੰਨ ਸਾਲ ਦਾਨੀਏਲ ਦੇ ਲੋਕਾਂ ਲਈ ਠਹਿਰਾਏ ਗਏ ਹਨ। ਵੇਖਿਆ? ਪਰਾਈਆਂ ਜਾਤੀਆਂ ਲਈ ਨਹੀਂ, ਦਾਨੀਏਲ ਦੇ ਲੋਕਾਂ ਵਾਸਤੇ ਅਤੇ ਦਾਨੀਏਲ ਇੱਕ ਯਹੂਦੀ ਸੀ।

84 ਹੁਣ ਧਿਆਨ ਦਿਓ, ਇਸਰਾਏਲ ਹਮੇਸ਼ਾਂ ਆਪਣੇ ਨਬੀਆਂ ਤੇ ਵਿਸ਼ਵਾਸ਼ ਕਰਦਾ ਹੈ ਜਦੋਂ ਉਹ ਸਾਬਤ ਹੋ ਜਾਂਦੇ ਹਨ, ਉਸ ਤੋਂ ਬਾਦ।

85 ਅਤੇ ਕਿਤੇ ਵੀ ਕਲੀਸਿਯਾਈ ਕਾਲਾਂ ਵਿੱਚ, ਪਹਿਲੀ ਰਸੂਲੀ ਕਲੀਸਿਯਾ ਤੋਂ ਲੈ ਕੇ, ਪ੍ਰੋਟੈਸਟੈਂਟ ਕਲੀਸਿਯਾ ਦੇ ਕੋਲ ਕਦੇ ਵੀ ਨਬੀ ਨਹੀਂ ਸੀ। ਮੈਨੂੰ ਦੱਸੋ ਉਹ ਕੌਣ ਸੀ ਅਤੇ ਇਹ ਮੈਨੂੰ ਵਿਖਾਓ। ਕਦੇ ਨਹੀਂ। ਪਹਿਲੇ ਕਲੀਸਿਯਾ ਕਾਲ ਵਿੱਚ ਉਨ੍ਹਾਂ ਦੇ ਕੋਲ ਇੱਕ ਸੀ ਜਿਹੜਾ ਅਗਬੁਸ ਸਦਾਉਂਦਾ ਸੀ ਜੋ ਕਿ ਪ੍ਰਮਾਣਿਤ ਨਬੀ ਸੀ। ਪ੍ਰੰਤੂ ਉਸ ਵਿੱਚ ......ਜਦੋਂ ਪਰਾਈਆਂ ਜਾਤੀਆਂ ਪ੍ਰਮੇਸ਼ੁਰ ਦੇ ਵਿਰਸੇ ਵਿੱਚ ਆਈਆਂ ਅਤੇ ਪੌਲੁਸ ਗੈਰ ਜਾਤੀਆਂ ਵੱਲ ਮੁੜਿਆ। ਜਿਵੇਂ ਅਸੀਂ ਕੱਲ ਰਾਤ ਪੜ੍ਹਿਆ ਸੀ, ਪਤਰਸ ਤੋਂ ਬਾਦ, ਉਸਨੂੰ ਪ੍ਰਭੂ ਕੋਲੋਂ ਪ੍ਰਾਪਤ ਹੋਇਆ, ਉਹ ਗੈਰ ਕੌਮਾਂ ਵਿੱਚੋਂ ਆਪਣੇ ਨਾਮ ਲਈ ਲੋਕਾਂ ਨੂੰ ਲੈ ਰਿਹਾ ਸੀ, ਆਪਣੀ ਲਾੜੀ ਨੂੰ, ਤਦ ਇਤਿਹਾਸ ਦੇ ਪੰਨ੍ਹਿਆਂ ਵਿੱਚ ਕਦੇ ਵੀ ਨਬੀ ਨਹੀਂ ਹੋਇਆ ਹੈ। ਹੁਣ ਇਤਿਹਾਸ ਵਿੱਚ ਦੀ ਹੁੰਦੇ ਹੋਏ ਪਿੱਛੇ ਜਾਓ ਅਤੇ ਲੱਭੋ। ਕਿਉਂ? ਇਹ ਵਚਨ ਦੇ ਬਿਲਕੁੱਲ ਉਲਟ ਹੋਵੇਗਾ। ਇਹ ਸਹੀ ਹੈ।

86 ਜਦੋਂ ਪਹਿਲਾ ਨਿੱਕਲ ਕੇ ਆਇਆ ਤਾਂ ਉਹ ਬਬਰ ਸ਼ੇਰ ਸੀ, ਉਹ ਨਬੀ ਦਾ ਵਚਨ ਸੀ। ਜੋ ਅਗਲਾ ਨਿੱਕਲ ਕੇ ਆਇਆ ਉਸਦਾ ਕੰਮ ਕੁਰਬਾਨੀ ਸੀ, ਜੋ ਉਸ ਤੋਂ ਬਾਦ ਆਇਆ ਉਸ ਵਿੱਚ ਮਨੁੱਖ ਦੀ ਹੁਸ਼ਿਆਰੀ ਸੀ।

87 ਪ੍ਰੰਤੂ ਅੰਤ ਦੇ ਦਿਨਾਂ ਲਈ ਸਾਡੇ ਨਾਲ ਵਾਇਦਾ ਕੀਤਾ ਗਿਆ ਹੈ ਕਿ ਕਲੀਸਿਯਾ ਵਿੱਚ ਫਿਰ ਵਾਪਸ ਆਵੇਗਾ ਉਨ੍ਹਾਂ ਸੱਭ ਗੱਲਾਂ ਨੂੰ ਠੀਕ ਕਰਨ ਲਈ ਜਿਨ੍ਹਾਂ ਨੂੰ ਵਿਗਾੜ ਦਿੱਤਾ ਗਿਆ, ਜਿਹੜੀਆਂ ਗੱਲਾਂ ਰਹਿ ਗਈਆਂ ਸਨ, ਛੱਡ ਦਿੱਤੀਆਂ ਗਈਆਂ ਸਨ, ਅਧੂਰੀਆਂ ਰਹਿ ਗਈਆਂ ਸਨ। ਇਹਦੀ ਭਵਿੱਖਬਾਣੀ ਕੀਤੀ ਗਈ ਸੀ ਕਿ ਸੱਤਵੇਂ ਦੂਤ ਦਾ ਸੰਦੇਸ਼ ਪ੍ਰਮੇਸ਼ੁਰ ਦੇ ਸਾਰੇ ਭੇਤਾਂ ਨੂੰ ਖੋਲ੍ਹ ਦੇਵੇਗਾ। ਅਤੇ ਫਿਰ ਅਸੀਂ ਇਸ ਸੱਭ ਦੇ ਵਿੱਚ ਦੀ ਹੁੰਦੇ ਹੋਏ ਲੰਘੇ। ਅਸੀਂ ਵੇਖਦੇ ਹਾਂ ਕਿ ਇਹ ਲਿਖਤਾਂ ਦੇ ਅਨੁਸਾਰ ਬਿਲਕੁੱਲ ਇੱਕ ਸੁਰ ਵਿੱਚ ਹੈ। ਇਹ ਹੀ ਕਾਰਨ ਹੈ।

88 ਹੁਣ, ਤੁਸੀਂ ਕਲਪਨਾ ਕਰ ਸੱਕਦੇ ਹੋ ਕਿ ਜਦੋਂ ਇਹ ਮਨੁੱਖ ਦ੍ਰਿਸ਼ ਤੇ ਆਉਂਦਾ ਹੈ -ਜਦ ਉਹ ਆਉਂਦਾ ਹੈ ਤਾਂ ਯਾਦ ਰੱਖੋ ਉਹ ਬਹੁਤ ਹੀ ਹਲੀਮ ਹੋਵੇਗਾ ਅਤੇ ਕਲੀਸਿਯਾਵਾਂ ਉਹਨੂੰ ਪਛਾਨਣ ਵਿੱਚ ਬਹੁਤ ਪੱਛੜ ਜਾਣਗੀਆਂ। ਅਤੇ ਕੀ ਤੁਸੀਂ ਕਲਪਨਾ ਕਰ ਸੱਕਦੇ ਹੋ ਕਿ ਕਲੀਸਿਯਾ ਅੱਜ ਵੀ ਸੁਧਾਰਕਾਂ ਦੇ ਰੀਤਾਂ ਰਿਵਾਜਾਂ ਹੇਠਾਂ ਹੈ, ਕੀ ਉਹ ਕਦੇ ਪ੍ਰਮੇਸ਼ੁਰ ਵੱਲੋਂ ਘੱਲੇ ਹੋਏ ਨਬੀ ਨੂੰ ਕਬੂਲ ਕਰੇਗੀ ਜੋ ਕਿ ਉਨ੍ਹਾਂ ਦੀਆਂ ਸਿੱਖਿਆਵਾਂ ਅਤੇ ਸੰਸਥਾਵਾਂ ਦਾ ਕੱਟੜ ਵਿਰੋਧੀ ਹੋਵੇਗਾ?

89 ਹੁਣ ਇੱਕ ਹੀ ਮਨੁੱਖ ਇਸ ਨੂੰ ਪੂਰਾ ਕਰ ਸੱਕਦਾ ਹੈ, ਇੱਕ ਹੀ ਆਤਮਾ ਜੋ ਕਦੇ ਧਰਤੀ ਉੱਤੇ ਸੀ ਜਿਹਨੂੰ ਮੈਂ ਜਾਣਦਾ ਹਾਂ। ਜਾਂ ਤਾਂ ਇਹ ਹੋਵੇਗਾ ......ਇਹ ਆਪਣੇ ਸਮੇਂ ਵਿੱਚ ਏਲੀਯਾਹ



ਸਿੱਧਾ ਇੱਕ ਹੀ ਗੱਲ ਨਾਲ ਸਬੰਧ ਰੱਖਦਾ ਸੀ। ਅਤੇ ਫਿਰ ਦਰਸ਼ਣ ਸ਼ੁਰੂ ਹੋਇਆ ਅਤੇ ਮੈਨੂੰ ਪੱਛਮ ਨੂੰ ਭੇਜਿਆ। ਕੀ ਜੂਨੀਅਰ ....ਉਹ ਵੇਖ ਰਿਹਾ ਸੀ ....ਕਿਉਂ, ਧਿਆਨ ਦਿਓ। ਵੇਖੋ ਕਿੰਨਾ ਸਿੱਧ ਹੈ।

312 ਹੁਣ, ਮੈਂ-ਮੈਂ ਆਸ ਅਤੇ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀਂ ਲੋਕ ਇਹ ਮਹਿਸੂਸ ਕਰਦੇ ਹੋ ਕਿ ਮੈਂ ਇਸ ਕਿਰਪਾ ਨੂੰ ਯਿਸੂ ਮਸੀਹ ਤੇ ਹੀ ਪਾਉਣਾ ਚਾਹੁੰਦਾ ਹਾਂ ਜੋ ਕਿ ਇਸ ਸੱਭ ਦਾ ਮਾਲਕ ਹੈ, ਅਤੇ ਇਹ ਹੀ ਕਾਰਨ ਹੈ ਕਿ ਤੁਸੀਂ ਮੈਨੂੰ ਮੇਰੇ ਜੀਵਨ ਵਿੱਚ ਪਹਿਲਾਂ ਕਦੇ ਇਸ ਤਰ੍ਹਾਂ ਗੱਲਾਂ ਕਰਦੇ ਨਹੀਂ ਸੁਣਿਆ ਹੋਵੇਗਾ .....ਪਰ ਇਹ ਸਮਾਂ ਨੇੜੇ ਆ ਰਿਹਾ ਹੈ। ਸਮਝੇ?ਹੁਣ ਇਹਦੇ ਤੇ ਧਿਆਨ ਦਿਓ।

313 ਇਸ ਨੂੰ ਯਕੀਨੀ ਬਣਾਉਣ ਲਈ ਤਾਂ ਕਿ ਇਹ ਹਿਰਦੇ ਦੇ ਅੰਦਰ ਬੈਠ ਜਾਵੇ ....ਮੈਂ ਫਿਰ ਤੁਹਾਨੂੰ ਛੱਡਣ ਲਈ ਤਹਿ ਕਰ ਰਿਹਾ ਹਾਂ। ਮੈਂ ਨਹੀਂ ਜਾਣਦਾ ਹਾਂ ਕਿ ਮੈਂ ਕਿੱਥੇ ਜਾਵਾਂਗਾ। ਮੈਂ ਦੂਸਰੇ ਥਾਵਾਂ ਤੇ ਵੀ ਪ੍ਰਚਾਰ ਕਰਨਾ ਹੈ। ਪ੍ਰੰਤੂ ਹੁਣ ਇਹ .....

314 ਤੁਸੀਂ ਕਹਿ ਸੱਕਦੇ ਹੋ, "ਮੈਂ ਇਸ ਤਰ੍ਹਾਂ ਦੇ ਬਹੁਤ ਸਾਰੇ ਕੱਟਣ ਪੰਥੀ ਸੁਣੇ ਹਨ। " ਮੈਨੂੰ ਨਹੀਂ ਪਤਾ ਕੀ। ਮੈਂ ਕਿਸੇ ਦਾ ਵੀ ਨਿਆਂ ਨਹੀਂ ਕਰ ਸੱਕਦਾ।

315 ਮੈਂ ਸਿਰਫ ਖੁਦਾ ਨੂੰ ਜਵਾਬ ਦੇਣਾ ਹੈ ਕਿਉਂਕਿ ਜੋ ਮੈਂ ....ਮੈਨੂੰ-ਮੈਨੂੰ ਆਪਣੇ ਆਪ ਲਈ। ਪ੍ਰੰਤੂ ਕੀ ਕਦੇ ਇੱਕ ਵਾਰ ਵੀ ਇਸ ਤਰ੍ਹਾਂ ਹੋਇਆ ਕਿ ਮੈਂ ਤੁਹਾਨੂੰ ਪ੍ਰਭੂ ਦੇ ਨਾਮ ਤੇ ਕੋਈ ਗੱਲ ਦੱਸੀ ਹੋਵੇ ਜੋ ਕਿ ਇਨ੍ਹਾਂ ਸਾਲਾਂ ਵਿੱਚ ਠੀਕ ਨਹੀਂ ਸੀ। [ਸੰਗਤ ਆਖਦੀ ਹੈ, "ਕੋਈ ਨਹੀਂ। "-ਸੰਪਾ]ਕੋਈ ਵੀ ਇਸ ਤਰ੍ਹਾਂ ਨਹੀਂ ਕਹਿ ਸੱਕਦਾ ਕਿਉਂਕਿ ਮੈਂ ਹਮੇਸ਼ਾਂ ਉਹ ਹੀ ਦੱਸਿਆ ਹੈ ਜਿਸ ਤਰ੍ਹਾਂ ਉਸਨੇ ਇਹ ਦੱਸਿਆ ਹੈ।

316 ਹੁਣ ਮੈਂ ਤੁਹਾਨੂੰ ਥੋੜਾ ਜਿਹਾ ਇਹ ਵਿਖਾ ਦਿਆਂ ਕਿ ਇਹ ਬਿਲਕੁੱਲ ਸੱਚ ਹੈ ਅਤੇ ਇਹਨੂੰ ਸਾਬਤ ਕਰ ਦਿਆਂ।

317 ਹੁਣ ਯਾਦ ਕਰੋ, "ਜੇ ਕੋਈ ਤੁਹਾਡੇ ਵਿੱਚ ਨਬੀ ਜਾਂ ਆਤਮਿਕ ਹੈ ਤਾਂ ਮੈਂ ਯਹੋਵਾਹ ਸੁਪਨਿਆਂ ਅਤੇ ਦਰਸ਼ਨਾਂ ਵਿੱਚ ਉਹਦੇ ਨਾਲ ਗੱਲ ਕਰਾਂਗਾ ", ਸੁਪਨਿਆਂ ਦਾ ਅਨੁਵਾਦ ਕਰਾਂਗਾ। ਕੀ ਇਹ .....ਯੂਸਫ, ਉਹ ਸੁਪਨਿਆਂ ਦਾ ਅਨੁਵਾਦ ਕਰ ਸੱਕਦਾ ਸੀ ਅਤੇ ਦਰਸ਼ਨਾਂ ਨੂੰ ਵੇਖ ਅਤੇ ਬੋਲ ਸੱਕਦਾ ਸੀ। ਕੀ ਇਹ ਸੱਚ ਹੈ? [ਸੰਗਤ ਆਖਦੀ ਹੈ, "ਆਮੀਨ। "-ਸੰਪਾ]

318 ਹੁਣ ਇਸ ਤੇ ਧਿਆਨ ਦਿਓ -ਹੁਣ ਜਦ ਇਹ ਵਾਪਰਿਆ, ਜੂਨੀਅਰ ਇੱਕ ਮੈਦਾਨ ਵਿੱਚ ਖੜ੍ਹਾ ਸੀ ਜਿਹਦੇ ਵਿੱਚ ਕਿ ਇੱਕ ਬਹੁਤ ਵੱਡਾ ਪੈਰਾਮਿਡ ਅਥਵਾ ਮਿਨਾਰ ਸੀ, ਇਸ ਤਰ੍ਹਾਂ ਅਤੇ ਉੱਥੇ ਪੱਥਰਾਂ ਤੇ ਕੁਝ ਲਿਖਿਆ ਹੋਇਆ ਸੀ ਅਤੇ ਮੈਂ ਉਹ ਲੋਕਾਂ ਤੇ ਪ੍ਰਗਟ ਕਰ ਰਿਹਾ ਸੀ। ਜੂਨੀਅਰ ਕੀ ਇਹ ਠੀਕ ਹੈ?[ਭਾਈ ਜੂਨੀਅਰ ਜੈਕਸਨ ਕਹਿੰਦੇ ਹਨ, "ਇਹ ਠੀਕ ਹੈ। "-ਸੰਪਾ]ਇਸ ਦੇ ਹੋਣ ਤੋਂ ਲੱਗਭੱਗ ਇੱਕ ਸਾਲ ਪਹਿਲਾਂ ਇਹ ਵਾਪਰਿਆ .....

319 ਹੁਣ ਅਗਲੀ ਗੱਲ ਤੇ ਧਿਆਨ ਦਿਓ। ਮੈਂ ਇੱਕ ਤਰ੍ਹਾਂ ਦੀ ਸੱਬਲ ਲਈ ਅਤੇ ਉਹਨੂੰ ਕੱਟ ਦਿੱਤਾ ਅਤੇ ਉਸ ਵਿੱਚ ਅੰਦਰਲੇ ਪਾਸੇ ਚਿੱਟੀ ਚੱਟਾਨ ਸੀ ਅਰ ਉਸਤੇ ਕੁਝ ਵੀ ਲਿਖਿਆ ਹੋਇਆ

ਬਹੁਤ ਹੀ ਹਲੀਮ ਢੰਗ ਨਾਲ ਹੈ। ਤੁਸੀਂ ਸੋਚਦੇ ਹੋ ਇਸ ਤਰ੍ਹਾਂ ਦੀ ਗੱਲ ਵੈਟੀਕਨ ਵਿੱਚ ਪ੍ਰਗਟ ਹੋਵੇਗੀ, ਜਾਂ ਪ੍ਰੰਤੂ ਇਹ ਯੂਹੰਨਾ ਬਪਤਿਸਮਾ ਦੇਣ ਵਾਲੇ ਦੇ ਵਾਂਗੂੰ ਆਉਂਦੀ ਹੈ। ਇਹ ਸਾਡੇ ਪ੍ਰਭੂ ਦੇ ਜਨਮ ਵਾਗੂੰ ਆਉਂਦੀ ਹੈ, ਇੱਕ ਤਬੇਲੇ ਵਿੱਚ। ਪ੍ਰਮੇਸ਼ੁਰ ਦੀ ਸਤੂਤੀ ਹੋਵੇ!ਇਸ ਲਈ ਮੇਰੀ ਮੱਦਦ ਕਰ, ਸਮਾਂ ਨੇੜੇ ਹੈ !ਆਮੀਨ !ਅਸੀਂ ਇੱਥੇ ਹਾਂ। ਹੇ, ਪ੍ਰਭੂ !

306 ਕੀ ਹੁਣ ਤੁਸੀਂ ਪ੍ਰਮੇਸ਼ੁਰ ਦੇ ਦਰਸ਼ਨ ਦੀ ਸੱਚਾਈ ਨੂੰ ਵੇਖ ਸੱਕਦੇ ਹੋ ਜੋ ਸੱਤ ਸਵਰਗ ਦੂਤ ਮੇਰੇ ਕੋਲ ਪੱਛਮ ਤੋਂ ਲਿਆ ਰਹੇ ਹਨ?ਉਹ ਪੱਛਮ ਤੋਂ ਆ ਰਹੇ ਸਨ, ਇਸ ਸੰਦੇਸ਼ ਨੂੰ ਅੱਜ ਰਾਤ ਇੱਥੇ ਲਿਆਉਣ ਲਈ, ਪੂਰਬ ਤੋਂ ਵਾਪਸ ਆ ਰਹੇ ਸਨ। [ਭਾਈ ਬ੍ਰਾਨਹਾਮ ਦੋ ਵਾਰ ਪੁਲਪਿਟ ਤੇ ਖੜਕਾਉਂਦੇ ਹਨ-ਸੰਪਾ]ਹੇ ਮੇਰੇ ਪ੍ਰਭੂ!

307 ਹੁਣ ਉਸ ਗਰਜ਼ ਦਾ ਸ਼ਬਦ ਅੁਤਿ ਉਸ ਜੀਵਨ ਦਾ ਉਦੇਸ਼ ਜੋ ਇੱਥੇ ਲਿਆਂਦਾ ਗਿਆ ਪ੍ਰਗਟ ਕਰ ਦਿੱਤਾ ਗਿਆ ਹੈ- ਅਤੇ ਸਾਬਤ ਕਰ ਦਿੱਤਾ ਗਿਆ ਹੈ ਕਿ ਇਹ ਪ੍ਰਮੇਸ਼ੁਰ ਵੱਲੋਂ ਸੀ। ਹੁਣ ਥੋੜ੍ਹਾ ਜਿਹਾ ਸੋਚੋ। ਮੈਨੂੰ ਇਹਨਾਂ ਮੋਹਰਾਂ ਦਾ ਨਹੀਂ ਪਤਾ ਸੀ ਅਤੇ ਇਹ ਇਸੇ ਹਫਤੇ ਪ੍ਰਗਟ ਕੀਤੀਆਂ ਗਈਆਂ ਹਨ। ਕੀ ਕਿਸੇ ਨੇ ਕਦੀਂ ਸੋਚਿਆ ? ਇੱਕ ਸੰਦੇਸ਼ ਲਿਆਉਣ ਲਈ ਜੋ ਕਿ ਸਾਮ੍ਹਣੇ ਆ ਰਿਹਾ ਹੈ, ਉਹ ਸੱਤ ਸਵਰਗ ਦੂਤ ਮੈਨੂੰ ਉਸ ਲਈ ਲੈਣ ਨੂੰ ਆਏ?ਸਮਝੇ?

308 ਯਾਦ ਰੱਖੋ, ਸੱਤਵਾਂ ਸੰਦੇਸ਼ਵਾਹਕ ਸੀ ....ਸੱਤ ਸੰਦੇਸ਼ ਵਾਹਕ ਸਨ....ਸੱਤਵਾਂ ਦੂਤ ਮੈਨੂੰ ਬਾਕੀ ਦੇ ਦੂਤਾਂ ਨਾਲੋਂ ਵੱਧ ਲੱਗ ਰਿਹਾ ਸੀ। ਹੁਣ, ਵੇਖੋ, ਉਹ ਇਸ ਤਰ੍ਹਾਂ ਖੜ੍ਹੇ ਸਨ। ਹੁਣ ਅਸੀਂ ਚਾਹੁੰਦੇ ਹਾਂ ਕਿ ਤੁਸੀਂ ਬਸ ਧਿਆਨ ਦਿਓ। ਮੈਂ ਇੱਥੇ ਖੜ੍ਹਾ ਸੀ 'ਤੇ ਮੈਂ ਉਨ੍ਹਾਂ ਦੂਸਰਿਆਂ ਨੂੰ ਵੇਖ ਰਿਹਾ ਸੀ.....

309 ਵੇਖੋ, ਇੱਕ ......ਉਨ੍ਹਾਂ ਛੋਟੀਆਂ ਚਿੜ੍ਹੀਆਂ ਦਾ ਪਹਿਲਾ ਝੁੰਢ, ਉਹ ਹੇਠਾਂ ਨੂੰ ਖੰਭ ਮਾਰ ਰਹੀਆਂ ਸਨ। ਤੁਹਾਨੂੰ ਉਹ ਯਾਦ ਹੈ ?ਅਤੇ ਸਾਰੇ ਪੂਰਬ ਵੱਲ ਨੂੰ ਉਡ ਗਏ। ਅਤੇ ਦੂਜਾ ਝੁੰਢ, ਉਨ੍ਹਾਂ ਨਾਲੋਂ ਜਿਆਦਾ ਚਮਕਦਾਰ, ਜਿਆਦਾ ਵੱਡੇ ਪੰਛੀਆਂ ਦਾ ਸੀ, ਉਹ ਵਿਖਨ ਨੂੰ ਘੁੱਗੀਆਂ ਵਰਗੇ, ਤੇਜ਼ ਖੰਭਾਂ ਵਾਲੇ ਸਨ ;ਉਹ ਪੂਰਬ ਵੱਲ ਨੂੰ ਉਡ ਗਏ ; ਪਹਿਲੀ ਖਿੱਚ, ਦੂਸਰੀ ਖਿੱਚ। ਅਤੇ ਫਿਰ ਅਗਲੀ ਚੀਜ਼ ਦੂਤ ਸਨ। ਅਤੇ ਜਿਵੇਂ ਹੀ ............

310 ਮੈਂ ਉੱਥੇ ਹੀ ਖੜ੍ਹਾ ਸੀ ਅਤੇ ਇਹ ਧਮਾਕਾ ਚਲਾ ਗਿਆ, ਅਤੇ ਮੈਂ ਇਸ ਪਾਸੇ ਪੱਛਮ ਵੱਲ ਨੂੰ ਦੇਖ ਰਿਹਾ ਸੀ, ਅਤੇ ਉਹ ਆਏ ਅਤੇ ਉਹ ਮੈਨੂੰ ਬਸ ਉਸ ਵਿੱਚ ਚੁੱਕ ਕੇ ਲੈ ਗਏ, ਮੈਂ ਆਪਣੀ ਸਮਝ ਤੋਂ ਖਤਮ ਹੋ ਗਿਆ। ਅਤੇ ਜੋ ਆ ਰਹੇ ਸਨ ਉਨ੍ਹਾਂ ਵਿੱਚੋਂ ਇੱਕ ਅਨੋਖਾ ਲੱਗ ਰਿਹਾ ਸੀ, ਉਹ ਮੇਰੇ ਖੱਬੇ ਪਾਸੇ ਸੀ, ਜਿੱਥੋਂ ਦੀ ਮੈਂ ਝੁੰਢ ਵਿੱਚ ਦਾਖਲ ਹੋਇਆ। ਪ੍ਰੰਤੂ ਖੱਬੇ ਤੋਂ ਸੱਜੇ ਪਾਸੇ ਵੱਲ ਨੂੰ ਗਿਣਨ ਤੇ ਉਹ ਸੱਤਵਾਂ ਸਵਰਗਦੂਤ ਸੀ, ਲਾਗੇ ਆਉਂਦੇ ਹੋਏ। ਸਮਝੇ?ਹੁਣ ਯਾਦ ਰੱਖਿਓ, ਸੱਤ ਸੰਦੇਸ਼ ਦੂਤ।

311 ਕੀ ਤੁਹਾਨੂੰ ਜੂਨੀਅਰ ਜੈਕਸਨ ਦੇ ਸੁਪਨੇ ਵਿੱਚ ਪੈਰਾਮਿਡ ਵਾਲੀ ਚਿੱਟੀ ਚੱਟਾਨ ਯਾਦ ਹੈ ਜਿਹਦਾ ਮੈਂ ਤੁਹਾਡੇ ਲਈ ਅਨੁਵਾਦ ਕੀਤਾ ਸੀ?[ਸੰਗਤ "ਆਮੀਨ" ਆਖਦੀ ਹੈ-ਸੰਪਾ]ਸਮਝੇ? ਧਿਆਨ ਦਿਓ, ਉਸ ਰਾਤ ਜਦੋਂ ਮੈਂ ਗਿਆ ....ਅਤੇ ਮੈਂ --ਛੇ ਸੁਪਨੇ ਆਏ ਉਨ੍ਹਾਂ ਵਿੱਚੋਂ ਹਰੇਕ



ਹੋਵੇਗਾ। ਅਤੇ ਇਹਦੀ ਭਵਿੱਖਬਾਣੀ ਹੋ ਚੁੱਕੀ ਹੈ ਕਿ ਉਹ ਹੋਵੇਗਾ ਜੋ ਕਿ ਹੋਰ ਕੋਈ ਨਹੀਂ ਬਲਕਿ ਮਸੀਹ ਦਾ ਹੀ ਆਤਮਾ ਹੈ।

90 ਜਦੋਂ ਮਸੀਹ ਆਉਂਦਾ ਹੈ ਉਹ ਪੂਰੀ ਭਰਪੂਰੀ ਵਿੱਚ ਸੀ ; ਉਹ ਨਬੀ ਸੀ। ਉਹ ਨਬੀਆਂ ਦਾ ਖੁਦਾ ਸੀ। ਵੇਖਿਆ, ਸਮਝੇ?

91 ਮਸੀਹ, ਵੇਖੋ ਉਨ੍ਹਾਂ ਉਸਦੇ ਨਾਲ ਕਿਵੇਂ ਨਫਰਤ ਕੀਤੀ। ਪ੍ਰੰਤੂ ਉਹ ਬਿਲਕੁੱਲ ਉਸੇ ਢੰਗ ਨਾਲ ਆਇਆ ਜਿਵੇਂ ਵਚਨ ਵਿੱਚ ਲਿਖਿਆ ਸੀ ਕਿ ਉਹ ਇਸ ਢੰਗ ਨਾਲ ਆਵੇਗਾ। ਪ੍ਰੰਤੂ ਕਿਉਂਕਿ ਉਹ ਨਬੀ ਸੀ, ਉਨ੍ਹਾਂ ਨੇ ਉਸਦੀ ਪ੍ਰਮੇਸ਼ੁਰ ਦੇ ਰਾਜ ਤੋਂ ਬਾਹਰ, ਪ੍ਰਮੇਸ਼ੁਰ ਦੇ ਆਤਮਾ ਦੀ ਜਿਹੜਾ ਉਨ੍ਹਾਂ ਦੇ ਵਿਚਾਰਾਂ ਨੂੰ ਪਰਖਦਾ ਸੀ ਆਦਿ ਦੀ ਇਹ ਕਹਿ ਕੇ ਨਿੰਦਾ ਕੀਤੀ ਕਿ ਇਹ ਦੁਸ਼ਟ ਆਤਮਾ ਹੈ। ਕਿਹਾ ਕਿ ਇਹ ਭਵਿੱਖ ਦੱਸਣ ਵਾਲਾ ਇੱਕ ਸ਼ੈਤਾਨ ਹੈ।

92 ਭਵਿੱਖ ਦੱਸਣ ਵਾਲਾ ਸ਼ੈਤਾਨ ਹੈ(ਸਮਝੇ?) ਸ਼ੈਤਾਨ ਦਾ ਆਤਮਾ। ਬਿਲਕੁੱਲ। ਕੀ ਤੁਸੀਂ ਇਹ ਜਾਣਦੇ ਹੋ[ਸੰਗਤ ਆਖਦੀ ਹੈ, "ਆਮੀਨ। "-ਸੰਪਾ]ਬਿਲਕੁੱਲ। ਭਵਿੱਖ ਦੱਸਣ ਵਾਲਾ, ਨਬੀ ਦੀ ਨਕਲ ਹੈ ਜੋ ਕਿ ਪ੍ਰਮੇਸ਼ੁਰ ਦੇ ਸਾਹਮਣੇ ਘਿਰਣਾਯੋਗ ਹੈ।

93 ਹੁਣ ਧਿਆਨ ਦਿਓ, ਦਾਨੀਏਲ ਦੇ ਆਖਰੀ ਸਾਢੇ ਤਿੰਨ ਸਾਲਾਂ ਦੇ ਵਚਨ ਅਨੁਸਾਰ ਇਹ ਬਿਲਕੁੱਲ ਠੀਕ ਇਕਸਾਰਤਾ ਵਿੱਚ ਹੈ।

94 ਧਿਆਨ ਦਿਓ ਇਸਰਾਏਲ ਦੇ ਨਿਹਚਾਵਾਨ-ਪੁਰਾਣੇ ਨੇਮ ਵਿੱਚ ਨਿਹਚਾਵਾਨਾਂ ਨੂੰ ਦੱਸਿਆ ਗਿਆ ਕਿ ਸਿਰਫ ਆਪਣੇ ਨਬੀਆਂ ਤੋਂ ਬਾਦ ਨਬੀ ਤੇ ਨਿਹਚਾ ਕਰੋ ਜੋ ਕਿ ਪਹਿਲਾਂ ਪ੍ਰਮਾਣਿਤ ਹੋਣ। " ਜੇ ਤੁਹਾਡੇ ਵਿੱਚ ਕੋਈ ਆਤਮਿਕ ਜਾਂ ਨਬੀ ਹੋਵੇ ਤਾਂ ਮੈਂ ਪ੍ਰਭੂ ਤੁਹਾਡਾ ਪਰਮੇਸ਼ੁਰ ਉਸ ਤੇ ਆਪਣੇ ਆਪ ਨੂੰ ਪ੍ਰਗਟ ਕਰਾਂਗਾ ਅਤੇ ਉਸ ਦੇ ਨਾਲ ਦਰਸ਼ਨਾਂ ਅਤੇ ਸੁਪਨਿਆਂ ਰਾਹੀਂ ਗੱਲ ਬਾਤ ਕਰਾਂਗਾ, ਸਪੁਨਿਆਂ ਦੇ ਅਨੁਵਾਦ ਰਾਹੀਂ। ਕਿਸੇ ਨੇ ਵੀ ਸੁਪਨਾ ਵੇਖਿਆ ਨਬੀ ਉਸਦਾ ਅਨੁਵਾਦ ਕਰਨ ਯੋਗ ਹੋਵੇਗਾ। ਅਤੇ ਜੇ ਉਹਨੂੰ ਦਰਸ਼ਣ ਮਿਲਿਆ ਅਤੇ ਉਹ ਉਸਨੂੰ ਦੱਸਦਾ ਹੈ, ਮੈਂ ਆਪਣੇ ਆਪ ਨੂੰ ਉਸ ਉੱਤੇ ਦਰਸ਼ਨਾਂ ਅਤੇ ਸੁਪਨਿਆਂ ਰਾਹੀਂ ਪ੍ਰਗਟ ਕਰਾਂਗਾ ਅਤੇ ਜੇਕਰ ਜੋ ਕੁਝ ਉਹ ਕਹਿੰਦਾ ਹੈ ਉਹ ਪੂਰਾ ਹੋਵੇ ਤਾਂ ਉਸ ਨਬੀ ਦੀ ਸੁਣਿਓ ਕਿਉਂਕਿ ਮੈਂ ਉਹਦੇ ਨਾਲ ਹਾਂ ਅਤੇ ਜੇ ਪੂਰਾ ਨਹੀਂ ਹੁੰਦਾ ਤਾਂ ਉਸ ਤੋਂ ਨਾ ਡਰਨਾ, ਜੀ ਹਾਂ ਇਹ ਠੀਕ ਹੈ। ਉਸ ਤੋਂ ਵੱਖ ਹੋ ਜਾਓ, ਉਸਨੂੰ ਛੱਡ ਦਿਓ, ਵੇਖਿਆ, ਹੁਣ ਇਹ .........

95 ਹੁਣ ਇਸਰਾਏਲ ਹਮੇਸ਼ਾਂ ਇਸਦਾ ਵਿਸ਼ਵਾਸ਼ ਕਰੇਗਾ, ਕੀ ਤੁਸੀਂ ਨਹੀਂ ਵੇਖ ਰਹੇ ਹੋ। ਕਿਉਂ? ਹੁਣ ਮੈਂ ਚਾਹੁੰਦਾ ਹਾਂ ਕਿ ਅੱਜ ਰਾਤ ਤੁਸੀਂ ਇਸ ਪਾਠ ਨੂੰ ਚੰਗੀ ਤਰ੍ਹਾਂ ਸਮਝ ਲਓ।

96 ਕਿਉਂ? ਕਿਉਂਕਿ ਇਹ ਪ੍ਰਮੇਸ਼ੁਰ ਦੇ ਵਲੋਂ ਉਨ੍ਹਾਂ ਲਈ ਇੱਕ ਹੁਕਮ ਹੈ। ਮੈਂ ਕੋਈ ਪ੍ਰਵਾਹ ਨਹੀਂ ਕਰਦਾ ਕਿ ਗੈਰ ਕੌਮਾਂ ਉੱਥੇ ਭਾਵੇਂ ਜਿੰਨੇ ਮਰਜ਼ੀ ਟਰੈਕਟ ਭੇਜਣ ਅਤੇ ਵੰਡਣ। ਮੈਂ ਚਿੰਤਾ ਨਹੀਂ ਕਰਦਾ ਤੁਸੀਂ ਬਗਲ ਵਿੱਚ ਬਾਈਬਲ ਰੱਖ ਕੇ ਭਾਵੇਂ ਇਸਰਾਏਲ ਜਿੰਨਾ ਵੀ ਜਾਓ ਅਤੇ ਇਹ ਉਹ ਜਾਂ ਕਿਸੇ ਵੀ ਹੋਰ ਚੀਜ਼ ਨੂੰ ਸਾਬਤ ਕਰੋ ਪਰ ਉਹ ਨਬੀ ਨੂੰ ਛੱਡ ਕਿਸੇ ਵੀ ਹੋਰ ਚੀਜ਼ ਨੂੰ ਕਬੂਲ ਨਹੀਂ ਕਰਨਗੇ। ਇਹ ਬਿਲਕੁੱਲ ਠੀਕ ਹੈ। ਕਿਉਂਕਿ ਨਬੀ ਹੀ ਇੱਕ ਹੁੰਦਾ ਹੈ ਜਿਹੜਾ

ਰੱਬੀ ਵਚਨ ਨੂੰ ਲੈ ਕੇ ਉਸਨੂੰ ਉਸਦੀ ਥਾਂ ਤੇ ਰੱਖ ਕੇ ਪ੍ਰਮਾਣਿਤ ਨਬੀ ਹੋ ਜਾਂਦਾ ਹੈ। ਉਹ ਉਸਦਾ ਵਿਸ਼ਵਾਸ਼ ਕਰਦੇ ਹਨ। ਇਹ ਠੀਕ ਹੈ।

97 ਜਿਵੇਂ ਕਿ ਮੈਂ ਇੱਥੇ ਬੈਨਟਨ ਹਾਰਬਾਰ ਵਿੱਚ ਇੱਕ ਯਹੂਦੀ ਨਾਲ ਗੱਲ ਕਰ ਰਿਹਾ ਸੀ ਜਦੋਂ ਜੋਨ ਰੇਅਨ ਜੋ ਆਪਣੀ ਸਾਰੀ ਜ਼ਿੰਦਗੀ ਅੰਨ੍ਹਾ ਰਿਹਾ ਸੀ, ਨੇ ਲੱਗ-ਭੱਗ ਆਪਣੀਆਂ ਅੱਖਾਂ ਦੀ ਰੋਸ਼ਨੀ ਪ੍ਰਾਪਤ ਕਰ ਲਈ ਸੀ। ਉਹ ਮੈਨੂੰ ਉੱਥੇ ਡੇਵਿਡ ਕੇ ਘਰ ਲੈ ਗਏ। ਅਤੇ ਇਹ ਰੱਬੀ ਆਪਣੀ ਲੰਬੀ ਦਾੜੀ ਸਮੇਤ ਨਿੱਕਲ ਕੇ ਆਇਆ। ਉਸਨੇ ਕਿਹਾ ਤੂੰ ਕਿਸ ਇਖਤਿਆਰ ਨਾਲ ਜੋਨ ਰੇਅਨ ਨੂੰ ਉਸ ਦੀਆਂ ਅੱਖਾਂ ਦੀ ਰੋਸ਼ਨੀ ਦਿੱਤੀ?

ਮੈਂ ਕਿਹਾ, "ਪ੍ਰਮੇਸ਼ੁਰ ਦੇ ਪੁੱਤਰ ਯਿਸੂ ਮਸੀਹ ਦੇ ਨਾਮ ਵਿੱਚ। "

98 ਉਸਨੇ ਕਿਹਾ, "ਪ੍ਰਮੇਸ਼ੁਰ ਦਾ ਪੁੱਤਰ ਨਹੀਂ ਹੋ ਸੱਕਦਾ। " ਸਮਝੇ? ਅਤੇ ਉਸਨੇ ਕਿਹਾ "ਤੁਸੀਂ ਲੋਕ ਪ੍ਰਮੇਸ਼ੁਰ ਨੂੰ ਤਿੰਨ ਭਾਗਾਂ ਵਿੱਚ ਵੰਡ ਕੇ ਇੱਕ ਯਹੂਦੀ ਨੂੰ ਨਹੀਂ ਦੇ ਸੱਕਦੇ ਹੋ। ਉਸ ਵਿੱਚੋਂ ਤਿੰਨ ਖੁਦਾ ਬਣਾ ਕੇ, ਤੁਸੀਂ ਮੂਰਤੀ ਪੂਜਕਾਂ ਦਾ ਟੋਲਾ ਹੋ। "

99 ਮੈਂ ਕਿਹਾ, " ਮੈਂ ਉਹਨੂੰ ਤਿੰਨ ਭਾਗਾਂ ਵਿੱਚ ਨਹੀਂ ਵੰਡਦਾ ਹਾਂ। " ਮੈਂ ਕਿਹਾ, "ਰੱਬੀ, ਕੀ ਤੁਹਾਡੇ ਲਈ ਇਹ ਅਜੀਬ ਗੱਲ ਨਹੀਂ ਹੋਵੇਗੀ ਕਿ ਤੁਸੀਂ ਜਿਨ੍ਹਾਂ ਨਬੀਆਂ ਤੇ ਨਿਹਚਾ ਕਰਦੇ ਹੋ ਉਹ ਤੁਹਾਨੂੰ ਕੋਈ ਗਲਤ ਗੱਲ ਦੱਸਣ?"

ਉਸਨੇ ਕਿਹਾ, "ਸਾਡੇ ਨਬੀ ਕੁਝ ਵੀ ਗਲਤ ਨਹੀਂ ਦੱਸਦੇ ਹਨ, " ਮੈਂ ਕਿਹਾ ਯਸਾਯਾਹ 9:6 ਕਿਹਦੇ ਵਾਰੇ ਵਿੱਚ ਬੋਲ ਰਿਹਾ ਹੈ?"

ਉਸਨੇ ਕਿਹਾ, " ਮਸੀਹਾ ਦੇ। "

100 ਮੈਂ ਕਿਹਾ, " ਤਾਂ ਫਿਰ ਮਸੀਹਾ -ਮਨੁੱਖ ਨਬੀ ਹੋਵੇਗਾ। ਕੀ ਇਹ ਠੀਕ ਗੱਲ ਹੈ?"

ਉਹ ਬੋਲਿਆ, " ਹਾਂ ਸ਼੍ਰੀ ਮਾਨ ਜੀ, ਇਹ ਠੀਕ ਹੈ। "

101 ਮੈਂ ਕਿਹਾ, ਮੈਨੂੰ ਵਿਖਾਓ ਯਿਸੂ ਇਹਦੇ ਵਿੱਚ ਕਿੱਥੇ ਫੇਲ ਹੋਇਆ, ਉਸਨੇ ਕਿਹਾ, ਮੈਂ ਕਿਹਾ, "ਮਸੀਹਾ ਨਬੀ ਦਾ ਖੁਦਾ ਨਾਲ ਕੀ ਰਿਸ਼ਤਾ ਹੋਵੇਗਾ?"

ਉਸਨੇ ਕਿਹਾ, " ਉਹ ਪ੍ਰਮੇਸ਼ੁਰ ਹੋਵੇਗਾ। "

ਮੈਂ ਕਿਹਾ, "ਇਹ ਠੀਕ ਗੱਲ ਹੈ, ਹੁਣ ਤੁਸੀਂ ਵਚਨ ਤੇ ਆਏ ਹੋ। "

102 ਇਸ ਤਰ੍ਹਾਂ ਮੇਰੀ ਮੱਦਦ ਕੀਤੀ। ਉਹ ਯਹੂਦੀ ਜਿਹੜਾ ਉੱਥੇ ਖੜ੍ਹਾ ਸੀ, ਉਸ ਦੀਆਂ ਅੱਖਾਂ ਵਿੱਚੋਂ ਹੰਝੂ ਗੱਲਾਂ ਤੇ ਡਿੱਗ ਰਹੇ ਸਨ, ਉਹ ਬੋਲਿਆ, "ਮੈਂ ਤੁਹਾਨੂੰ ਫਿਰ ਕਦੇ ਸੁਣਾਂਗਾ। "

ਮੈਂ ਕਿਹਾ, " ਰੱਬੀ ਕੀ ਤੂੰ ਇਹ ਨਿਹਚਾ ਕਰਦਾ ਹੈਂ?

103 ਅਤੇ ਉਸਨੇ ਕਿਹਾ, "ਵੇਖੋ "ਪ੍ਰਮੇਸ਼ੁਰ ਇਸ ਯੋਗ ਹੈ ਕਿ ਇਨ੍ਹਾਂ ਪੱਥਰਾਂ ਵਿੱਚੋਂ ਅਬਰਾਹਾਮ ਲਈ ਸੰਤਾਨ ਪੈਦਾ ਕਰ ਸੱਕਦਾ ਹੈ। "ਮੈਨੂੰ ਪਤਾ ਲੱਗ ਗਿਆ ਕਿ ਉਹ ਨਵੇਂ ਨੇਮ ਵਿੱਚੋਂ ਬੋਲ ਰਿਹਾ ਸੀ।



ਉੱਥੇ ਮਿਲਾਂਗਾ। " ਅਤੇ ਕਿਹਾ ਉੱਥੇ ਤੀਸਰੀ ਖਿੱਚ ਹੋਵੇਗੀ ਅਤੇ ਤੂੰ ਉਹ ਕਿਸੇ ਨੂੰ ਨਹੀਂ ਦੱਸੇਂਗਾ।" ਅਤੇ ਸਬੀਨੋ ਕੈਨੀਅਨ ਵਿੱਚ ਉਸਨੇ ਕਿਹਾ, "ਇਹ ਤੀਸਰੀ ਖਿੱਚ ਹੈ। "

300 ਅਤੇ ਤਿੰਨ ਮਹਾਨ ਗੱਲਾਂ ਹਨ ਜੋ ਇਹਦੇ ਨਾਲ ਚੱਲਦੀਆਂ ਹਨ ਅਤੇ ਅੱਜ ਇੱਕ ਖੁੱਲ੍ਹ ਗਈ ....ਜਾਂ ਬੀਤੇ ਕੱਲ੍ਹ, ਦੂਜੀ ਅੱਜ ਖੁੱਲ੍ਹ ਗਈ ਹੈ ਅਤੇ ਸਿਰਫ ਇੱਕ ਗੱਲ ਹੈ ਜਿਹਦਾ ਮੈਂ ਅਨੁਵਾਦ ਨਹੀਂ ਕਰ ਸਕਿਆ ਕਿਉਂਕਿ ਉਹ ਪਰਾਈ ਭਾਖਿਆ ਵਿੱਚ ਸੀ। ਪ੍ਰੰਤੂ ਮੈਂ ਉੱਥੇ ਖੜ੍ਹਾ ਉਸਨੂੰ ਧਿਆਨ ਨਾਲ ਵੇਖ ਰਿਹਾ ਸੀ ਅਤੇ ਇਹ ਤੀਸਰੀ ਖਿੱਚ ਆ ਰਹੀ ਹੈ। [ਭਾਈ ਬ੍ਰਾਨਹਾਮ ਤਿੰਨ ਵਾਰ ਪੁਲਪਿਟ ਤੇ ਖੜਕਾਉਂਦੇ ਹਨ-ਸੰਪਾ]ਅਤੇ ਪ੍ਰਮੇਸ਼ੁਰ ਦਾ ਪਵਿੱਤਰ ਆਤਮਾ ...ਹੇ ਮੇਰੇ ਖੁਦਾ ! ਇਹ ਹੀ ਕਾਰਨ ਸੀ ਕਿ ਸਾਰਾ ਸਵਰਗ ਚੁੱਪ ਸੀ।

301 ਹੁਣ ਚੰਗਾ ਹੈ ਕਿ ਮੈਂ ਇੱਥੇ ਹੀ ਰੁਕ ਜਾਵਾਂ। ਸਮਝੇ? ਮੈਂ ਕੁਝ ਮਹਿਸੂਸ ਕਰ ਰਿਹਾ ਹਾਂ, ਮੈਨੂੰ ਰੋਕਿਆ ਗਿਆ ਹੈ ਕਿ ਹੁਣ ਇਸਦੇ ਬਾਰੇ ਵਿੱਚ ਹੋਰ ਕੁਝ ਨਾ ਕਹਾਂ। ਸਮਝੇ?

302 ਇਸ ਲਈ ਬਸ ਯਾਦ ਰੱਖੋ ਕਿ ਸੱਤਵੀਂ ਮੋਹਰ ਇਸ ਕਰਕੇ ਨਹੀਂ ਖੋਲ੍ਹੀ ਗਈ (ਸਮਝੇ?) [ਭਾਈ ਬ੍ਰਾਨਹਾਮ ਛੇ ਵਾਰ ਪੁਲਪਿਟ ਤੇ ਖੜਕਾਉਂਦੇ ਹਨ-ਸੰਪਾ]ਇਹ ਹੀ ਕਾਰਨ ਹੈ ਕਿ ਇਹ ਪ੍ਰਗਟ ਨਹੀਂ ਕੀਤੀ ਗਈ, ਇਹਦੇ ਬਾਰੇ ਵਿੱਚ ਕਿਸੇ ਨੂੰ ਪਤਾ ਨਹੀਂ ਲੱਗਣਾ ਚਾਹੀਦਾ ਹੈ।

303 ਅਤੇ ਮੈਂ ਚਾਹੁੰਦਾ ਹਾਂ ਕਿ ਤੁਹਾਨੂੰ ਪਤਾ ਹੋਵੇ ਕਿ ਇਸ ਤੋਂ ਪਹਿਲਾਂ ਕਿ ਮੈਂ ਇਹਦੇ ਬਾਰੇ ਵਿੱਚ ਕੋਈ ਗੱਲ ਜਾਣਦਾ, ਇਹ ਦਰਸ਼ਣ ਸਾਲਾਂ ਪਹਿਲਾਂ ਆਇਆ ਸੀ। ਕੀ ਤੁਹਾਨੂੰ ਇਹ ਯਾਦ ਹੈ? [ਸਭਾ ਆਖਦੀ ਹੈ, "ਆਮੀਨ। "-ਸੰਪਾ]ਅਤੇ ਇਹ ਇਸੇ ਤਰ੍ਹਾਂ ਹੀ ਉੱਥੇ ਹੈ, ਜਿਵੇਂ ਬਾਕੀ ਦੂਸਰੀਆਂ ਵਚਨ ਵਿੱਚ ਉੱਥੇ ਠੀਕ ਬੈਠਦੀਆਂ ਹਨ [ਭਾਈ ਬ੍ਰਾਨਹਾਮ ਦੋ ਵਾਰ ਪੁਲਪਿਟ ਤੇ ਖੜਕਾਉਂਦੇ ਹਨ-ਸੰਪਾ] ਅਤੇ ਪ੍ਰਮੇਸ਼ੁਰ ਮੇਰੇ ਦਿਲ ਨੂੰ ਜਾਣਦਾ ਹੈ ਕਿ ਮੈਂ ਇੱਕ ਵਾਰ ਵੀ ਇਸ ਤਰ੍ਹਾਂ ਦੀ ਗੱਲ ਨਹੀਂ ਸੋਚੀ, ਅਤੇ ਇਹ ਉੱਥੇ ਸੀ। ਇਹ ਸਾਡੇ ਸੋਚਣ ਤੋਂ ਪਹਿਲਾਂ ਹੈ। ਹੇ ਮੇਰੇ ਪ੍ਰਭੂ!

304 ਇਹ ਇਸਨੂੰ ਦਰਸਾਉਂਦਾ ਹੈ ਕਿ ਇਹ ਖੁਦਾ ਦੀ ਵਲੋਂ ਹੈ ਕਿਉਂਕਿ ਇਹ ਪ੍ਰਮੇਸ਼ੁਰ ਦੇ ਵਾਇਦਿਆਂ ਦੇ ਆਖਰੀ ਸੰਦੇਸ਼ ਦੇ ਬਿਲਕੁੱਲ ਫਿੱਟ ਬੈਠਦਾ ਹੈ। ਤੁਸੀਂ ਧਿਆਨ ਦਿਓ। ਹੁਣ ਧਿਆਨ ਦਿਓ, ਅੰਤ ਸਮੇਂ ਦਾ ਸੰਦੇਸ਼ ਇਹ ਮੋਹਰ, ਸੱਭ ਤੋਂ ਵੱਧ .....ਉਸਨੇ ਸਾਰੀਆਂ ਛੇ ਮੋਹਰਾਂ ਪ੍ਰਗਟ ਕਰ ਦਿੱਤੀਆਂ ਹਨ, ਪਰ ਇਹ ਸੱਤਵੀਂ ਮੋਹਰ ਬਾਰੇ ਕੁਝ ਵੀ ਨਹੀਂ ਕਹਿੰਦਾ ਹੈ। ਅਤੇ ਇਹ ਅੰਤ ਸਮੇਂ ਦੀ ਮੋਹਰ, ਜਦੋਂ ਇਹ ਸ਼ੁਰੂ ਹੁੰਦੀ ਹੈ ਇਸ ਤੋਂ ਪਹਿਲਾਂ ਕਿ ਇਹਨੂੰ ਜਾਣਿਆ ਜਾਵੇ ਇਹ ਪੂਰੀ ਤਰ੍ਹਾਂ ਬਾਈਬਲ ਦੇ ਅਨੁਸਾਰ ਗੁਪਤ ਹੈ। ਅਤੇ ਯਾਦ ਰੱਖੋ, ਪ੍ਰਕਾਸ਼ ਪੋਥੀ 10:1-7 (10 ਬਾਬ ਦੀ 1-7) ਸੱਤਵੇਂ ਦੂਤ ਦੇ ਸੰਦੇਸ਼ ਦੇ ਅੰਤ ਵਿੱਚ ਪ੍ਰਮੇਸ਼ੁਰ ਦੇ ਸਾਰੇ ਭੇਤ ਖੁੱਲ੍ਹ ਜਾਣਗੇ। ਅਸੀਂ ਅੰਤ ਸਮੇਂ ਵਿੱਚ ਹਾਂ, ਸੱਤਵੀਂ ਮੋਹਰ ਦੇ ਖੁੱਲ੍ਹਣ ਦੇ ਸਮੇਂ ਵਿੱਚ ਹਾਂ।

305 ਹੁਣ ਮੈਨੂੰ ਕਿਵੇਂ ਪਤਾ ਲੱਗਾ? ਉਸ ਦਿਨ, ਪਿਛਲੇ ਐਤਵਾਰ, ਅੱਜ ਤੋਂ ਇੱਕ ਹਫਤਾ ਪਹਿਲਾਂ ਜਦੋਂ ਮੈਂ ਇਹਦੇ ਤੇ ਪ੍ਰਚਾਰ ਕਰ ਰਿਹਾ ਸੀ, "ਹਲੀਮ ਬਣੋ, ਹਲੀਮ ਹੋਵੋ ; ਯਾਦ ਰੱਖੋ, ਖੁਦਾ ਛੋਟੀਆਂ ਗੱਲਾਂ ਰਾਹੀਂ ਵਿਵਹਾਰ ਕਰਦਾ ਹੈ। " ਮੈਂ ਅਸਲ ਵਿੱਚ ਜਾਣ ਨਹੀਂ ਸਕਿਆ ਕਿ ਉਹ ਅਸਲ ਵਿੱਚ ਕਿਸ ਵਿਸ਼ੇ ਤੇ ਗੱਲ ਕਰ ਰਿਹਾ ਸੀ ਅਤੇ ਹੁਣ ਮੈਂ ਇਹਨੂੰ ਵੇਖਦਾ ਹਾਂ। ਇਹ

ਉਹ ਤੁਹਾਡੇ ਤੋਂ ਉਮੀਦ ਕਰਦੇ ਹਨ ਕਿ ਤੁਸੀਂ ਸਾਰੀਆਂ ਚੀਜ਼ਾਂ ਨੂੰ ਖੋਲ੍ਹ ਕੇ ਦੱਸ ਦਿਓ, *ਇਹ, ਉਹ।*

293 ਅਤੇ ਮੈਂ ਕਿਹਾ, "ਚੰਗਾ ਭਾਈ ਸੱਭ .....ਮੈਂ ਕਿਹਾ, "ਮੈਂ ਨਹੀਂ ਜਾਣਦਾ ਹਾਂ। " ਮੈਂ ਮੱਛੀਆਂ ਫੜ੍ਹਨ ਬਾਰੇ ਸਮਝ ਚੁੱਕਾ ਹਾਂ। ਹੁਣ ਮੈਂ ਕਿਹਾ, "ਹੁਣ ਪਹਿਲੀ ਗੱਲ ਜਿਹੜੀ ਤੁਸੀਂ ਕਰਦੇ ਹੋ .....ਇਹ ਢੰਗ ਹੈ ਜੋ ਕੀਤਾ ਗਿਆ ਹੈ। ਤੁਸੀਂ ਚਾਰੇ ਪਾਸੇ ਮੱਛੀਆਂ ਵੇਖਦੇ ਹੋ, ਤੁਸੀਂ ਕੁੰਢੀ ਨੂੰ ਝਟਕਾ ਮਾਰਨਾ ਹੈ। ਵੇਖੋ, ਮੱਛੀਆਂ ਫੜ੍ਹਨ ਦੇ ਬਸ ਇਹੋ ਢੰਗ ਹਨ। ਇਸ ਲਈ ਮੈਂ ਕਿਹਾ, "ਕੁੰਢੀ ਨੂੰ ਝਟਕਾ ਦਿਓ, ਹੁਣ ਤੁਸੀਂ ਵੇਖੋ ਜਦੋਂ ਮੈਂ ਕੁੰਢੀ ਨੂੰ ਝਟਕਾ ਦਿੱਤਾ ਤਦ ਪਹਿਲੀ ਬਾਰ ਮੱਛੀ ਉਸਦੇ ਪਿੱਛੇ ਬਾਹਰ ਆਈ। "ਪ੍ਰੰਤੂ ਉਹ ਛੋਟੀ ਜਿਹੀ ਸੀ ਤੇ ਉਹ ਉਸ ਤਰ੍ਹਾਂ ਦੀ ਸੀ ਜਿਸ ਤਰ੍ਹਾਂ ਦੀ ਉਹ ਫੜ੍ਹ ਰਹੇ ਸਨ।

294 ਇਸ ਲਈ ਫਿਰ ਮੈਂ ਕਿਹਾ, " ਫਿਰ ਤੁਸੀਂ ਕਰੋਗੇ --" ਅਤੇ ਮੈਂ ਝਟਕੇ ਨਾਲ ਉਸਨੂੰ ਬਾਹਰ ਕਿਨਾਰੇ ਤੇ ਕੱਢ ਲਿਆ ਅਤੇ ਮੇਰੇ ਕੋਲ ਇੱਕ ਮੱਛੀ ਸੀ ਪ੍ਰੰਤੂ ਉਹ ਇਸ ਤਰ੍ਹਾਂ ਦੀ ਲੱਗ ਰਹੀ ਸੀ ਜਿਵੇਂ ਕੁੰਢੀ ਤੇ ਖੱਲ੍ਹ ਚੜ੍ਹੀ ਹੋਵੇ। ਉਹ ਬਸ ....ਉਹ ਏਨੀ ਛੋਟੀ ਸੀ।

295 ਤਦ ਮੈਂ ਉੱਥੇ ਖੜ੍ਹਾ ਸੀ 'ਤੇ ਕਿਸੇ ਚੀਜ਼ ਨੇ ਕਿਹਾ ਮੈਂ ਤੈਨੂੰ ਦੱਸਿਆ ਸੀ ਕਿ ਇਹ ਨਹੀਂ ਕਰਨਾ।

296 ਮੈਂ ਰੋਣ ਲੱਗ ਪਿਆ। ਮੇਰੇ ਆਲੇ ਦੁਆਲੇ ਸਾਰੇ ਧਾਗੇ ਨੂੰ ਇਸ ਤਰ੍ਹਾਂ ਗੁੰਝਲਾਂ ਪੈ ਗਈਆਂ। ਅਤੇ ਮੈਂ ਉੱਥੇ ਖੜ੍ਹਾ ਇਸ ਤਰ੍ਹਾਂ ਆਪਣਾ ਸਿਰ ਹੇਠਾਂ ਕੀਤੇ ਹੋਏ ਸੀ। ਮੈਂ ਕਿਹਾ, ਹੇ ਪ੍ਰਮੇਸ਼ੁਰ!ਮੈਨੂੰ ਮਾਫ ਕਰ ਦੇਹ!ਮੈਂ ਇੱਕ ਮੂਰਖ ਆਦਮੀ ਹਾਂ। ਪ੍ਰਭੂ ਨਹੀਂ .....ਮੈਨੂੰ ਮਾਫ ਕਰ ਅਤੇ ਮੇਰੇ ਕੋਲ ਇਹ ਧਾਗਾ ਸੀ।

297 ਅਤੇ ਇਹੋ ਸੀ ਜੋ ਮੇਰੇ ਹੱਥ ਵਿੱਚ ਸੀ ;ਇੱਕ ਛੋਟੇ ਬੱਚੇ ਦੀ ਜੁੱਤੀ ਲੱਗਭੱਗ ਇੰਨੀ ਲੰਬੀ। ਅਤੇ ਮੇਰੇ ਹੱਥ ਵਿੱਚ ਇਹ ਤਸਮਾ ਸੀ ਜੋ ਲੱਗਭੱਗ ਮੇਰੀ ਉਂਗਲ ਜਿੱਡਾ ਮੋਟਾ ਸੀ ਅਤੇ ਉਸ ਜੁੱਤੀ ਵਿੱਚ ਤਸਮੇ ਦਾ ਛੇਦ ਛੋਟੇ ਆਕਾਰ ਦਾ ਸੀ ਇੱਕ ਇੰਚ ਦਾ ਇੱਕ ਵਟਾ ਸੋਲਵਾਂ ਭਾਗ ਦੇ ਲੱਗਭੱਗ ਤਸਮੇ ਦਾ ਛੇਦ ਸੀ। ਅਤੇ ਮੈਂ ਛੇਦ ਵਿੱਚ ਇੰਨੇ ਵੱਡੇ ਇੰਚ ਦੀ ਰੱਸੀ ਨਾਲ ਤਸਮਾ ਪਾਉਣ ਦੀ ਕੋਸ਼ਿਸ਼ ਕਰ ਰਿਹਾ ਸੀ।

298 ਇੱਕ ਅਵਾਜ਼ ਆਈ ਅਤੇ ਕਿਹਾ, " ਤੂੰ ਪੈਂਟੀਕਾਸਟਲ ਬੱਚਿਆਂ ਨੂੰ ਇਹ ਅਲੋਕਿਕ ਗੱਲਾਂ ਨਹੀਂ ਸਿਖਾ ਸੱਕਦਾ ਹੈਂ। " ਕਿਹਾ "ਉਨ੍ਹਾਂ ਨੂੰ ਛੱਡ ਦੇਹ!"

299 ਅਤੇ ਤਦ ਉਸਨੇ ਮੈਨੂੰ ਉਠਾ ਲਿਆ। ਉਸਨੇ ਮੈਨੂੰ ਉੱਪਰ ਚੁੱਕ ਲਿਆ ਅਤੇ ਉੱਚੇ ਤੇ ਬਿਠਾ ਦਿੱਤਾ ਜਿੱਥੇ ਇੱਕ ਤੱਬੂ ਵਾਂਗੂ ਜਾਂ ਕਿਸੇ ਤਰ੍ਹਾਂ ਦੇ ਭਵਨ ਵਾਂਗੂ ਦਿਖਣ ਵਾਲੇ ਸਥਾਨ ਵਿੱਚ ਮਿਟਿੰਗ ਚੱਲ ਰਹੀ ਸੀ। ਅਤੇ ਮੈਂ ਵੇਖਿਆ ਉੱਥੇ ਇਸ ਤਰ੍ਹਾਂ ਦਾ ਇੱਕ ਛੋਟਾ ਜਿਹਾ ਸੰਦੂਕ ਸੀ ਅਤੇ ਉਸਦੇ ਅੰਦਰ ਛੋਟਾ ਜਿਹਾ ਥਾਂ ਸੀ। ਅਤੇ ਮੈਂ ਵੇਖਿਆ ਕਿ ਉਹ ਪ੍ਰਕਾਸ਼ ਮੇਰੇ ਉੱਤੇ ਕਿਸੇ ਨਾਲ ਗੱਲ ਕਰ ਰਿਹਾ ਸੀ, ਉਹ ਪ੍ਰਕਾਸ਼ ਜਿਹੜਾ ਤੁਸੀਂ ਉੱਥੇ ਉਸ ਫੋਟੋ ਵਿੱਚ ਵੇਖਦੇ ਹੋ। ਉਹ ਇਸ ਤਰ੍ਹਾਂ ਮੇਰੇ ਦੁਆਲਿਓਂ ਘੁੰਮਦਾ ਹੋਇਆ ਚਲਾ ਗਿਆ ਅਤੇ ਉਸ ਤੰਬੂ ਤੇ ਚਲਾ ਗਿਆ। ਅਤੇ ਕਿਹਾ, " ਮੈਂ ਤੈਨੂੰ



ਮੈਂ ਕਿਹਾ, " ਰੱਬੀ ਠੀਕ ਹੈ। ਹੁਣ ਇਸ ਵਿਸ਼ੇ ਵਿੱਚ ਕੀ ਹੈ?"

104 ਉਸਨੇ ਕਿਹਾ, "ਜੇ ਮੈਂ ਇਹ ਪ੍ਰਚਾਰ ਕਰ ਦਿੱਤਾ ਤਾਂ ਮੈਂ ਉੱਥੇ ਹੇਠਾਂ ਹੋਵਾਂਗਾ। "ਤੁਹਾਨੂੰ ਪਤਾ ਹੈ ਉਹ ਥਾਂ ਜਿਹੜੇ ਪਹਾੜ ਤੇ ਵਸੇ ਹੋਏ ਹਨ, ਉੱਥੇ ਹੇਠਾਂ ਸੜਕ ਤੇ ਆਪਣੀ ਰੋਟੀ ਮੰਗ ਰਿਹਾ ਹੋਵਾਂਗਾ। "

105 ਮੈਂ ਕਿਹਾ, "ਉੱਥੇ ਹੇਠਾਂ ਭਾਵੇਂ ਮੈਨੂੰ ਰੋਟੀ ਮੰਗਣੀ ਪਵੇ", ਤੁਸੀਂ ਜਾਣਦੇ ਹੋ, ਯਹੂਦੀਆਂ ਦਾ ਹੱਥ ਹਾਲੇ ਵੀ ਪੈਸੇ ਤੇ ਹੈ, ਸਮਝੇ?ਸਮਝੇ? ਭਾਵੇਂ ਮੈਨੂੰ ਇਹ ਕਰਨਾ ਪਵੇ ......ਅਤੇ ਉਸਦਾ ਨਾਮ ਉੱਥੇ ਸੋਨੇ ਨਾਲ ਲਿਖਿਆ ਹੋਇਆ ਹੈ .....ਮੈਂ ਕਿਹਾ ਭਾਵੇਂ ਮੈਨੂੰ ਉੱਥੇ ਹੇਠਾਂ ਜਾ ਕੇ ਨਮਕੀਨ ਮੁਰਮਰੇ ਖਾਣੇ ਪੈਣ ਅਤੇ ਨਾਲੇ ਦਾ ਪਾਣੀ ਪੀਣਾ ਪਵੇ, ਇਹ ਪਤਾ ਹੋਵੇ ਕਿ ਮੈਂ ਪ੍ਰਮੇਸ਼ੁਰ ਦੇ ਨਾਲ ਠੀਕ ਸੰਗਤ ਵਿੱਚ ਅਤੇ ਸੱਚਾਈ ਤੇ ਹਾਂ ਬਜਾਏ ਇਹਦੇ ਕਿ ਇੱਥੇ ਇਸ ਭਵਨ ਤੇ ਮੇਰਾ ਨਾਮ ਸੋਨੇ ਦੇ ਅੱਖਰਾਂ ਵਿੱਚ ਲਿਖਿਆ ਹੋਵੇ ਅਤੇ ਪਤਾ ਹੋਵੇ ਕਿ ਮੈਂ ਪ੍ਰਮੇਸ਼ੁਰ ਤੋਂ ਵੱਖ ਹਾਂ। ਮੈਂ ਇਹ ਜਾਣਦਾ ਸਾਂ ਕਿ ਉਹ ਮੇਰੀ ਹੋਰ ਨਹੀਂ ਸੁਣੇਗਾ ਇਸ ਲਈ ਉਹ ਚਲਾ ਗਿਆ।

106 ਪ੍ਰੰਤੂ ਗੱਲ ਇਹ ਹੈ ਤੁਸੀਂ ਪ੍ਰਮੇਸ਼ੁਰ ਨੂੰ ਦੋ ਜਾਂ ਤਿੰਨ ਟੁਕੜਿਆਂ ਵਿੱਚ ਨਹੀਂ ਵੰਡ ਸੱਕਦੇ ਹੋ ਜੋ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਕਹਾਉਂਦਾ ਹੈ ਅਤੇ ਤਿੰਨ ਪ੍ਰਮੇਸ਼ੁਰ ਬਣਾ ਦਿਓ ਅਤੇ ਯਹੂਦੀ ਨੂੰ ਦੇ ਦਿਓ। ਉਸਦਾ ਹੀ ਹੁਕਮ ਹੈ, " ਮੇਰੇ ਸਨਮੁੱਖ ਤੇਰੇ ਲਈ ਦੂਜੇ ਦੇਵਤੇ ਨਾ ਹੋਣ, ਮੈਂ ਪ੍ਰਭੂ ਤੇਰਾ ਪ੍ਰਮੇਸ਼ੁਰ ਇੱਕ ਹੀ ਪ੍ਰਮੇਸ਼ੁਰ ਹਾਂ। " ਯਿਸੂ ਨੇ ਕੀ ਕਿਹਾ ਸੀ?ਪ੍ਰਭੂ ਯਿਸੂ ਨੇ ਆਖਿਆ, "ਹੇ ਇਸਰਾਏਲ ਸੁਣ, ਮੈਂ ਹੀ ਤੇਰਾ ਯਹੋਵਾਹ ਪ੍ਰਮੇਸ਼ੁਰ ਹਾਂ। " ਇੱਕ ਪ੍ਰਮੇਸ਼ੁਰ, ਤਿੰਨ ਨਹੀਂ। " ਤੁਸੀਂ ਇਹ ਯਹੂਦੀਆਂ ਨੂੰ ਨਹੀਂ ਦੇ ਸੱਕਦੇ ਹੋ। ਕੋਈ ਵੀ ਨਬੀ ਕਦੇ ਵੀ ਤਿੰਨ ਪ੍ਰਮੇਸ਼ਰਾਂ ਦੀ ਗੱਲ ਨਹੀਂ ਕਰਦਾ ਹੈ। ਨਹੀਂ। ਨਹੀਂ। ਤੁਸੀਂ ਇਹ ਕਦੇ ਨਹੀਂ ਸੁਣੋਗੇ। ਇਹ ਪਗਾਨ ਅਥਵਾ ਮੂਰਤੀ ਪੂਜਾ ਹੈ ਅਤੇ ਜਿੱਥੋਂ ਤੱਕ ਇਹ ਆਇਆ ਹੈ ਇਹ ਮੂਰਤੀ ਪੂਜਾ ਤੋਂ ਹੀ ਹੈ। ਜੀ ਹਾਂ ਸ਼੍ਰੀਮਾਨ।

107 ਧਿਆਨ ਦਿਓ, ਪ੍ਰੰਤੂ ਇਹ ਨਬੀ ਆਉਣਗੇ। ਸਿਰਫ ਇਹ ਹੀ ਨਹੀਂ .....ਹੁਣ ਇਹ ਪ੍ਰਕਾਸ਼ ਪੋਥੀ 11 ਹੈ। ਅਸੀਂ ਇਹਦੇ ਵਿੱਚੋਂ ਕੁਝ ਪੜ੍ਹਿਆ ਹੈ। ਅਤੇ ਜਿਵੇਂ ਕਿ ਤੁਸੀਂ ਇਹਦਾ ਅਧਿਐਨ ਟੇਪ ਵਗੈਰਾ ਤੇ ਵੀ ਕਰਦੇ ਹੋ ਮੈਂ ਚਾਹੁੰਦਾ ਹਾਂ ਕਿ ਤੁਸੀਂ ਇਹਨੂੰ ਪੜ੍ਹੋ। ਨਬੀਆਂ ਦੇ ਚਿੰਨ੍ਹ ਦੁਆਰਾ ਉਹ ਬਿਲਕੁੱਲ ਪ੍ਰਮਾਣਿਤ ਨਬੀ ਹਨ। ਫਿਰ ਇਸਰਾਏਲ ਇਹ ਸੁਣਨ ਜਾ ਰਿਹਾ ਹੈ।

108 ਹੁਣ ਤੁਸੀਂ ਮੇਰੇ ਯਹੋਵਾਹ ਵਿਟਨੈਸ ਦੇ ਦੋਸਤੋ, ਹੁਣ ਇਹ ਸਮਝੋ ਕਿ ਇਸ ਇੱਕ ਲੱਖ ਚੁਤਾਲੀ ਹਜ਼ਾਰ ਦਾ ਲਾੜੀ ਦੇ ਨਾਲ ਕੋਈ ਵਾਸਤਾ ਨਹੀਂ ਹੈ। ਵਚਨ ਦੀ ਇੱਕ ਵੀ ਲਿਖਤ ਇਹਦੀ ਹਾਮੀ ਨਹੀਂ ਭਰਦੀ ਹੈ। ਨਹੀਂ ਜੀ ਸ਼੍ਰੀਮਾਨ, ਉਹ ਨਹੀਂ ਹਨ, ਉਹ ਯਹੂਦੀ ਹਨ। ਉਹ ਚੁਣੇ ਹੋਏ ਜਿਹੜੇ ਦਾਨੀਏਲ ਦੇ ਆਖਰੀ ਸਾਢੇ ਤਿੰਨ ਸਾਲਾਂ ਵਿੱਚ ਬੁਲਾਏ ਗਏ ਹਨ, ਸੱਤਰ ਸਾਤੇ। ਹੁਣ ਉਹ..

109 ਮੈਂ ਇਸਦਾ ਹਵਾਲਾ ਵਾਰ-ਵਾਰ ਦੇ ਰਿਹਾ ਹਾਂ। ਤੁਸੀਂ ਸੱਭ ਜੋ ਇੱਥੇ ਹੋ ਤੁਹਾਡੇ ਲਈ ਜ਼ਰੂਰੀ ਇਹ ਹੀ ਹੈ ਪ੍ਰੰਤੂ ਲੋਕ (ਸਮਝੇ?) .......ਅਰ ਤੁਸੀਂ ਇਹਨੂੰ ਸਮਝਦੇ ਹੋ। ਤੁਸੀਂ ਬਸ ਮੈਨੂੰ ਇਹਦਾ ਹਵਾਲਾ ਦਿੰਦੇ ਹੋਏ ਸੁਣਦੇ ਹੋ ਇਹ ਉਸ ਉਦੇਸ਼ ਲਈ ਹੈ।

110 ਧਿਆਨ ਦਿਓ, ਹੁਣ ਵੇਖੋ ਉਨ੍ਹਾਂ ਨੂੰ ਕਿਵੇਂ ਅੰਨ੍ਹੇ ਕੀਤਾ ਗਿਆ ਸੀ .....ਕੀ ਤੁਸੀਂ ਵੇਖਦੇ ਹੋ ਕਿ ਕਿਵੇਂ ਉਨ੍ਹਾਂ ਨੂੰ ਅੰਨ੍ਹੇ ਕੀਤਾ ਗਿਆ ਸੀ ....ਯਿਸੂ ਜਾਂ.....ਪ੍ਰਮੇਸ਼ੁਰ ਨੇ ਯਹੂਦੀਆਂ ਨੂੰ ਅੰਨ੍ਹੇ ਕਰਨਾ ਸੀ ਤਾਂ ਕਿ ਉਹ ਯਿਸੂ ਨੂੰ ਪਛਾਣ ਨਾ ਸਕਣ। ਜੇ ਉਹਨਾਂ ਨੂੰ ਉਸਦਾ ਪਤਾ ਲੱਗ ਜਾਂਦਾ ਕਿ .....ਉਸ ਚਿੰਨ੍ਹ ਨੂੰ ਵੇਖਣ ਰਾਹੀਂ ਜਿਹੜਾ ਉਹਨੇ ਕੀਤਾ ਜੇ ਉਹ ਆਪਣੀ ਠੀਕ ਹਾਲਤ ਵਿੱਚ ਹੁੰਦੇ ਜਦੋਂ ਉਹ ਪਹਿਲਾਂ ਬਿਵਸਥਾ ਵਿੱਚ ਜਦੋਂ ਖੁਦਾ ਨੇ ਉਨ੍ਹਾਂ ਨੂੰ ਨਬੀ ਦੇ ਬਾਰੇ ਵਿੱਚ ਹੁਕਮ ਦਿੱਤਾ ਸੀ ਅਤੇ ਉਨ੍ਹਾਂ ਨੇ ਯਿਸੂ ਨੂੰ ਉਹ ਕਰਦੇ ਹੋਏ ਵੇਖਿਆ ਸੀ ਤਾਂ ਉਹ ਇਹ ਕਹਿੰਦੇ, "ਇਹ ਹੀ ਮਸੀਹ ਹੈ ", ਇਹ ਇਸ ਤਰ੍ਹਾਂ ਕਿਉਂ ਸੀ?

111 ਉਸ ਯੁੱਗ ਵਿੱਚ ਉਹ ਜਿਹਨਾਂ ਦੇ ਨਾਮ ਲੇਲੇ ਦੇ ਜੀਵਨ ਦੀ ਪੋਥੀ ਵਿੱਚ ਲਿਖੇ ਸਨ, ਉਸਦੇ ਚੇਲਿਆਂ ਆਦਿ ਨੇ ਹੀ ਉਸਨੂੰ ਵੇਖਿਆ ਅਤੇ ਪਛਾਣਿਆ।

112 ਬਾਕੀ ਉਨ੍ਹਾਂ ਸਭਨਾਂ ਨੇ ਕਿਉਂ ਨਹੀਂ ਪਛਾਣਿਆ?ਵੇਖੋ, ਉਹ ਅੰਨ੍ਹੇ ਕੀਤੇ ਗਏ ਸਨ। ਉਹ ਇਹ ਨਹੀਂ ਵੇਖ ਸੱਕਦੇ ਸਨ। ਉਹ ਹਾਲੇ ਵੀ ਇਹਨੂੰ ਨਹੀਂ ਵੇਖ ਸੱਕਦੇ ਜਦ ਤੱਕ ਕਿ ਉਹ ਇੱਕ ਵਾਰ ਇੱਕ ਦੇਸ਼ ਵਾਂਗ ਜਨਮ ਨਾ ਲਵੇ ਉਹ ਇਸਨੂੰ ਨਹੀਂ ਵੇਖ ਸੱਕਦੇ ਹਨ।

113 ਵਚਨ ਫੇਲ ਨਹੀਂ ਹੋ ਸੱਕਦਾ ਹੈ। ਯਾਦ ਰੱਖੋ, ਵਚਨ ਫੇਲ ਨਹੀਂ ਹੋ ਸੱਕਦਾ ਹੈ। ਕੋਈ ਪ੍ਰਵਾਹ ਨਹੀਂ ਤੁਸੀਂ ਕਿੰਨੇ ਕੁ ਜਜ਼ਬਾਤੀ ਹੋਏ ਅਤੇ ਕੀ ਵਾਪਰਦਾ ਹੈ ਤਦ ਵੀ ਵਚਨ ਫੇਲ ਨਹੀਂ ਹੋ ਸੱਕਦਾ ਹੈ। ਇਹ ਬਿਲਕੁੱਲ ਉਸੇ ਤਰ੍ਹਾਂ ਹੀ ਜਿਵੇਂ ਖੁਦਾ ਨੇ ਕਿਹਾ ਸੀ ਹੋਣ ਜਾ ਰਿਹਾ ਹੈ। ਸਮਝੇ? ਹੁਣ ਅਸੀਂ ਇਹ ਮਹਿਸੂਸ ਕਰਦੇ ਹਾਂ ਕਿ ਇਹਨਾਂ ਗੱਲਾਂ ਨੂੰ ਪੂਰਾ ਹੋਣਾ ਹੀ ਚਾਹੀਦਾ ਹੈ।

114 ਅਤੇ ਇਹ ਹੀ ਕਾਰਨ ਹੈ ਕਿ ਉਹ ਯਿਸੂ ਨੂੰ ਨਹੀਂ ਪਛਾਣ ਸਕੇ ਜਦ ਕਿ ਉਸਨੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਨਬੀ ਸਾਬਤ ਕੀਤਾ ਸੀ।

115 ਇੱਥੋਂ ਤੱਕ ਕਿ ਉਹ ਨਿਮਾਣੀ ਬੁੱਢੀ ਸਾਮਰੀ ਔਰਤ ਉਹ ਬਾਹਰ ਖੂਹ ਤੇ ਖੜ੍ਹੀ ਸੀ। ਉਹ ਕਦੇ ਸਾਮਰਿਆ ਵਿੱਚ ਸੀ ਹੀ ਨਹੀਂ, ਉਹ ਸਿਰਫ ਉੱਥੇ ਗਿਆ, ਕਿਹਾ ਕਿ ਉਸਦਾ ਉਸ ਰਾਹ ਥਾਣੀਂ ਜਾਣਾ ਜਰੂਰੀ ਹੈ ਅਤੇ ਉਹ ਉੱਥੇ ਚਲਾ ਗਿਆ। ਅਤੇ ਉੱਥੇ ਉਹ ਸਾਦਾ ਜਿਹੀ ਔਰਤ ਸੀ। ਅਤੇ ਉਹ ਆਪਣੇ ਨਗਰ ਵਿੱਚ ਉਨ੍ਹਾਂ ਧਾਰਮਿਕ ਜਾਜਕਾਂ ਤੋਂ ਕਿਤੇ ਵਧੀਆ ਹਾਲਤ ਵਿੱਚ ਸੀ ਕਿ ਉਹ ਖੁਸ਼ਖਬਰੀ ਨੂੰ ਅਤੇ ਉਸ ਦਿਨ ਦੀਆਂ ਗੱਲਾਂ ਨੂੰ ਕਬੂਲ ਕਰੇ। ਬਿਲਕੁੱਲ ਹੀ ਉਸਨੇ ਇਹ ਕੀਤਾ ਸੀ। ਸਮਝੇ?

116 ਪ੍ਰੰਤੂ ਉਨ੍ਹਾਂ ਸੱਭ ਦੇ ਰੱਦਣ ਦੇ ਬਾਵਜੂਦ ਵੀ ਉਹਨਾਂ ਵਿੱਚੋਂ ਇੱਕ ਮਹਾਨ ਆਦਮੀ ਨੇ ਇਹ ਸਵੀਕਾਰ ਕੀਤਾ ਕਿ ਉਹ ਜਾਣ ਗਏ ਹਨ ਕਿ ਉਹ ਪ੍ਰਮੇਸ਼ੁਰ ਦੀ ਵਲੋਂ ਗੁਰੂ ਹੋ ਕੇ ਆਇਆ ਸੀ।

117 ਜਿਆਦਾ ਸਮਾਂ ਨਹੀਂ ਹੋਇਆ ਮੈਂ ਦੱਖਣੀ ਰਾਜ ਵਿੱਚ ਡਾਕਟਰਾਂ ਵਿੱਚੋਂ ਇੱਕ ਬਹੁਤ ਚੰਗੇ ਡਾਕਟਰ ਨਾਲ ਉਸਦੇ ਦਫਤਰ ਵਿੱਚ ਉਸ ਨਾਲ ਗੱਲ ਕਰ ਰਿਹਾ ਸੀ, ਲੂਜਿਆਨਾ ਵਿੱਚ ਇੱਕ ਬਹੁਤ ਹੀ ਚੰਗਾ ਮਾਹਰ, ਅਸਲ ਵਿੱਚ ਇੱਕ ਵੱਡਾ ਆਦਮੀ। ਅਤੇ ਮੈਂ ਉਸਨੂੰ ਕਿਹਾ, "ਡਾਕਟਰ ਮੈਂ ਤੇਰੇ ਕੋਲੋਂ ਇੱਕ ਪ੍ਰਸ਼ਨ ਪੁੱਛਣਾ ਚਾਹੁੰਦਾ ਹਾਂ। "

ਮੈਂ ਕਿਹਾ, ਔਹ, ਮੈਂ ਇਸ ਪ੍ਰਕਾਰ ਦੀਆਂ ਚੀਜ਼ਾਂ ਤੋਂ ਡਰਦਾ ਹਾਂ, ਇੱਕ ਤਲਵਾਰ, "ਮੈਂ ਸੋਚਿਆ, ਮੈਂ ਇਸ ਨਾਲ ਕੀ ਕਰਾਂਗਾ?"

287 ਅਤੇ ਉਸੇ ਵੇਲੇ ਉੱਥੇ ਇੱਕ ਅਵਾਜ਼ ਨੇ ਸੱਭ ਕੁਝ ਹਿਲਾ ਦਿੱਤਾ ਉਸਨੇ ਚੱਟਾਨਾਂ ਨੂੰ ਹਿਲਾ ਦਿੱਤਾ। ਕਿਹਾ, "ਇਹ ਮਹਰਾਜੇ ਦੀ ਤਲਵਾਰ ਹੈ। " ਅਤੇ ਫਿਰ ਮੈਂ ਉਸ ਹਾਲਤ ਵਿੱਚੋਂ ਬਾਹਰ ਨਿੱਕਲ ਆਇਆ।

288 "ਇੱਕ ਮਹਾਰਾਜੇ ਦੀ ਤਲਵਾਰ" ਹੁਣ ਜੇ ਉਸਨੇ ਕਿਹਾ ਹੁੰਦਾ "ਰਾਜੇ ਦੀ ਤਲਵਾਰ ......" ਪ੍ਰੰਤੂ ਉਸਨੇ ਕਿਹਾ, ਖਾਸ ਮਹਾਰਾਜੇ ਦੀ ਤਲਵਾਰ " ਅਤੇ ਉਹ ਰਾਜਾ ਤਾਂ ਸਿਰਫ ਇੱਕ ਹੀ ਹੈ ਅਤੇ ਉਹ ਪ੍ਰਮੇਸ਼ੁਰ ਹੈ। ਅਤੇ ਉਸਦੇ ਕੋਲ ਸਿਰਫ ਇੱਕ ਹੀ ਤਲਵਾਰ ਹੈ ਅਤੇ ਉਹ ਉਸਦਾ ਵਚਨ ਹੈ ਜਿਹਦੇ ਦੁਆਰਾ ਮੈਂ ਜੀਉਂਦਾ ਹੈ। ਪ੍ਰਮੇਸ਼ੁਰ ਮੇਰੀ ਇਸ ਤਰ੍ਹਾਂ ਮੱਦਦ ਕਰਦਾ ਹੈ। ਪ੍ਰਮੇਸ਼ੁਰ ਇੱਥੇ ਆਪਣੇ ਪਵਿੱਤਰ ਮੇਜ਼ ਤੇ ਇਸ ਪਾਕ ਵਚਨ ਦੇ ਨਾਲ ਖੜ੍ਹਾ ਹੈ! ਇਹ ਵਚਨ ਹੈ!ਆਮੀਨ!ਔਹ ਅਸੀਂ ਕਿਹੜੇ ਦਿਨ ਵਿੱਚ ਜੀ ਰਹੇ ਹਾਂ !ਕਿੰਨੀ ਮਹਾਨ ਗੱਲ ਹੈ !ਉਸਦੇ ਗੁਪਤ ਅਤੇ ਛੁਪੇ ਹੋਏ ਭੇਤਾਂ ਨੂੰ ਵੇਖੋ?ਉਹ ਤੀਜੀ ਖਿੱਚ ......

289 ਜਦ ਉਸਨੇ ਮੈਨੂੰ ਛੱਡ ਦਿੱਤਾ ਤਾਂ ਮੈਂ ਉੱਥੇ ਖੜ੍ਹਾ ਸੀ ਅਰ ਕੋਈ ਚੀਜ਼ ਮੇਰੇ ਨੇੜੇ ਆਈ ਅਤੇ ਕਿਹਾ, "ਡਰੋ ਨਹੀਂ, " ਹੁਣ ਮੈਂ ਕੋਈ ਅਵਾਜ਼ ਨਹੀਂ ਸੁਣੀ ਇੰਝ ਲੱਗਾ ਜਿਵੇਂ ਕਿ ਕੋਈ ਮੇਰੇ ਅੰਦਰੋਂ ਬੋਲਿਆ। ਮੈਂ ਤੁਹਾਨੂੰ ਬਸ ਸੱਚਾਈ ਦੱਸਣੀ ਹੈ ਬਿਲਕੁੱਲ ਉਹੀ ਜੋ ਕੁਝ ਵਾਪਰਿਆ ਹੈ। ਕੋਈ ਚੀਜ਼ ਟਕਰਾਈ ਅਤੇ ਬੋਲੀ, "ਨਾ ਡਰ। ਇਹ ਤੀਸਰੀ ਖਿੱਚ ਹੈ। "

290 ਤੀਸਰੀ ਖਿੱਚ, ਤੁਹਾਨੂੰ ਇਹ ਯਾਦ ਹੈ? [ਸਭਾ ਆਖਦੀ ਹੈ, "ਆਮੀਨ। "]ਉਸਨੇ ਆਖਿਆ, "ਇਸ ਤੇ ਤੇਰੀ ਬਹੁਤ ਸਾਰੇ ਨਕਲ ਕਰਨ ਵਾਲੇ ਸਨ ਜਿਹਦਾ ਕਿ ਤੂੰ ਬਿਆਨ ਕਰਨ ਦਾ ਯਤਨ ਕੀਤਾ। ਪ੍ਰੰਤੂ ਕਿਹਾ, "ਇਹਦੇ ਲਈ ਯਤਨ ਵੀ ਨਹੀਂ ਕਰਨਾ। " ਕੀ ਤੁਹਾਨੂੰ ਇਹ ਯਾਦ ਹੈ?ਕਿੰਨਿਆਂ ਨੂੰ ਇਹ ਦਰਸ਼ਣ ਯਾਦ ਹੈ?["ਆਮੀਨ। "]ਕਿਉਂ, ਇਹ ਪੂਰਾ ਹੋ ਗਿਆ। ਇਹ ਟੇਪ ਵਿੱਚ ਰਿਕਾੱਡ ਹੋ ਗਿਆ 'ਤੇ ਸੱਭ ਥਾਵਾਂ ਤੇ ਹੈ। ਇਹ ਲੱਗ ਭੱਗ ਛੇ ਸੱਤ ਸਾਲ ਪਹਿਲਾਂ ਦੀ ਗੱਲ ਹੈ। ਸੱਤ ਸਾਲ ਹੋ ਗਏ ਹਨ। ਕਿਹਾ, "ਇਹਦਾ ਬਿਆਨ ਕਰਨ ਦੀ ਕੋਸ਼ਿਸ਼ ਨਾ ਕਰਨੀ। " ਕਿਹਾ, "ਇਹ ਤੀਸਰੀ ਖਿੱਚ ਹੈ, ਪ੍ਰੰਤੂ ਮੈਂ ਤੈਨੂੰ ਉੱਥੇ ਮਿਲਾਂਗਾ। " ਇਹ ਠੀਕ ਹੈ ?["ਆਮੀਨ"]ਉਸਨੇ ਆਖਿਆ, " ਕੋਸ਼ਿਸ਼ ਨਹੀਂ ਕਰਨੀ ..."

291 ਜਦੋਂ ਉਸਨੇ ਮੈਨੂੰ ਇਹ ਦੱਸਿਆ ਤਾਂ ਮੈਂ ਇੱਕ ਬੱਚੇ ਦੀ ਜੁੱਤੀ ਫੜ੍ਹ ਕੇ ਖੜ੍ਹਾ ਸੀ। ਕਿਹਾ, " ਹੁਣ ਆਪਣੀ ਪਹਿਲੀ ਖਿੱਚ ਕਰ ;ਅਤੇ ਜਦ ਤੂੰ ਕਰਦਾ ਹੈਂ ਤਾਂ ਮੱਛੀ ਕੁੰਢੀ ਦੇ ਪਿੱਛੇ ਦੋੜਦੀ ਹੈ। " ਕਿਹਾ, "ਫਿਰ ਅਪਣੀ ਦੂਸਰੀ ਖਿਚ ਤੇ ਧਿਆਨ ਦੇਣਾ ", ਕਿਹਾ ਕਿਉਂਕਿ ਇਹ ਇੱਕ ਛੋਟੀ ਮੱਛੀ ਹੋਵੇਗੀ। " ਆਖਿਆ, " ਤਦ ਤੀਸਰੀ ਖਿੱਚ ਇਹਨੂੰ ਫੜ੍ਹ ਲਵੇਗੀ। "

292 'ਤੇ ਉਹ ਸਾਰੇ ਸੇਵਾਦਾਰਾਂ ਨੇ ਮੇਰੇ ਆਲੇ-ਦੁਆਲੇ ਘੇਰਾ ਪਾ ਲਿਆ 'ਤੇ ਕਹਿਣ ਲੱਗੇ, ਭਾਈ ਬ੍ਰਾਨਹਾਮ, ਅਸੀਂ ਜਾਣਦੇ ਹਾਂ ਕਿ ਤੂੰ ਇਹ ਕਰ ਸੱਕਦਾ ਹੈਂ !ਭਾਈ ਬ੍ਰਾਨਹਾਮ!ਹਾਲੇਲੂਯਾਹ!ਇਹ ਹੈ ਜਿੱਥੇ ਮੈਂ ਸਦਾ ਰੁਕਦਾ ਹਾਂ, ਉਨ੍ਹਾਂ ਪ੍ਰਚਾਰਕਾਂ ਦੇ ਝੁੰਢ ਵਿੱਚ। ਮੈਂ ਲੋਕਾਂ ਨਾਲ ਪ੍ਰੇਮ ਕਰਦਾ ਹਾਂ।

ਅਤੇ ਮੈਂ ਸੋਚਿਆ ਇਸਦਾ ਅਰਥ ਮੇਰੀ ਮੌਤ ਹੋ ਸੱਕਦਾ ਹੈ।

281 ਅਤੇ ਫਿਰ ਕਮਰੇ ਵਿੱਚ, ਮੈਂ ਆਖਿਆ, ਪ੍ਰਭੂ ਇਹ ਕੀ ਸੀ, ਇਸਦਾ ਅਰਥ ਕੀ ਹੈ? ਕੀ ਇਹਦਾ ਮਤਲਬ ਹੈ ਮੈਂ ਮਰਨ ਵਾਲਾ ਹਾਂ ? ਜੇ ਇਹਦਾ ਅਰਥ ਇਹ ਹੀ ਹੈ ਤਾਂ ਠੀਕ ਹੈ ਮੈਂ ਆਪਣੇ ਪਰਿਵਾਰ ਨੂੰ ਨਹੀਂ ਦੱਸਾਂਗਾ। ਜੇਕਰ ਮੇਰਾ ਕੰਮ ਖਤਮ ਹੋ ਗਿਆ ਹੈ ਤਾਂ ਮੈਨੂੰ ਜਾਣ ਦੇ।

282 ਹੁਣ ਇਹ ਕੀ ਸੀ? ਪ੍ਰੰਤੂ ਉਸਨੇ ਇੱਕ ਗਵਾਹ ਵਾਪਸ ਭੇਜਿਆ ਤੁਹਾਨੂੰ ਯਾਦ ਹੈ ਮੈਂ ਇਹਦੇ ਬਾਰੇ ਤੁਹਾਨੂੰ ਦੱਸਿਆ ਸੀ?ਇਹਦਾ ਅਰਥ ਮੇਰੀ ਮੌਤ ਨਹੀਂ ਸੀ, ਇਹ ਮੇਰਾ ਅਗਲਾ ਕੰਮ ਸੀ। ਔਹ, ਤੁਸੀਂ ਇਹਨੂੰ ਸਮਝੇ?[ਸਭਾ ਆਖਦੀ ਹੈ, "ਆਮੀਨ। "] ਉੱਪਰ ਸੈਬੀਨੋ ਕੈਨੀਅਨ ਵਿੱਚ ਬੈਠਾ ਸੀ।

283 ਸੁਰਗੀ ਪਿਤਾ, ਇਹਨੂੰ ਜਾਣਦਾ ਹੈ, ਬਿਲਕੁੱਲ ਉਸੇ ਤਰ੍ਹਾਂ ਸੱਚ ਜਿਵੇਂ ਕਿ ਤੁਸੀਂ ਇਹਨੂੰ ਵਾਪਰਦੇ ਵੇਖਦੇ ਹੋ ਕਿ ਉਹ ਸਵਰਗ ਦੂਤ ਹੇਠਾਂ ਆਏ ਅਤੇ ਉਸੇ ਤਰ੍ਹਾਂ ਹਰੇਕ ਸੰਦੇਸ਼ ਨੂੰ ਪ੍ਰਮਾਣਿਤ ਕੀਤਾ। ਤਦ ਤੁਸੀਂ ਜਾਣਦੇ ਹੋ ਕਿ ਇਹ ਪ੍ਰਮੇਸ਼ੁਰ ਦੀ ਵੱਲੋਂ ਆਇਆ ਹੈ ਕਿ ਨਹੀਂ। ਇਹ ਤੁਹਾਨੂੰ ਦਰਸ਼ਨ ਰਾਹੀਂ ਪਹਿਲਾਂ ਹੀ ਦੱਸ ਦਿੱਤਾ ਗਿਆ ਸੀ। ਜਦ ਤੱਕ ਸੰਗਤੀਆਂ ਖਤਮ ਨਾ ਹੋ ਗਈਆਂ ਮੈਂ ਤੁਹਾਨੂੰ ਨਹੀਂ ਦੱਸ ਸਕਿਆ ਕਿਉਂਕਿ ਮੈਨੂੰ ਮਨ੍ਹਾ ਕੀਤਾ ਗਿਆ ਸੀ।

284 ਉਸ ਦਿਨ ਸਵੇਰੇ ਮੈਂ ਸਬੀਨੋ ਕੈਨੀਅਨ ਵਿੱਚ ਉੱਥੇ ਉੱਪਰ ਬੈਠਾ ਹੋਇਆ ਆਪਣੇ ਹੱਥਾਂ ਨੂੰ ਉੱਪਰ ਉਠਾਏ ਹੋਏ ਸੀ। ਅਤੇ ਮੇਰੀ --ਹਵਾ ਨੇ ਮੇਰੀ ਕਾਲੀ ਟੋਪੀ ਹੇਠਾਂ ਸੁੱਟ ਦਿੱਤੀ। ਜਦੋਂ ਮੈਂ ਉੱਥੇ ਆਪਣੇ ਹੱਥ ਉੱਪਰ ਉਠਾਏ ਹੋਏ ਬੈਠਾ ਸੀ ਤਾਂ ਮੈਂ ਦੁਆ ਕਰ ਰਿਹਾ ਸੀ। ਮੈਂ ਕਿਹਾ, "ਪ੍ਰਭੂ ਪ੍ਰਮੇਸ਼ੁਰ ਇਹਦਾ ਅਰਥ ਕੀ ਹੈ? ਪ੍ਰਭੂ ਮੈਂ ਇਹਨੂੰ ਨਹੀਂ ਸਮਝ ਸੱਕਦਾ। ਮੈਂ ਕੀ ਕਰਾਂ? ਜੇਕਰ ਇਹ ਸਮਾਂ ਮੇਰੇ ਘਰ ਵਾਪਸ ਜਾਣ ਦਾ ਹੈ ਤਾਂ ਮੈਨੂੰ ਉੱਥੇ ਜਾਣ ਦੇ ਜਿੱਥੇ ਕਿ ਉਹ ਮੈਨੂੰ ਕਦੇ ਨਾ ਲੱਭ ਸਕਣ। ਮੇਰਾ ਪਰਿਵਾਰ ਬਸ ਇਹ ਸੋਚੇ ਕਿ ਮੈਂ ਕਿੱਧਰੇ ਘੁੰਮਣ ਗਿਆ ਹਾਂ ਅਤੇ ਉਹ ਮੈਨੂੰ ਨਹੀਂ ਲੱਭ ਸਕਣਗੇ। ਮੈਨੂੰ ਕਿਤੇ ਲੁਕਾ ਦੇ। ਜੇ ਮੈਂ ਕਿਤੇ ਦੂਰ ਜਾਣਾ ਹੈ ਤਾਂ ਕਿਉਂ ਨਾ ਮੈਂ ਕਿਤੇ ਚਲਾ ਜਾਵਾਂ। ਹੋ ਸੱਕਦਾ ਹੈ ਕਿਸੇ ਦਿਨ ਯੂਸਫ ਨੂੰ ਮੇਰੀ ਬਾਈਬਲ ਮਿਲ ਜਾਵੇ ਅਤੇ ਉਹ ਇਹਨੂੰ ਇਸਤੇਮਾਲ ਕਰੇ। ਵੇਖਿਆ? ਪ੍ਰਭੂ ਜੇ ਮੈਂ ਕਿਤੇ ਅਲੱਗ ਜਾ ਰਿਹਾ ਹਾਂ ਮੈਨੂੰ ਜਾਣ ਦੇ। ਅਤੇ ਮੇਰੇ ਹੱਥ ਉੱਪਰ ਸਨ। ਅਤੇ ਇੱਕ ਦਮ ਅਚਾਨਕ ਕੋਈ ਚੀਜ਼ ਮੇਰੇ ਹੱਥ ਨਾਲ ਟਕਰਾਈ।

285 ਮੈਨੂੰ ਨਹੀਂ ਪਤਾ। ਮੈਂ ਨਹੀਂ ਕਹਿੰਦਾ। ਕੀ ਮੈਂ ਸੁੱਤਾ ਸੀ?ਮੈਂ ਨਹੀਂ ਜਾਣਦਾ ਹਾਂ। ਕੀ ਮੈਂ ਮੂਰਛਾ ਵਿੱਚ ਚਲਾ ਗਿਆ ਸੀ? ਮੈਨੂੰ ਨਹੀਂ ਪਤਾ। ਕੀ ਇਹ ਦਰਸ਼ਣ ਸੀ?ਮੈਂ ਤੁਹਾਨੂੰ ਨਹੀਂ ਦੱਸ ਸੱਕਦਾ। ਸਿਰਫ ਇੱਕ ਗੱਲ ਮੈਂ ਕਹਿ ਸੱਕਦਾ ਹਾਂ ਜਿਹੜੀ ਕਿ ......ਬਿਲਕੁੱਲ ਸਵਰਗ ਦੂਤਾਂ ਵਾਲੀ ਗੱਲ ਵਾਂਗੂ ਸੀ।

286 ਅਤੇ ਇਹ ਮੇਰੇ ਹੱਥ ਨਾਲ ਟਕਰਾਈ ਅਤੇ ਮੈਂ ਵੇਖਿਆ ਅਤੇ ਇਹ ਤਲਵਾਰ ਸੀ ਅਤੇ ਇਹਦੀ ਮੁੱਠ ਮੋਤੀਆਂ ਦੀ ਸੀ, ਜੋ ਬਹੁਤ ਹੀ ਸੁੰਦਰ ਸੀ ਅਤੇ ਉਸ ਉੱਤੇ ਇੱਕ ਸੋਨੇ ਦੀ ਮਿਆਨ ਸੀ ਅਤੇ ਉਸਦੀ ਧਾਰ ਕ੍ਰੋਮੀਅਮ ਦੀ ਧਾਤ ਵਰਗੀ ਚਾਂਦੀ ਦੀ ਸੀ, ਬਿਲਕੁੱਲ ਅਸਲੀ ਚਮਕ। ਹੇ ਮੇਰੇ ਖੁਦਾ !ਅਤੇ ਇਹ ਬਹੁਤ ਹੀ ਤੇਜ਼ ਧਾਰ ਸੀ। ਅਤੇ ਮੈਂ ਸੋਚਿਆ, "ਕੀ ਇਹ ਸੁੰਦਰ ਨਹੀਂ ਹੈ।" ਮੈਂ ਸੋਚਿਆ ਇਹ ਤਾਂ ਮੇਰੇ ਹੱਥ ਵਿੱਚ ਇੱਕ ਦਮ ਬੈਠਦੀ ਹੈ, "ਇਹ ਬਹੁਤ ਹੀ ਸੁੰਦਰ ਸੀ। "ਪ੍ਰੰਤੂ



ਉਸਨੇ ਕਿਹਾ, " ਠੀਕ ਹੈ। "

118 ਅਤੇ ਮੈਂ ਕਿਹਾ, " ਮੈਂ ਤੁਹਾਡੇ ਡਾਕਟਰੀ ਦੇ ਨਿਸ਼ਾਨ ਤੇ ਧਿਆਨ ਦਿੱਤਾ, ਢਾਂਗਾ, ਤੁਹਾਡੇ ਉਸ ਖੰਭੇ ਤੇ ਸੱਪ ਚਿੰਬੜਿਆ ਹੋਇਆ ਹੈ। ਉਸਦਾ ਕੀ ਅਰਥ ਹੈ?

ਉਸਨੇ ਕਿਹਾ, " ਮੈਨੂੰ ਨਹੀਂ ਪਤਾ ਹੈ। "

119 ਅਤੇ ਮੈਂ ਕਿਹਾ, "ਇਹਦਾ ਅਰਥ ਇਹ ਹੈ :ਇਹ ਰੱਬੀ ਚੰਗਾਈ ਦਾ ਚਿੰਨ੍ਹ ਹੈ, ਜਿੱਥੇ ਮੂਸਾ ਨੇ ਉਜਾੜ ਵਿੱਚ ਪਿੱਤਲ ਦੇ ਸੱਪ ਨੂੰ ਉੱਚਾ ਕੀਤਾ ਸੀ (ਸਮਝੇ?) ਜੋ ਕਿ ਸਿਰਫ ਇੱਕ ਚਿੰਨ੍ਹ ਸੀ, ਸੱਚੇ ਮਸੀਹ ਦਾ ਇੱਕ ਚਿੰਨ੍ਹ ਹੈ। "

120 ਹੁਣ, ਅੱਜ ਦਵਾਈ ਰੱਬੀ ਚੰਗਾਈ ਦਾ ਇੱਕ ਚਿੰਨ੍ਹ ਹੈ। ਅਤੇ ਜਦਕਿ ਉਨ੍ਹਾਂ ਵਿੱਚੋਂ ਬਹੁਤ ਸਾਰੇ ਇਹਦਾ ਵਿਸ਼ਵਾਸ਼ ਨਹੀਂ ਕਰਦੇ ਪ੍ਰੰਤੂ ਅਸਲ ਵਿੱਚ ਵਧੀਆ ਡਾਕਟਰ ਇਹਦਾ ਵਿਸ਼ਵਾਸ਼ ਕਰਦੇ ਹਨ। ਪ੍ਰੰਤੂ ਉਨ੍ਹਾਂ ਵਿੱਚੋਂ ਕੁਝ ਇਸਦਾ ਵਿਸ਼ਵਾਸ਼ ਨਹੀਂ ਕਰਦੇ। ਪ੍ਰੰਤੂ ਉਹ ਹੀ ਚਿੰਨ੍ਹ ਉਨ੍ਹਾਂ ਨੇ ਸਰਵ-ਸ਼ਕਤੀਮਾਨ ਪ੍ਰਮੇਸ਼ੁਰ ਦੀ ਸ਼ਕਤੀ ਨੂੰ ਸਾਬਤ ਕਰਨ ਲਈ ਕਬੂਲ ਕੀਤਾ ਹੋਇਆ ਹੈ ਭਾਵੇਂ ਉਹ ਉਸਦੀ ਪ੍ਰਤੀਤ ਕਰਨ ਜਾਂ ਨਾ ਕਰਨ। ਸਮਝੇ? ਇਹ ਠੀਕ ਹੈ। ਡਾਕਟਰੀ ਵਿੱਚ ਪਿੱਤਲ ਦਾ ਸੱਪ ਖੰਭੇ ਤੇ ਲਟਕ ਰਿਹਾ ਹੈ, ਡਾਕਟਰੀ ਦਾ ਚਿੰਨ੍ਹ।

121 ਹੁਣ ਇਨ੍ਹਾਂ ਯਹੂਦੀਆਂ ਤੇ ਧਿਆਨ ਦਿਓ। ਹੁਣ ਅੰਨ੍ਹੇਪਨ ਦੇ ਛਿਲਕੇ ਇਨ੍ਹਾਂ ਲੋਕਾਂ ਦੀਆਂ ਅੱਖਾਂ ਤੇ ਸਨ। ਉਹ ਇਸ ਵਿੱਚ ਕੁਝ ਨਹੀਂ ਕਰ ਸੱਕਦੇ ਸਨ ਉਹ ਉੱਥੇ ਸਨ ਅਤੇ ਖੁਦਾ ਨੇ ਉਨ੍ਹਾਂ ਨੂੰ ਉੱਥੇ ਰੱਖਿਆ ਅਤੇ ਉਹ ਉੱਥੇ ਤਦ ਤੱਕ ਹਨ ਜਦ ਤੱਕ ਕਿ ਵਾਅਦਾ ਕੀਤਾ ਹੋਇਆ ਯੁੱਗ ਨਹੀਂ ਆਉਂਦਾ -ਇਹ ਆਉਣ ਵਾਲੇ ਨਬੀ ......ਤੁਸੀਂ ਪ੍ਰਚਾਰਕ ਭੇਜ ਸੱਕਦੇ ਹੋ, ਤੁਸੀਂ ਜੋ ਚਾਹੋ ਕਰੋ ਇਸਰਾਏਲ ਕਦੇ ਵੀ ਨਹੀਂ ਬਦਲੇਗਾ ਜਦ ਤੱਕ ਉਹ ਨਬੀ ਦ੍ਰਿਸ਼ ਤੇ ਨਹੀਂ ਆਉਂਦੇ ਹਨ ਅਤੇ ਇਹ ਗੈਰ ਕੌਮਾਂ ਦੀ ਕਲੀਸਿਯਾ ਦੇ ਉਠਾਏ ਜਾਣ ਤੋਂ ਬਾਦ ਹੋਵੇਗਾ।

122 ਇਸ ਤੋਂ ਵੱਧ ਨਹੀਂ ਕਿ ਵਹਿੜਕੇ ਦਾ ਯੁੱਗ ਸ਼ੇਰ ਦੀ ਪੁਕਾਰ ਨੂੰ ਕਬੂਲ ਕਰ ਸਕੇ, ਕਿਉਂਕਿ ਪ੍ਰਮੇਸ਼ੁਰ ਨੇ ਆਪਣੇ ਵਚਨ ਵਿੱਚ ਕਿਹਾ ਕਿ ਵਹਿੜਕੇ ਦਾ ਆਤਮਾ ਚਲਾ ਗਿਆ, ਅਤੇ ਸੁਧਾਰਕਾਂ ਦੇ ਯੁੱਗ ਵਿੱਚ ਇੱਕ ਮਨੁੱਖ ਚਲਾ ਗਿਆ। ਸਮਝੇ? ਤੁਸੀਂ ਬਸ .........

123 ਸਿਰਫ ਇਹ ਹੀ ਚੀਜ਼ ਹੈ ਕਿ ਤੁਸੀਂ .......ਉਹ ਕਬੂਲ ਕਰ ਸੱਕਦੇ ਹਨ। ਅਤੇ ਹੁਣ ਉਹ ਉੱਥੇ ਅੰਨ੍ਹੇ ਕੀਤੇ ਗਏ, ਇਸਦੇ ਲਈ ਸਿਰਫ ਇਹ ਹੀ ਹੈ। ਹੁਣ ਧਿਆਨ ਦਿਓ।

124 ਪ੍ਰੰਤੂ ਉਹ ਯੁੱਗ ਆ ਰਿਹਾ ਹੈ ਜਦ ਗੈਰ ਕੌਮਾਂ ਦਾ ਸਮਾਂ ਖਤਮ ਹੋ ਜਾਵੇਗਾ। ਇੱਕ ਰੁੱਖ ਸੀ ਅਤੇ ਉਹ ਦੀਆਂ ਜੜ੍ਹਾਂ ਯਹੂਦੀ ਸਨ ਅਤੇ ਇਹ ਕੱਟ ਦਿੱਤਾ ਗਿਆ ਸੀ ਅਤੇ ਗੈਰ ਕੌਮਾਂ ਨੂੰ ਇਸ ਵਿੱਚ ਪਿਉਂਦ ਕੀਤਾ ਗਿਆ ਜਾਂ, ਜੰਗਲੀ ਜੈਤੂਨ ਦਾ ਰੁੱਖ, ਅਤੇ ਉਹ ਫਲ ਰਿਹਾ ਸੀ ਹੁਣ ਜਦ ਗੈਰ ਕੌਮਾਂ ਦੀ ਲਾੜੀ ਕੱਟ ਦਿੱਤੀ ਗਈ ਉਹ ਲਾੜੀ ਰੂਪੀ ਰੁੱਖ ਜਿਹਦੇ ਬਾਰੇ ਵਿੱਚ ਮੈਂ ਗੱਲ ਕੀਤੀ ਅਤੇ ਪ੍ਰਮੇਸ਼ੁਰ ਦੀ ਹਜ਼ੂਰੀ ਵਿੱਚ ਉਠਾ ਲਈ ਗਈ, ਤਦ ਪ੍ਰਮੇਸ਼ੁਰ ਬੇਪ੍ਰਤੀਤ ਗੈਰ ਕੌਮ ਨੂੰ ਨਸ਼ਟ ਕਰ ਦੇਵੇਗਾ। ਇੱਥੇ ਇਸ ਪਾਸੇ ਮੂਰਖ ਕੁਆਰੀਆਂ ਨੂੰ ਫਿਰ ਛਾਂਟਦਾ ਹੈ। ਉਸਨੇ ਇਹ ਕਰਨ ਦਾ ਵਾਇਦਾ ਕੀਤਾ ਹੈ।

125 ਅਤੇ ਉਸ ਸਮੇਂ ਤੱਕ ਤੁਹਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਕਿੱਥੇ ......ਜੇ ਤੁਸੀਂ ਜਾਣਦੇ ਹੋ ਕਿ ਤੁਸੀਂ ਕਿੱਥੇ ਜਾ ਰਹੇ ਹੋ ਤਾਂ ਠੀਕ ਹੈ, ਜੇ ਤੁਸੀਂ ਨਹੀਂ ਜਾਣਦੇ ਹੋ ਤਾਂ ਕਿਉਂ ਹਨੇਰੇ ਵਿੱਚ ਠੋਕਰਾਂ ਖਾ ਰਹੇ ਹੋ।

126 ਹੁਣ ਇਹ ਹੈ ਜਦੋਂ ਯਹੂਦੀ ਬਦਲਣਗੇ ਜਿਵੇਂ ਕਿ ਕਲੀਸਿਯਾ ਦੇ ਯੁੱਗ, ਉਹ ਮਸ੍ਹਾ ਕੀਤੇ ਹੋਏ ਵਾਅਦੇ ਦੀ ਸਾਮਰਥ ਦੇ ਪ੍ਰਭਾਵ ਵਿੱਚ ਮਸੀਹ ਨੂੰ ਕਬੂਲ ਕਰਨਗੇ ਪ੍ਰੰਤੂ ਹਾਲੇ ਨਹੀਂ ਜਦ ਕਿ ਗੈਰ ਕੌਮਾਂ ਦੇ ਲੋਕ ਅੰਦਰ ਹਨ। ਹੁਣ ਅਸੀਂ ਵੇਖ ਸੱਕਦੇ ਹਾਂ ਕਿ ਪ੍ਰਕਾਸ਼ ਪੋਥੀ 11ਬਾਬ ਦੇ ਉਹ ਦੋ ਨਬੀ ਕਿਸ ਤਰ੍ਹਾਂ ਦਾ ਸੰਦੇਸ਼ ਪ੍ਰਚਾਰ ਕਰਨਗੇ। ਹੁਣ ਤੁਸੀਂ ਸਾਫ ਵੇਖ ਸੱਕਦੇ ਹੋ ਕਿ ਅਸਲ ਵਿੱਚ ਉਹ ਕੀ ਕਰਨ ਜਾ ਰਹੇ ਹਨ। ਉਨ੍ਹਾਂ ਬਚਿਆਂ ਹੋਇਆਂ ਲਈ ਜਾਂ ਪਹਿਲਾ ਤੋਂ ਠਹਿਰਾਏ ਹੋਏ ਇੱਕ ਲੱਖ ਚੁਤਾਲੀ ਹਜ਼ਾਰ ਲਈ ਜਿਨ੍ਹਾਂ ਨੇ ਪ੍ਰਮੇਸ਼ੁਰ ਦੀ ਮੋਹਰ ਲਈ ਹੈ।

127 ਆਓ ਜਰਾ ਇਸਨੂੰ ਪੜ੍ਹੀਏ। ਹੁਣ ਬੜੇ ਹੀ ਧਿਆਨ ਨਾਲ ਸੁਣੋ। ਹੁਣ ਮੈਂ ਚਾਹੁੰਦਾ ਹਾਂ ਕਿ ਤੁਸੀਂ ਮੇਰੇ ਨਾਲ ਪੜ੍ਹੋ ਜੇ ਤੁਸੀਂ ਪੜ੍ਹ ਸਕੋ ਤਾਂ ਕਿਉਂਕਿ ਥੋੜੇ ਸਮੇਂ ਬਾਦ ਮੈਂ ਇਹਦਾ ਫਿਰ ਹਵਾਲਾ ਦੇਣ ਜਾ ਰਿਹਾ ਹਾਂ। ਹੁਣ 7 ਬਾਬ ਇਹ ਛੇਵੀਂ ਅਤੇ ਸੱਤਵੀਂ ਮੋਹਰ ਦੇ ਵਿੱਚਕਾਰ ਹੈ।

*ਇਨ੍ਹਾਂ ਗੱਲਾਂ ਤੋਂ ਬਾਦ -ਇਨ੍ਹਾਂ ਗੱਲਾਂ ਤੋਂ ਬਾਦ* (ਮੋਹਰਾਂ ਤੋਂ )......

128 ਛੇਵੀਂ ਮੋਹਰ ਖੁੱਲ੍ਹਦੇ ਹੀ, ਇਹ ਕਸ਼ਟ ਕਾਲ ਦਾ ਸਮਾਂ ਹੈ। ਕੀ ਹੁਣ ਹਰ ਕੋਈ ਸਮਝ ਰਿਹਾ ਹੈ? [ਸੰਗਤ ਆਖਦੀ ਹੈ, "ਆਮੀਨ। "-ਸੰਪਾ] ਛੇਵੀਂ ਮੋਹਰ ਦੇ ਖੁੱਲ੍ਹਦੇ ਹੀ ਅਤੇ ਕਸ਼ਟ ਸ਼ੁਰੂ ਹੋ ਗਿਆ ਸੀ। ਇਸ ਤੋਂ ਬਾਦ ਕੀ?

*.........ਇਹ ਦੇ ਮਗਰੋਂ ਮੈਂ ਧਰਤੀ ਦੀਆਂ ਚੌਹਾਂ ਕੂੰਟਾਂ ਉੱਤੇ ਚਾਰ ਦੂਤ ਖਲੋਤੇ ਵੇਖੇ ਜਿਨ੍ਹਾਂ ਧਰਤੀ ਦੀਆਂ ਚੌਹਾਂ ਪੌਣਾਂ ਨੂੰ ਫੜ੍ਹਿਆ ਹੋਇਆ ਸੀ ਤਾਂ ਜੋ ਪੌਣ ਧਰਤੀ ਉੱਤੇ ਯਾ ਸਮੁੰਦਰ ਉੱਤੇ ਯਾ ਕਿਸੇ ਰੁੱਖ ਉੱਤੇ ਨਾ ਵਗੇ। ਅਤੇ ਮੈਂ ਇੱਕ ਹੋਰ ਦੂਤ ਨੂੰ ਜਿਹ ਦੇ ਕੋਲ ਅਕਾਲ ਪੁਰਖ ਦੀ ਮੋਹਰ ਸੀ ਚੜ੍ਹਦੇ ਪਾਸਿਓਂ ਉੱਠਦਾ ਵੇਖਿਆ ਅਤੇ ਓਸ ਨੇ ਉਨ੍ਹਾਂ ਦੂਤਾਂ ਨੂੰ ਜਿਨ੍ਹਾਂ ਨੂੰ ਇਹ ਦਿੱਤਾ ਗਿਆ ਸੀ ਭਈ ਧਰਤੀ ਅਤੇ ਸਮੁੰਦਰ ਦਾ ਵਿਗਾੜ ਕਰਨ ਵੱਡੀ ਅਵਾਜ਼ ਨਾਲ ਪੁਕਾਰ ਕੇ ਆਖਿਆ। ਜਿੰਨਾ ਚਿਰ ਅਸੀਂ ਆਪਣੇ ਪਰਮੇਸ਼ੁਰ ਦੇ ਦਾਸਾਂ ਦੇ ਮੱਥੇ ਉੱਤੇ ਮੋਹਰ ਨਾ ਲਾ ਲਈਏ ......*

129 ਲਾੜੀ ਨਹੀਂ। ਦਾਸਾਂ, ਪੁੱਤਰਾਂ ਨਹੀਂ। ਇਸਰਾਏਲ ਹਮੇਸ਼ਾਂ ਤੋਂ ਹੀ ਪ੍ਰਮੇਸ਼ੁਰ ਦਾ ਦਾਸ ਰਿਹਾ ਹੈ। ਕਲੀਸਿਯਾ ਪੁੱਤਰ ਹਨ, ਜਨਮ ਦੇ ਰਾਹੀਂ। ਇਸਰਾਏਲ ਉਹਦਾ ਦਾਸ ਹੈ। ਹਰ ਥਾਂ ਤੇ ਧਿਆਨ ਦਿਓ, ਅਬਰਾਹਾਮ ਉਸਦਾ ਦਾਸ ਸੀ। ਅਸੀਂ ਦਾਸ ਨਹੀਂ ਹਾਂ। ਅਸੀਂ ਤਾਂ ਉਸਦੇ ਬੱਚੇ ਹਾਂ, ਪੁੱਤਰ ਅਤੇ ਪੁੱਤਰੀਆਂ ਹਾਂ। ਜੀ ਹਾਂ।

*..... ਆਪਣੇ ਪਰਮੇਸ਼ੁਰ ਦੇ ਦਾਸਾਂ ਦੇ ਮੱਥੇ ਉੱਤੇ ਮੋਹਰ ਨਾ ਲਾ ਲਈਏ ......*

130 ਹੁਣ ਧਿਆਨ ਦਿਓ।

*ਆਪਣੇ ਪਰਮੇਸ਼ੁਰ ਦੇ ਦਾਸਾਂ ਦੇ ਮੱਥੇ ਉੱਤੇ ਮੋਹਰ ਨਾ ਲਾ ਲਈਏ ਅਤੇ ਜਿਨ੍ਹਾਂ ਉੱਤੇ ... ਮੋਹਰ ਲੱਗੀ ਮੈਂ ਉਨ੍ਹਾਂ ਦੀ ਗਿਣਤੀ ਸੁਣੀ .....*



274 ਕਿਉਂਕਿ ਇਹ ਬਿਲਕੁੱਲ ਉਹ ਹੀ ਸੀ ਜੋ ਇਹ ਸੀ ਅਤੇ ਇਹ ਜਾਣਦੇ ਹੋਏ ਕਿ ਜਦੋਂ ਤੱਕ ਇਹ ਵਾਪਰ ਨਹੀਂ ਜਾਂਦਾ ਮੈਂ ਇਹ ਦੱਸ ਨਹੀਂ ਸੱਕਦਾ, ਵੇਖੋ ਲੋਕ ਇਹਨੂੰ ਸਮਝ ਜਾਣਗੇ।

275 ਅਤੇ ਕੀ ਤੁਸੀਂ ਧਿਆਨ ਦਿੱਤਾ ਕਿ ਉਹ ਇੱਕ ਸਵਰਗ ਦੂਤ, ਮੈਂ ਕਿਹਾ ਉਹਨਾਂ ਵਿੱਚੋਂ ਇੱਕ ਸਵਰਗਦੂਤ ਅਨੋਖਾ ਸੀ ? ਉਹ ਮੇਰੇ ਵੱਲ ਬਾਕੀ ਦੂਤਾਂ ਤੋਂ ਜਿਆਦਾ ਧਿਆਨ ਨਾਲ ਵੇਖ ਰਿਹਾ ਸੀ। ਤੁਹਾਨੂੰ ਇਹ ਯਾਦ ਹੈ?[ "ਆਮੀਨ। "]ਉਹ ਇੱਕ ਝੁੰਡ ਵਿੱਚ ਸਨ- ਤਿੰਨ ਇੱਕ ਪਾਸੇ ਅਤੇ ਇੱਕ ਉੱਪਰ। ਅਤੇ ਇੱਕ ਮੇਰੇ ਅੱਗੇ ਸੀ, ਖੱਬੇ ਹੱਥ ਤੋਂ ਸੱਜੇ ਹੱਥ ਵੱਲ ਨੂੰ ਗਿਣਦੇ ਹੋਏ ਸੱਤ-ਸੱਤਵਾਂ ਸਵਰਗ ਦੂਤ ਹੋਵੇਗਾ। ਉਹ ਜਿਆਦਾ ਚਮਕੀਲਾ ਸੀ, ਇਹਦਾ ਮੇਰੇ ਨਾਲ ਬਾਕੀਆਂ ਨਾਲੋਂ ਵੱਧ ਮਤਲਬ ਸੀ। ਤੁਹਾਨੂੰ ਯਾਦ ਹੈ, ਮੈਂ ਕਿਹਾ ਸੀ ਉਸਦੀ ਛਾਤੀ ਇਸ ਤਰ੍ਹਾਂ ਬਾਹਰ ਨੂੰ ਨਿੱਕਲੀ ਹੋਈ ਸੀ ਅਤੇ ਪੂਰਬ ਵੱਲ ਨੂੰ ਉੱਡ ਰਿਹਾ ਸੀ। ਤੁਹਾਨੂੰ ਯਾਦ ਹੈ ਇਸ ਤਰ੍ਹਾਂ? ਅਤੇ ਮੈਂ ਕਿਹਾ ਸੀ, "ਉਸਨੇ ਮੈਨੂੰ ਉਠਾ ਲਿਆ, ਮੈਨੂੰ ਉੱਪਰ ਚੁੱਕ ਲਿਆ। " ਕੀ ਤੁਹਾਨੂੰ ਯਾਦ ਹੈ?[ "ਆਮੀਨ। "]

276 ਇੱਥੇ ਉਹ ਸੱਤਵੀਂ ਮੋਹਰ ਦੇ ਨਾਲ ਸੀ, ਉਹ ਗੱਲ ਜਿਹਦੇ ਲਈ ਮੈਂ ਆਪਣੀ ਸਾਰੀ ਜ਼ਿੰਦਗੀ ਹੈਰਾਨੀ ਵਿੱਚ ਪਿਆ ਰਿਹਾ। ਆਮੀਨ। ਇਹ ਠੀਕ ਹੈ ਕਿ ਦੂਜੀਆਂ ਮੋਹਰਾਂ ਦਾ ਵੀ ਮੇਰੇ ਲਈ ਬਹੁਤ ਵੱਡਾ ਮਹੱਤਵ ਹੈ, ਪ੍ਰੰਤੂ ਤੁਸੀਂ ਨਹੀਂ ਜਾਣਦੇ ਹੋ ਇਹਦਾ ਮੇਰੇ ਲਈ ਕਿੰਨਾ ਮਤਲਬ ਹੈ। ਜਿੰਦਗੀ ਵਿੱਚ ਇੱਕ ਵਾਰ ...[ ਭਾਈ ਬ੍ਰਾਨਹਾਮ ਕਈ ਵਾਰ ਪੁਲਪਿਟ ਖੜ੍ਹਕਾਉਂਦੇ ਹਨ-ਸੰਪਾ]

277 ਮੈਂ ਦੁਆ ਕੀਤੀ ; ਮੈਂ ਪ੍ਰਮੇਸ਼ੁਰ ਨੂੰ ਪੁਕਾਰਿਆ। ਮੈਂ-ਮੈਂ-ਮੈਂ --ਫਿਨਿਕਸ ਦੀ ਬੰਦਗੀ ਤੋਂ ਬਾਦ, ਜੋ ਲੋਕ ਮੇਰੇ ਨਾਲ ਸਨ, ਉਹ ਜਾਣਦੇ ਹਨ; ਮੈਂ ਪਹਾੜਾਂ ਵਿੱਚ ਚਲਾ ਗਿਆ।

278 ਇੱਕ ਸਵੇਰ ਮੈਂ ਉੱਠ ਕੇ ਸਬੀਨੋ ਕੈਨੀਅਨ ਦੇ ਉਹਨਾਂ ਵੱਡੇ -ਵੱਡੇ ਊਬੜ-ਖਾਬੜ ਉੱਚੇ ਪਹਾੜਾਂ ਤੇ ਚਲਾ ਗਿਆ। ਅਤੇ ਮੈਂ ਉੱਥੇ ਚਲਾ ਗਿਆ। ਅਤੇ ਉੱਥੇ ਇੱਕ ਡੰਡੀ ਸੀ ਅਤੇ ਜਦੋਂ ਉਹ ਖਤਮ ਹੋ ਜਾਵੇ ਤਾਂ ਤੁਸੀਂ ਲੇਮਨ ਪਹਾੜ ਤੇ ਚਲੇ ਜਾਣਾ ਜੋ ਕਿ ਤੀਹ ਮੀਲ ਪੈਦਲ ਮਾਰਗ ਹੈ, ਲੱਗ-ਭੱਗ ਤੀਹ ਫੁੱਟ ਬਰਫ ਉੱਥੇ ਹੁੰਦੀ ਹੈ। ਇਸ ਲਈ ਉੱਥੇ ਪਹਾੜ ਤੇ ਦਿਨ ਨਿੱਕਲਣ ਤੋਂ ਬਹੁਤ ਚਿਰ ਪਹਿਲਾਂ ਇਸ ਛੋਟੀ ਜਿਹੀ ਪਗਡੰਡੀ ਤੇ ਉੱਪਰ ਚੜ੍ਹਦੇ ਹੋਏ ਗੋਲ ਚੱਟਾਨਾਂ ਦੇ ਨਾਲ ਮੈਨੂੰ ਇਸ ਪਾਸੇ ਨੂੰ ਮੁੜ੍ਹਨ ਦੀ ਅਗੁਵਾਈ ਹੋਈ। ਅਤੇ ਮੈਂ ਉਨ੍ਹਾਂ ਵਿੰਗੀਆਂ, ਟੇਡੀਆਂ ਚੱਟਾਨਾਂ ਵਿੱਚ ਦੀ ਹੋ ਕੇ ਸੈਕੜੇਂ ਫੁੱਟ ਉੱਚਾ ਗਿਆ, ਔਹ।

279 ਅਤੇ ਮੈਂ ਉਨ੍ਹਾਂ ਚੱਟਾਨਾਂ ਵਿੱਚ ਗੋਡਿਆਂ ਭਾਰ ਹੋ ਗਿਆ। ਮੈਂ ਇਹ ਬਾਈਬਲ ਅਤੇ ਇਹ ਕਿਤਾਬ ਹੇਠਾਂ ਰੱਖ ਦਿੱਤੀ ਅਤੇ ਇਹ ਛੋਟੀਆਂ ਪੱਟੀਆਂ। [ਭਾਈ ਬ੍ਰਾਨਹਾਮ ਬਾਈਬਲ ਅਤੇ ਪੱਟੀਆਂ ਵਿਖਾਉਂਦੇ ਹਨ-ਸੰਪਾ]ਮੈਂ ਕਿਹਾ, "ਪ੍ਰਭੂ ਪ੍ਰਮੇਸ਼ੁਰ ਇਸ ਦਰਸ਼ਨ ਦਾ ਕੀ ਅਰਥ ਹੈ? ਮੈਂ-ਮੈਂ-ਮੈਂ ਕਿਹਾ, " ਪ੍ਰਭੂ ਇਹਦਾ .....ਕੀ ਇਹਦਾ ਅਰਥ ਮੇਰੀ ਮੌਤ ਹੈ?"

280 ਤੁਹਾਨੂੰ ਯਾਦ ਹੈ ਮੈਂ ਤੁਹਾਨੂੰ ਦੱਸਿਆ ਸੀ, "ਕਿ ਮੈਂ ਸੋਚਿਆ ਸੀ ਕਿ ਇਹਦਾ ਅਰਥ ਮੇਰੀ ਮੌਤ ਹੋ ਸੱਕਦਾ ਹੈ ਕਿਉਂਕਿ ਕਿਸੇ ਚੀਜ਼ ਦਾ ਧਮਾਕਾ ਹੋਇਆ ਸੀ ਕਿਉਂਕਿ ਕਿਸੇ ਚੀਜ਼ ਨੇ ਮੈਨੂੰ ਅੰਦਰੋਂ ਟੁਕੜੇ-ਟੁਕੜੇ ਕਰ ਦਿੱਤਾ ਸੀ। ਤੁਹਾਨੂੰ ਯਾਦ ਹੈ। ਕਿੰਨੇ ਜਾਣਦੇ ਹਨ--ਅਤੇ ਸੁਣਿਆ ਹੈ? [ਸਭਾ ਆਖਦੀ ਹੈ, "ਆਮੀਨ। "-ਸੰਪਾ]ਕਿਉਂ, ਵੇਖਿਆ, ਯਕੀਨਨ ਤੁਸੀਂ ਸਾਰੇ।

267 ਧਿਆਨ ਦਿਓ, ਇੱਕ ਗਰਜ਼, ਸੱਤ ਸੰਦੇਸ਼ ਜਿਹੜੇ ਕਿ ਮੋਹਰ ਕੀਤੇ ਹੋਏ ਸਨ ਅਤੇ ਇਸ ਯੁੱਗ ਦੇ ਆਖਰੀ ਦਿਨਾਂ ਤੱਕ ਪ੍ਰਗਟ ਨਹੀਂ ਕੀਤੇ ਜਾ ਸਕੇ। ਸਮਝੇ, ਮੇਰਾ ਕੀ ਅਰਥ ਹੈ? [ਸਭਾ ਆਖਦੀ ਹੈ, "ਆਮੀਨ। "-ਸੰਪਾ]

268 ਹੁਣ, ਕੀ ਤੁਸੀਂ ਇਸ ਹਫਤੇ ਦੇ ਭੇਦਭਰੇ ਭਾਗ ਤੇ ਧਿਆਨ ਦਿੱਤਾ ਹੈ? ਇਹ ਹੀ ਹੈ ਉਹ ਜੋ ਹੈ। ਇਹ ਹੀ ਹੈ ਉਹ ਜੋ ਸੀ। ਇਹ ਨਹੀਂ ਹੈ-ਇਹ ਇੱਕ ਮਨੁੱਖ ਨਹੀਂ ਸੀ;ਇਹ ਪ੍ਰਭੂ ਦੇ ਸਵਰਗ ਦੂਤ ਸਨ। ਧਿਆਨ ਦਿਓ।

269 ਇੱਥੇ ਤਿੰਨ ਜਣੇ ਗਵਾਹ ਹਨ ਕਿ ਇੱਕ ਹਫਤਾ ਪਹਿਲਾਂ, ਇੱਕ ਹਫਤੇ ਤੋਂ ਥੋੜ੍ਹਾ ਪਹਿਲਾਂ, ਮੈਂ ਉੱਥੇ ਪਹਾੜਾਂ ਵਿੱਚ ਮੈਕਸੀਕੋ ਦੇ ਲਾਗੇ ਦੋ ਭਾਈਆਂ ਦੇ ਨਾਲ ਸੀ ਜੋ ਇੱਥੇ ਬੈਠੇ ਹਨ। ਆਪਣੀ ਪੈਂਟ ਦੇ ਪੋਚੇ ਨਾਲੋਂ ਮੈਂ ਭੱਖੜਾ-ਜਾਂ ਰੇਗਸਥਾਨੀ ਘਾਹ ਲਾਹ ਰਿਹਾ ਸੀ ਅਤੇ ਇੱਕ ਧਮਾਕਾ ਹੋਇਆ ਅਤੇ ਲੱਗ-ਭੱਗ ਇਸ ਤਰ੍ਹਾਂ ਲੱਗਾ ਜਿਵੇਂ ਪਹਾੜ ਡਿੱਗ ਪੈਣਗੇ। ਹੁਣ ਇਹ ਠੀਕ ਹੈ। ਮੈਂ ਆਪਣੇ ਭਾਈਆਂ ਨੂੰ ਕਦੇ ਨਹੀਂ ਦੱਸਿਆ ਪ੍ਰੰਤੂ ਉਨ੍ਹਾਂ ਨੇ ਇੱਕ ਵੱਖਰੇਪਨ ਤੇ ਧਿਆਨ ਦਿੱਤਾ।

270 ਅਤੇ ਉਸਨੇ ਮੈਨੂੰ ਕਿਹਾ, "ਹੁਣ ਤਿਆਰ ਹੋ ਜਾਓ। ਪੂਰਬ ਦਿਸ਼ਾ ਵੱਲ ਜਾਹ। ਉੱਥੇ ਇਸ ਦਰਸ਼ਣ ਦਾ ਅਰਥ ਹੈ। " ਸਮਝੇ? ਹੁਣ ਤੁਸੀਂ ਜਾਣ ਲਵੋ ਕਿ ਭਾਈ ਸੋਥਮੈਨ ਜਿਸ ਸ਼ਿਕਾਰ ਦੇ ਪਿੱਛੇ ਗਏ ਸਨ ਉਹ ਨਹੀਂ ਮਿਲਿਆ। ਅਸੀਂ ਉਹਨਾਂ ਲਈ ਲੱਭਣ ਦਾ ਯਤਨ ਕਰ ਰਹੇ ਸੀ। ਅਤੇ ਉਸਨੇ ਕਿਹਾ, ਅੱਜ ਰਾਤ ਤੇਰੇ ਲਈ ਇੱਕ ਨਿਸ਼ਾਨ ਹੋਣ ਲਈ ਇਹਨੂੰ ਨਹੀਂ ਕਰਨ ਜਾ ਰਿਹਾ ਹੈ। ਇਸ ਸਮੇਂ ਤੈਨੂੰ ਉਨ੍ਹਾਂ ਸਵਰਗ ਦੂਤਾਂ ਦੇ ਆਉਣ ਲਈ ਆਪਣੇ ਆਪ ਨੂੰ ਪਵਿੱਤਰ ਕਰਨਾ ਚਾਹੀਦਾ ਹੈ। " ਤੁਹਾਨੂੰ ਯਾਦ ਹੈ ਮੈਂ ਆਪਣੇ ਆਪ ਨੂੰ ਆਪਣੇ ਨਾਲੋਂ ਵੱਖਰਾ ਮਹਿਸੂਸ ਕੀਤਾ।

271 ਅਤੇ ਮੈਂ ਪੱਛਮ ਵਿੱਚ ਸੀ। ਸਵਰਗ ਦੂਤ ਪੂਰਬ ਤੋਂ ਆ ਰਹੇ ਸਨ। ਅਤੇ ਜਿਉਂ ਹੀ ਉਹ ਆਏ ਮੈਂ ਉਨ੍ਹਾਂ ਦੇ ਨਾਲ ਉੱਪਰ ਉਠਾ ਲਿਆ ਗਿਆ ਸੀ। ਕੀ ਤੁਹਾਨੂੰ ਇਹ ਯਾਦ ਹੈ? ਪੂਰਬ ਵੱਲੋਂ ਆਉਂਦੇ ਹੋਏ[[ਸਭਾ ਆਖਦੀ ਹੈ, "ਆਮੀਨ। "-ਸੰਪਾ]

272 ਅਤੇ ਭਾਈ ਫਰੈਡ ਅਤੇ ਭਾਈ ਨਾੱਰਮਨ ਅੱਜ ਰਾਤ ਇੱਥੇ ਗਵਾਹ ਹਨ। ਜਿਵੇਂ ਹੀ ਅਸੀਂ ਹੇਠਾਂ ਗਏ, ਮੈਂ ਲੱਗ ਭੱਗ ਉਸਨੂੰ ਮਨਾਇਆ ਕਿ ਉਹ ਠਹਿਰੇ ਅਤੇ ਆਪਣਾ ਸ਼ਿਕਾਰ ਕਰੇ। ਭਾਈ ਸੋਥਮੈਨ, ਕੀ ਇਹ ਠੀਕ ਹੈ ਨਾ ?[ਭਾਈ ਫਰੈਡ ਸੋਥਮੈਨ ਆਖਦੇ ਹਨ, "ਆਮੀਨ। "-ਸੰਪਾ]ਜੀ ਹਾਂ, ਉਹ ਉੱਥੇ ਖੜ੍ਹੇ ਹਨ। ਮੈਂ ਉਨ੍ਹਾਂ ਨੂੰ ਮਨਾਇਆ ਪ੍ਰੰਤੂ ਫਿਰ ਵੀ ਉਸਨੇ ਕਿਹਾ, " ਉਹ ਨਹੀਂ ਕਰੇਗਾ।" ਮੈਂ ਉਹਨੂੰ ਕਦੇ ਕੁਝ ਨਹੀਂ ਦੱਸਿਆ, ਚਲਾ ਗਿਆ।

273 ਤੰਬੂ ਦੇ ਲਾਗੇ ਕੁਝ ਬੈਠਾ ਸੀ, ਉਸ ਦਿਨ .....ਭਾਈ ਸੋਥਮੈਨ ਤੁਹਾਨੂੰ ਯਾਦ ਹੈ, ਅਤੇ ਮੈਂ.... ਜਿਉਂ ਹੀ ਕੁਝ ਦੱਸਿਆ ਜਾ ਰਿਹਾ ਸੀ ਤਾਂ ਕਿ ਮੈਂ ਆਪਣੇ ਆਪ ਨੂੰ ਅਤੇ ਭਾਈ ਨਾੱਰਮਨ ਨੂੰ..... ਭਾਈ ਨਾੱਰਮਨ ਕਿੱਥੇ ਹਨ? ਉੱਥੇ ਪਿੱਛੇ। ਉਹਨੂੰ ਸਹੁੰ ਖੁਆਈ ਕਿ ਜੋ ਕੁਝ ਵੀ ਹੋ ਰਿਹਾ ਹੈ ਉਸਦੇ ਬਾਰੇ ਕਿਸੇ ਨੂੰ ਨਹੀਂ ਦੱਸੇਗਾ। ਕੀ ਇਹ ਠੀਕ ਹੈ[ਭਾਈ ਕਹਿੰਦੇ ਹਨ, "ਆਮੀਨ। "-ਸੰਪਾ]ਕੀ ਮੈਂ ਘੁੰਮ ਕੇ ਇਸ ਤਰ੍ਹਾਂ ਤੰਬੂ ਵਿੱਚੋਂ ਬਾਹਰ ਨਿੱਕਲ ਗਿਆ ਸੀ?ਕੀ ਇਹ ਠੀਕ ਹੈ? [ਇਹ ਠੀਕ ਹੈ।



131 ਹੁਣ ਮੈਂ ਚਾਹੁੰਦਾ ਹਾਂ ਇਹਨੂੰ ਪੜ੍ਹਦੇ ਹੋਏ ਤੁਸੀਂ ਧਿਆਨ ਨਾਲ ਸੁਣੋ

*ਤਾਂ ਇਸਰਾਏਲ ਦੇ ਵੰਸ਼ ਦੇ ਸਭਨਾਂ ਗੋਤਾਂ ਵਿੱਚੋਂ ਇੱਕ ਲੱਖ ਚੁਤਾਲੀਆਂ ਹਜ਼ਾਰਾਂ ਉੱਤੇ ਮੋਹਰ ਲੱਗੀ-*

132 ਉਸਨੇ ਬੜੀ ਸਿੱਧਤਾ ਨਾਲ ਉਨ੍ਹਾਂ ਦੇ ਨਾਮ ਦਿੱਤੇ ਹਨ। ਅਤੇ ਜੇ ਇੱਥੇ ਇਸ ਤਰ੍ਹਾਂ ਹੈ ਕਿ ਕੋਈ ਬ੍ਰਿਟਸ਼ ਇਸਰਾਏਲੀ ਪਰਖ ਕਰਨ ਵਾਲਾ ਇੱਥੇ ਬੈਠਾ ਹੋਇਆ ਹੈ, ਸੁਣੋ, ਵਿਚਾਰ ਕਰੇ ਕਿਵੇਂ ਉਹ ਇਹਦੇ ਵਿੱਚ ਭੇਤ ਨੂੰ ਖੋਲ੍ਹ ਦਿੰਦਾ ਹੈ। ਸਮਝੇ?

*ਯਹੂਦਾਹ ਦੇ ਗੋਤ ਵਿੱਚੋਂ ਬਾਰਾਂ ਹਜ਼ਾਰ ਰਊਬੇਨ ਦੇ ਗੋਤ ਵਿੱਚੋਂ ਬਾਰਾਂ ਹਜ਼ਾਰ ਗਾਦ ਦੇ ਗੋਤ ਵਿੱਚੋਂ ਬਾਰਾਂ ਹਜ਼ਾਰ*

133 ਆਪਣੀ ਵੇਖੋ --ਹੁਣ ਆਪਣੀ ਗੋਤ ਨੂੰ ਵੇਖੋ।

*ਆਸ਼ੇਰ ਦੇ ਗੋਤ ਵਿੱਚੋਂ ਬਾਰਾਂ ਹਜ਼ਾਰ ਨਫਤਾਲੀ ਦੇ ਗੋਤ ਵਿੱਚੋਂ ਬਾਰਾਂ ਹਜ਼ਾਰ ਮਨੱਸ਼ਹ ਦੇ ਗੋਤ ਵਿੱਚੋਂ ਬਾਰਾਂ ਹਜ਼ਾਰ ਸ਼ਿਮਓਨ ਦੇ ਗੋਤ ਵਿੱਚੋਂ ਬਾਰਾਂ ਹਜ਼ਾਰ ਲੇਵੀ ਦੇ ਗੋਤ ਵਿੱਚੋਂ ਬਾਰਾਂ ਹਜ਼ਾਰ ਯਿੱਸਾਕਾਰ ਦੇ ਗੋਤ ਵਿੱਚੋਂ ਬਾਰਾਂ ਹਜ਼ਾਰ ਜ਼ਬੂਲੂਨ ਦੇ ਗੋਤ ਵਿੱਚੋਂ ਬਾਰਾਂ ਹਜ਼ਾਰ ਯੂਸਫ ਦੇ ਗੋਤ ਵਿੱਚੋਂ ਬਾਰਾਂ ਹਜ਼ਾਰ ਬਿਨਯਾਮੀਨ ਦੇ ਗੋਤ ਵਿੱਚੋਂ ਬਾਰਾਂ ਹਜ਼ਾਰ ਉੱਤੇ ਮੋਹਰ ਲੱਗੀ।*

134 ਹੁਣ ਇੱਥੇ ਬਾਰ੍ਹਾਂ ਗੋਤ ਹਨ, ਹਰੇਕ ਗੋਤ ਵਿੱਚੋਂ ਬਾਰ੍ਹਾਂ ਹਜ਼ਾਰ। ਬਾਰ੍ਹਾਂ ਗੁਣਾ ਬਾਰ੍ਹਾਂ ...ਕੀ ਹੋਇਆ?[ ਸੰਗਤ ਆਖਦੀ ਹੈ, "ਇੱਕ ਲੱਖ ਚੁਤਾਲੀ ਹਜ਼ਾਰ-ਸੰਪਾ]ਇੱਕ ਲੱਖ ਚੁਤਾਲੀ ਹਜ਼ਾਰ। ਹੁਣ ਧਿਆਨ ਦਿਓ ਇਹ ਸਾਰੇ ਇਸਰਾਏਲ ਦੇ ਗੋਤ ਵਿੱਚੋਂ ਹਨ।

135 ਧਿਆਨ ਦਿਓ ਇਸ ਤੋਂ ਬਾਦ ...ਹੁਣ ਇੱਥੇ ਦੂਸਰਾ ਝੁੰਢ ਆਉਂਦਾ ਹੈ। ਹੁਣ ਲਾੜੀ ਜਾ ਚੁੱਕੀ ਹੈ। ਅਸੀਂ ਇਹ ਜਾਣਦੇ ਹਾਂ; ਪ੍ਰੰਤੂ ਹੁਣ ਇੱਥੇ ਇੱਕ ਹੋਰ ਝੁੰਢ ਆਉਂਦਾ ਹੈ।

*ਇਹਦੇ ਬਾਦ ਮੈਂ ਕੀ ਵੇਖਦਾ ਹਾਂ ਭਈ ਹਰੇਕ ਕੌਮ ਵਿੱਚੋਂ ਅਤੇ ਸਭਨਾਂ ਗੋਤਾਂ, ਉੱਮਤਾਂ ਅਤੇ ਭਾਖਿਆ ਵਿੱਚੋਂ ਇੱਕ ਵੱਡੀ ਭੀੜ ਜਿਹਦੀ ਗਿਣਤੀ ਕਿਸੇ ਕੋਲੋਂ ਨਹੀਂ ਹੁੰਦੀ ਚਿੱਟੇ ਬਸਤਰ ਪਹਿਨੇ ਅਤੇ ਖਜੂਰ ਦੀਆਂ ਟਹਿਣੀਆਂ ਹੱਥਾਂ ਵਿੱਚ ਲਈ ਸਿੰਘਾਸਣ ਦੇ ਸਾਹਮਣੇ ਅਤੇ ਲੇਲੇ ਦੇ ਸਾਹਮਣੇ ਖੜੀ ਹੈ ਅਤੇ ਇਹ ਵੱਡੀ ਅਵਾਜ਼ ਨਾਲ ਪੁਕਾਰ ਕੇ ਕਹਿੰਦੇ ਹਨ-*

*ਮੁਕਤੀ ਸਾਡੇ ਪ੍ਰਮੇਸ਼ੁਰ ਵੱਲੋਂ ਜਿਹੜਾ ਸਿੰਘਾਸਣ ਉੱਤੇ ਬਿਰਾਜਮਾਨ ਹੈ ਅਤੇ ਲੇਲੇ ਵਲੋਂ ਹੈ। ਸਾਰੇ ਦੂਤ ਸਿੰਘਾਸਣ ਦੇ ਅਤੇ ਬਜ਼ੁਰਗਾਂ ਦੇ ਅਤੇ ਚੌਹਾਂ ਜੰਤੂਆਂ ਦੇ ਦੁਆਲੇ ਖਲੋਤੇ ਸਨ ਤਾਂ ਉਹ ਸਿੰਘਾਸਣ ਦੇ ਸਾਹਮਣੇ ਮੂੰਹ ਦੇ ਭਾਰ ਡਿੱਗ ਪਏ ਅਤੇ ਪ੍ਰਮੇਸ਼ੁਰ ਨੂੰ ਮੱਥਾ ਟੇਕਿਆ ਅਤੇ ਬੋਲੇ-ਆਮੀਨ। ਸਾਡੇ ਪ੍ਰਮੇਸ਼ੁਰ ਦਾ ਧੰਨਵਾਦ, ਮਹਿਮਾਂ, ਬੁੱਧ, ਸ਼ੁਕਰ, ਮਾਣ, ਸਮਰੱਥਾ ਅਤੇ ਸ਼ਕਤੀ ਜੁੱਗੋ ਜੁੱਗ ਹੋਵੇ ! ਆਮੀਨ।*

*ਉਨ੍ਹਾਂ ਬਜ਼ੁਰਗਾਂ ਵਿੱਚੋਂ ਇੱਕ ਨੇ ਆਣ ਕੇ ਅੱਗੋਂ ਮੈਨੂੰ ਇਹ ਕਹਿ ਕੇ ਪੁੱਛਿਆ*

136 ਹੁਣ ਇਹ ਇੱਥੇ ਬਜ਼ੁਰਗਾਂ ਦੇ ਸਾਹਮਣੇ ਹਨ ਜਿਵੇਂ ਕਿ ਅਸੀਂ ਇਨ੍ਹਾਂ ਮੋਹਰਾਂ ਦੇ ਵਿੱਚ ਦੀ ਹੁੰਦੇ ਹੋਏ ਵੇਖਿਆ ਹੈ।

*ਉਨ੍ਹਾਂ ਬਜ਼ੁਰਗਾਂ ਵਿੱਚੋਂ ਇੱਕ ਨੇ ਆਣ ਕੇ ਅੱਗੋਂ ਮੈਨੂੰ ਇਹ ਕਹਿ ਕੇ ਪੁੱਛਿਆ ਭਈ ਇਹ ਕੌਣ ਹਨ .....*

137 ਹੁਣ ਯੂਹੰਨਾ ਜੋ ਕਿ ਇੱਕ ਯਹੂਦੀ ਸੀ ਆਪਣੇ ਲੋਕਾਂ ਨੂੰ ਪਛਾਣਦਾ ਹੈ ਉਸਨੇ ਉਨ੍ਹਾਂ ਨੂੰ ਗੋਤਾਂ ਦੇ ਰੂਪ ਵਿੱਚ ਵੇਖਿਆ। ਕੀ ਇਹ ਠੀਕ ਹੈ?ਉਸਨੇ ਪਛਾਣਿਆ ਅਤੇ ਸਭਨਾਂ ਗੋਤਾਂ ਦਾ ਨਾਮ ਲਿਆ।

138 ਪ੍ਰੰਤੂ ਹੁਣ ਜਦੋਂ ਉਹ ਇਨ੍ਹਾਂ ਨੂੰ ਵੇਖਦਾ ਹੈ, ਉਹ ਇੱਕ ਤਰ੍ਹਾਂ ਨਾਲ ਗੜਬੜ ਵਿੱਚ ਪੈ ਗਿਆ। ਅਤੇ ਬਜ਼ੁਰਗ ਨੂੰ ਇਹ ਪਤਾ ਹੈ। ਇਸ ਲਈ ਉਹ ਕਹਿੰਦਾ ਹੈ।

*ਭਈ ਇਹ ਜਿਨ੍ਹਾਂ ਚਿੱਟੇ ਬਸਤਰ ਪਹਿਨੇ ਹਨ ਕੌਣ ਹਨ ਅਤੇ ਕਿੱਥੋਂ ਆਏ ?*

139 ਹੁਣ ਯੂਹੰਨਾ ਉੱਤਰ ਦੇ ਰਿਹਾ ਹੈ

*ਫੇਰ ਮੈਂ ਉਹਨੂੰ ਕਿਹਾ, ਹੇ ਮੇਰੇ ਪ੍ਰਭੂ ਜੀ, ਤੁਸੀਂ ਜਾਣੋ।*

140 ਯੂਹੰਨਾ ਉਨ੍ਹਾਂ ਨੂੰ ਨਹੀਂ ਜਾਣਦਾ ਸੀ। ਸਮਝੇ? ਸਾਰੀਆਂ ਕੌਮਾਂ, ਭਾਖਿਆ ਅਤੇ ਜਾਤੀਆਂ।

*ਤਾਂ ਉਨ ਮੈਨੂੰ ਆਖਿਆ, ਏਹ ਉਹ ਹਨ ਜਿਹੜੇ ਵੱਡੀ ਬਿਪਤਾ ਵਿੱਚੋਂ ਆਉਂਦੇ ਹਨ ਅਤੇ ਉਹਨਾਂ ਨੇ ਆਪਣੇ ਬਸਤਰ ਲੇਲੇ ਦੇ ਲਹੂ ਨਾਲ ਧੋਤੇ ਅਤੇ ਉਨ੍ਹਾਂ ਨੂੰ ਚਿੱਟਾ ਕੀਤਾ।*

*ਇਸ ਕਰਕੇ ਉਹ ਪਰਮੇਸ਼ੁਰ ਦੇ ਸਿੰਘਾਸਣ ਦੇ ਮੋਹਰੇ ਹਨ ਅਤੇ ਉਹ ਦੀ ਹੈਕਲ ਵਿੱਚ ਰਾਤ ਦਿਨ ਉਹ ਦੀ ਉਪਾਸਨਾ ਕਰਦੇ ਹਨ ਅਤੇ ਉਹ ਜਿਹੜਾ ਸਿੰਘਾਸਣ ਉੱਤੇ ਬਿਰਾਜਮਾਨ ਹੈ ਆਪਣਾ ਡੇਰਾ ਉਹਨਾਂ ਦੇ ਉੱਤੇ ਤਾਣੇਗਾ।*

*ਓਹ ਫੇਰ ਭੁੱਖੇ ਨਾ ਹੋਣਗੇ ਨਾ ਫੇਰ ਤਿਹਾਏ ਹੋਣਗੇ ਨਾ ਧੁੱਪ ਨਾ ਕੋਈ ਲੂ ਓਹਨਾਂ ਉੱਤੇ ਪਵੇਗੀ ਕਿਉਂ ਜੋ ਲੇਲਾ ਜਿਹੜਾ ਸਿੰਘਾਸਣ ਦੇ ਵਿਚਕਾਰ ਹੈ ਉਹਨਾਂ ਦਾ ਅਯਾਲੀ ਹੋਵੇਗਾ ਅਤੇ ਉਹਨਾਂ ਨੂੰ ਅੰਮ੍ਰਿਤ ਜਲ ਦਿਆਂ ਸੋਤਿਆਂ ਕੋਲ ਲੈ ਜਾਵੇਗਾ ਅਤੇ ਪ੍ਰਮੇਸ਼ੁਰ ਓਹਨਾਂ ਦੀਆਂ ਅੱਖੀਆਂ ਤੋਂ ਹਰੇਕ ਅੰਝੂ ਪੂੰਝੇਗਾ।*

141 ਹੁਣ ਅਸੀਂ ਖੋਲ੍ਹਦੇ ਹਾਂ .....ਮੋਹਰ ਤੇ ਆਉਂਦੇ ਹਾਂ। ਕੀ ਤੁਸੀਂ ਧਿਆਨ ਦਿੱਤਾ ਉਹ ਪਹਿਲਾਂ ....ਸਨ ਹੁਣ ਅਸੀਂ ਪਹਿਲਾਂ ਇਸਰਾਏਲ ਤੋਂ ਸ਼ੁਰੂ ਕਰਦੇ ਹਾਂ।

142 ਫਿਰ ਅਸੀਂ ਸ਼ੁੱਧ ਕੀਤੀ ਗਈ ਕਲੀਸਿਯਾ ਨੂੰ ਵੇਖਦੇ ਹਾਂ, ਲਾੜੀ ਨੂੰ ਨਹੀਂ, ਕਲੀਸਿਯਾ ਕਸ਼ਟ ਕਾਲ ਰਾਹੀਂ ਸ਼ੁੱਧ ਕੀਤੀ ਜਾਂਦੀ ਹੈ(ਵੇਖਿਆ, ਸਮਝੇ?)ਅਸਲੀ ਇਮਾਨਦਾਰ ਹਿਰਦੇ ਦੇ ਬਹੁਤ ਸਾਰੇ ਲੋਕ ਜੋ ਕਿ ਮਹਾਂ ਕਲੇਸ਼ ਵਿੱਚੋਂ ਨਿੱਕਲੇ ਹਨ, ਵੇਖੋ ਇੱਥੇ ਆ ਰਹੇ ਹਨ। ਕਲੀਸਿਯਾ -ਲਾੜੀ ਨਹੀਂ ਉਹ ਤਾਂ ਚਲੀ ਗਈ ਹੈ। ਇੱਥੇ ਕਲੀਸਿਯਾ ਹੈ।



260 ਪ੍ਰੰਤੂ ਇਸ ਗੱਲ ਦੀ ਉਹ ਨਕਲ ਨਹੀਂ ਕਰ ਸੱਕਦਾ, ਇਹਦੀ ਕੋਈ ਨਕਲ ਨਹੀਂ ਹੋ ਸੱਕਦੀ ਕਿਉਂਕਿ ਉਹ ਇਹਨੂੰ ਨਹੀਂ ਜਾਣਦਾ ਹੈ ਇਹਨੂੰ ਜਾਨਣ ਦਾ ਕੋਈ ਢੰਗ ਨਹੀਂ ਹੈ। ਇਹ ਤੀਜੀ ਖਿੱਚ ਹੈ। ਉਹ ਇਹਦੇ ਬਾਰੇ ਵਿੱਚ ਕੁਝ ਨਹੀਂ ਜਾਣਦਾ। ਸਮਝੇ?ਉਹ ਇਹਨੂੰ ਨਹੀਂ ਸਮਝਦਾ।

261 ਪ੍ਰੰਤੂ ਉੱਥੇ ਇਹਦੇ ਹੇਠਾਂ ਇੱਕ ਭੇਤ ਹੈ [ਭਾਈ ਬ੍ਰਾਨਹਾਮ ਇੱਕ ਵਾਰ ਪੁਲਪਿਟ ਖੜਕਾਉਂਦੇ ਹਨ-ਸੰਪਾ] ਉਚਾਈਆਂ ਵਿੱਚ ਪ੍ਰਮੇਸ਼ੁਰ ਦੀ ਮਹਿਮਾਂ ਹੋਵੇ!ਮੈਂ ਆਪਣੇ ਬਾਕੀ ਜੀਵਨ ਵਿੱਚ ਕਦੇ ਵੀ ਉਸ ਤਰ੍ਹਾਂ ਨਹੀਂ ਸੋਚ ਸੱਕਦਾ ਸੀ ਜਦ ਮੈਂ ਉਸਨੂੰ ਵੇਖਿਆ ....ਹੁਣ, ਮੈਂ ਨਹੀਂ ਜਾਣਦਾ ਕੀ .....ਮੈਂ ਉੱਥੇ ਅਗਲਾ ਕਦਮ ਜਾਣਦਾ ਹਾਂ, ਪ੍ਰੰਤੂ ਮੈਂ ਨਹੀਂ ਜਾਣਦਾ ਕੀ, ਉਹਦਾ ਤਰਜ਼ਮਾ ਕਿਵੇਂ ਕਰਾਂ। ਇਹ ਜਿਆਦਾ ਲੰਬਾ ਨਹੀਂ ਹੋਵੇਗਾ। ਜਦ ਇਹ ਵਾਪਰਿਆ ਤਾਂ ਮੈਂ ਇੱਥੇ ਲਿਖਿਆ ਹੈ ਜੇ ਤੁਸੀਂ ਇੱਥੇ ਵੇਖ ਸੱਕਦੇ ਹੋ "ਰੁਕੋ। ਇਸ ਤੋਂ ਅੱਗੇ ਨਾ ਜਾਣਾ, ਇੱਥੋਂ ਅੱਗੇ। " ਮੇਰਾ ਝੁਕਾਅ ਕੱਟੜਪੰਥੀ ਹੋਣ ਦਾ ਨਹੀਂ ਹੈ। ਮੈਂ ਬਸ ਸੱਚਾਈ ਦੱਸ ਰਿਹਾ ਹਾਂ।

262 ਪ੍ਰੰਤੂ ਕੀ ਤੁਹਾਨੂੰ ਉਹ ਛੋਟਾ ਬੂਟ ਅਥਵਾ ਜੁੱਤੀ ਯਾਦ ਹੈ ਜਿਹਦਾ ਮੈਂ ਹਮੇਸ਼ਾਂ ਬਿਆਨ ਕਰਨ ਦਾ ਯਤਨ ਕੀਤਾ ਹੈ ਕਿ ਕਿਵੇਂ ਉਹ ਪ੍ਰਾਣ ਹਮੇਸ਼ਾਂ ਉਸ ਤੋਂ ਅੱਗੇ ਹੁੰਦਾ ਹੈ ਅਤੇ ਅੰਦਰੂਨੀ ਵਿਵੇਕ ਆਦਿ, ਆਦਿ ਅਤੇ ਇਸੇ ਤਰ੍ਹਾਂ ਦੀ ਚੀਜ਼?ਜਿਹਦੇ ਨਾਲ ਕਿ ਇਸ ਤੋਂ ਬਾਦ ਇੱਕ ਵੱਡਾ ਸਮੂਹ ਨਕਲ ਕਰਨ ਵਾਲਿਆਂ ਦਾ ਹੋ ਗਿਆ। ਕਿਵੇਂ ਤੁਸਾਂ ਲੋਕਾਂ ਦਾ ਹੱਥ ਫੜ੍ਹਨਾ ਅਤੇ ਲੋਕਾਂ ਨੂੰ ਛੂਹਣਾ ਹੈ ਅਤੇ ਤਰੰਗ ਅਥਵਾ ਕਾਂਬਾ ਹੈ, ਹਰ ਇੱਕ ਨੇ ਨਕਲ ਕਰਨੀ ਸ਼ੁਰੂ ਕਰ ਦਿੱਤੀ ਕਿ ਉਨ੍ਹਾਂ ਦੇ ਹੱਥਾਂ ਵਿੱਚ ਤਰੰਗ ਹੈ।

263 ਪ੍ਰੰਤੂ ਤੁਹਾਨੂੰ ਯਾਦ ਹੈ ਜਦ ਉਹ ਮੈਨੂੰ ਉੱਥੇ ਉੱਪਰ ਲੈ ਕੇ ਗਿਆ ਅਤੇ ਕਿਹਾ, "ਇਹ ਤੀਜੀ ਖਿੱਚ ਹੈ ਅਤੇ ਇਹਨੂੰ ਕੋਈ ਨਹੀਂ ਜਾਣੇਗਾ। ਕੀ ਤੁਹਾਨੂੰ ਇਹ ਯਾਦ ਹੈ?[ਸਭਾ ਆਖਦੀ ਹੈ, "ਆਮੀਨ। "-ਸੰਪਾ]ਦਰਸ਼ਣ ਕਦੇ ਵੀ ਅਸਫਲ ਨਹੀਂ ਹੁੰਦੇ ਹਨ, ਉਹ ਸੰਪੂਰਣ ਸੱਚ ਹਨ।

264 ਹੁਣ ਉਨ੍ਹਾਂ ਤਾਰਿਆਂ ਦੇ ਝੁੰਡ ਦਾ ਦਰਸ਼ਣ ਯਾਦ ਕਰੋ?ਚਾਰਲੀ, ਮੈਂ .....ਤੁਸੀਂ ਇੱਥੇ ਹੋ।

265 ਮੈਂ ਇਸ ਹਫਤੇ ਤੁਹਾਨੂੰ ਦੱਸਿਆ ਹੈ ਕਿ ਕੁਝ ਵਾਪਰ ਰਿਹਾ ਹੈ ਕਿ ਤੁਸੀਂ .....ਇਹ ਤੁਹਾਡੇ ਕੋਲ ਹੈ, ਪ੍ਰੰਤੂ ਮੈਨੂੰ ਹੈਰਾਨੀ ਹੈ ਕਿ ਜੇ ਤੁਸੀਂ ਇਹਦਾ ਧਿਆਨ ਕੀਤਾ ਹੈ।

266 ਉਨ੍ਹਾਂ ਸਵਰਗ ਦੂਤਾਂ ਦੇ ਦਰਸ਼ਣ ਦੇ ਉਸ ਝੁੰਡ ਨੂੰ ਯਾਦ ਰੱਖੋ ਜਦੋਂ ਮੈਂ ਅਰੀਜ਼ੋਨਾ ਜਾਣ ਲਈ ਇਸ ਜਗ੍ਹਾ ਤੋਂ ਗਿਆ?[ਸਭਾ ਆਖਦੀ ਹੈ, "ਆਮੀਨ। "-ਸੰਪਾ] "ਸ਼੍ਰੀ ਮਾਨੋਂ, ਇਹ ਕਿਹੜਾ ਸਮਾਂ ਹੈ ", ਸੰਦੇਸ਼ ਤੁਹਾਨੂੰ ਯਾਦ ਹੈ?["ਆਮੀਨ। "]ਕੀ ਤੁਹਾਨੂੰ ਉਹ ਯਾਦ ਹੈ?["ਆਮੀਨ। "]ਧਿਆਨ ਦਿਓ, ਉੱਥੇ ਸਿਰਫ ਇੱਕ ਗਰਜ਼ ਦਾ ਮਹਾਨ ਧਮਾਕਾ ਹੋਇਆ ਅਤੇ ਸੱਤ ਸਵਰਗ ਦੂਤ ਪ੍ਰਗਟ ਹੋਏ। ਕੀ ਇਹ ਠੀਕ ਹੈ? ["ਆਮੀਨ। "] ਗਰਜ਼ ਦਾ ਇੱਕ ਧਮਾਕਾ ਹੋਇਆ, ਸੱਤ ਸਵਰਗ ਦੂਤ ਪ੍ਰਗਟ ਹੋਏ।

*ਜਾਂ ਲੇਲੇ ਨੇ ਓਹਨਾਂ ਮੋਹਰਾਂ ਵਿੱਚੋਂ ਇੱਕ ਨੂੰ ਤੋੜ੍ਹਿਆ ਤਾਂ ਮੈਂ ਡਿੱਠਾ ਅਤੇ ਚੌਹਾਂ ਜੰਤੂਆਂ ਵਿੱਚੋਂ ਇੱਕ ਨੂੰ ਬੱਦਲ ਦੀ ਗਰਜ਼ ਜਿਹੀ ਅਵਾਜ਼ ਨਾਲ ਇਹ ਆਖਦੇ ਸੁਣਿਆ, ਭਈ ਆ ਜਾਹ ਅਤੇ ਵੇਖ।*

ਇਹਨੂੰ ਸਮਝ ਰਹੇ ਹੋ, ਪ੍ਰੰਤੂ ਉਹ ਇਹਨੂੰ ਨਹੀਂ ਜਾਣ ਸੱਕਦਾ ਹੈ। ਇੱਥੋਂ ਤੱਕ ਕਿ ਇਹ ਸ਼ਬਦਾਂ ਵਿੱਚ ਵੀ ਨਹੀਂ ਲਿਖਿਆ ਹੈ। ਇਹ ਪੂਰੀ ਤਰ੍ਹਾਂ ਗੁਪਤ ਹੈ।

254 ਸਾਰੇ ਸਵਰਗ ਦੂਤ, ਹਰ ਚੀਜ਼ ਬੰਦ ਹੋ ਗਿਆ ਜੇ ਉਹ ਜਰਾ ਵੀ ਹਰਕਤ ਕਰਦੇ ਤਾਂ ਇਸ ਤੋਂ ਕੋਈ ਸੰਕੇਤ ਮਿਲ ਜਾਂਦਾ ਇਸ ਲਈ ਉਹ ਬਸ ਰੁਕ ਗਏ, ਬਰਬਤ ਵਜਾਉਣੀਆਂ ਬੰਦ ਕਰ ਦਿੱਤੀਆਂ ;ਸੱਭ ਕੁਝ ਬੰਦ ਹੋ ਗਿਆ। ਇੱਕ ....

255 ਸੱਤ ਪ੍ਰਮੇਸ਼ੁਰ ਦਾ ਸੰਪੂਰਣ ਅੰਕ, ਸੱਤ [ਭਾਈ ਬ੍ਰਾਨਹਾਮ ਪੁਲਪਿਟ ਤੇ ਸੱਤ ਵਾਰ ਖੜਾਕ ਕਰਦੇ ਹਨ-ਸੰਪਾ] ਕੇਵਲ ਇੱਕ ਹੀ ਕਤਾਰ ਵਿੱਚ। ਸੱਤ ਗਰਜ਼ਾਂ ਲਗਾਤਾਰ ਅਵਾਜ਼ ਕਰਦੀਆਂ ਹਨ ਜਿਵੇਂ ਉਹ ਕਿਸੇ ਚੀਜ਼ ਨੂੰ ਲਿਖ ਰਹੀਆਂ ਹੋਣ। ਧਿਆਨ ਦਿਓ, ਉਸ ਵੇਲੇ ਯੂਹੰਨਾ ਇਹਨੂੰ ਲਿਖਣ ਲੱਗਾ ਸੀ, ਅਤੇ ਉਹਨੇ ਕਿਹਾ, "ਇਹਨੂੰ ਨਾ ਲਿਖ। "

256 ਯਿਸੂ ਨੇ ਇਹਦੇ ਬਾਰੇ ਵਿੱਚ ਕਦੇ ਕੁਝ ਨਹੀਂ ਬੋਲਿਆ। ਯੂਹੰਨਾ ਇਹਨੂੰ ਨਹੀਂ ਲਿਖ ਸਕਿਆ। ਸਵਰਗ ਦੂਤ ਇਹਦੇ ਬਾਰੇ ਵਿੱਚ ਕੁਝ ਨਹੀਂ ਜਾਣਦੇ ਹਨ। ਇਹ ਕੀ ਹੈ? ਇਹ ਹੀ ਉਹ ਗੱਲ ਹੈ ਜਿਹੜੀ ਪ੍ਰਭੂ ਯਿਸੂ ਨੇ ਕਹੀ, "ਇੱਥੋਂ ਤੱਕ ਕਿ ਇਹਦੇ ਬਾਰੇ ਵਿੱਚ ਸਵਰਗ ਦੇ ਦੂਤ ਵੀ ਕੁਝ ਨਹੀਂ ਜਾਣਦੇ ਹਨ। ਸਮਝੇ? ਉਹ ਆਪ ਵੀ ਇਹਨੂੰ ਨਹੀਂ ਜਾਣਦਾ। ਕਿਹਾ, ਬਸ ਪ੍ਰਮੇਸ਼ੁਰ ਹੀ ਇਹਨੂੰ ਜਾਣਦਾ ਹੈ।

257 ਪ੍ਰੰਤੂ ਉਸਨੇ ਸਾਨੂੰ ਦੱਸਿਆ, ਜਦੋਂ ਅਸੀਂ ਇਹਨਾਂ ਨਿਸ਼ਾਨਾਂ ਨੂੰ ਹੁੰਦੇ ਵੇਖਦੇ ਹਾਂ ....(ਹੁਣ, ਤੁਸੀਂ ਕਿਸੇ ਚੀਜ਼ ਤੇ ਪਹੁੰਚ ਰਹੇ ਹੋ?ਠੀਕ ਹੈ। )[ਸੰਗਤ "ਆਮੀਨ"ਆਖਦੀ ਹੈ-ਸੰਪਾ]ਧਿਆਨ ਦਿਓ, ਅਸੀਂ ਇਹਨਾਂ ਨਿਸ਼ਾਨਾਂ ਨੂੰ ਆਪਣੇ ਸਾਹਮਣੇ ਵੇਖ ਰਹੇ ਹਾਂ। ਸਮਝੇ? ਜੇ ਸ਼ੈਤਾਨ ਇਹਨੂੰ ਫੜ ਸਕੇ.....

258 ਜੇ ਤੁਸੀਂ ਚਾਹੁੰਦੇ ਹੋ ਕਿ ਕੁਝ ਵਾਪਰੇ ......ਹੁਣ ਤੁਹਾਨੂੰ ਇਹਦੇ ਲਈ ਮੇਰਾ ਇਹ ਸ਼ਬਦ ਲੈਣਾ ਹੀ ਪਵੇਗਾ। ਜੇ ਮੈਂ ਕੁਝ ਕਰਨ ਲਈ ਸਕੀਮ ਬਣਾ ਰਿਹਾ ਹਾਂ ਤਾਂ ਮੈਂ ਚੰਗਾ ਕਰਦਾ ਕਿ ਇਹਦੇ ਬਾਰੇ ਵਿੱਚ ਮੈਂ ਕਿਸੇ ਨੂੰ ਦੱਸਦਾ। ਉਹ ਆਦਮੀ ਤਾਂ ਇਹਨੂੰ ਨਹੀਂ ਦੱਸੇਗਾ ਪਰ ਸ਼ੈਤਾਨ ਇਹਨੂੰ ਸੁਣ ਲਵੇਗਾ। ਸਮਝੇ?ਉਹ ਉੱਥੇ ਮੇਰੇ ਦਿਲ ਵਿੱਚ ਨਹੀਂ ਆ ਸੱਕਦਾ ਹੈ ਜਦੋਂ ਤੱਕ ਕਿ ਪ੍ਰਮੇਸ਼ੁਰ ਨੇ ਪਵਿੱਤਰ ਆਤਮਾ ਨਾਲ ਇਹਨੂੰ ਬੰਦ ਕੀਤਾ ਹੋਇਆ ਹੈ ਇਸ ਲਈ ਇਹ ਮੇਰੇ ਅਤੇ ਖੁਦਾ ਦੇ ਵਿਚਕਾਰ ਹੈ। ਸਮਝੇ? ਉਹ ਇਹਨੂੰ ਤਦ ਤੱਕ ਨਹੀਂ ਜਾਣ ਸੱਕਦਾ ਜਦ ਤੱਕ ਤੁਸੀਂ ਬੋਲਦੇ ਨਹੀਂ ਤਦ ਉਹ ਇਹਨੂੰ ਸੁਣ ਲਵੇਗਾ। ਅਤੇ ਮੈਂ ਕੋਸ਼ਿਸ਼ ਕੀਤੀ .....ਮੈਂ ਲੋਕਾਂ ਨੂੰ ਦੱਸਦਾ ਹਾਂ ਕਿ ਮੈਂ ਫਲਾਂ-ਫਲਾਂ ਕੰਮ ਕਰਾਂਗਾ ਅਤੇ ਸ਼ੈਤਾਨ ਨੂੰ ਵੇਖਦਾ ਹਾਂ ਕਿ ਉਹ ਹਰੇਕ ਵੱਧਦੇ ਕਦਮ ਨੂੰ ਰੋਕਦਾ ਹੈ ਜਿਹੜਾ ਉਹ ਰੋਕ ਸੱਕਦਾ ਹੈ ਕਿ ਉੱਥੇ ਪਹੁੰਚ ਕੇ ਮੈਨੂੰ ਹਰਾ ਸਕੇ। ਪ੍ਰੰਤੂ ਜੇ ਮੈਂ ਖੁਦਾ ਕੋਲੋਂ ਪ੍ਰਕਾਸ਼ ਪ੍ਰਾਪਤ ਕਰਦਾ ਹਾਂ ਅਤੇ ਬਸ ਮੈਂ ਇਹਦੇ ਬਾਰੇ ਵਿੱਚ ਕੁਝ ਨਹੀਂ ਦੱਸਦਾ ਹਾਂ ਤਾਂ ਇਹ ਵੱਖ ਹੈ।

259 ਯਾਦ ਰੱਖੋ, ਸ਼ੈਤਾਨ ਨਕਲ ਕਰਨ ਦੀ ਕੋਸ਼ਿਸ਼ ਕਰੇਗਾ। ਉਹ ਹਰੇਕ ਉਸ ਗੱਲ ਦੀ ਨਕਲ ਕਰਨ ਦੀ ਕੋਸ਼ਿਸ਼ ਕਰੇਗਾ ਜੋ ਕਲੀਸਿਯਾ ਕਰੇਗੀ। ਉਹ ਕਰਨ ਦਾ ਯਤਨ ਕਰ ਰਿਹਾ ਹੈ। ਅਸੀਂ ਇਹਨੂੰ ਮਸੀਹ ਵਿਰੋਧੀ ਵਿੱਚ ਬੜੇ ਧਿਆਨ ਨਾਲ ਵੇਖਿਆ ਹੈ।



143 ਹੁਣ ਸਾਨੂੰ ਥੋੜੀ ਦੇਰ ਵਿੱਚ ਇਹ ਪਤਾ ਲੱਗਦਾ ਹੈ, ਯਿਸੂ ਨੇ ਆਖਿਆ, ਸਿੰਘਾਸਣ ਰੱਖਿਆ ਜਾਵੇਗਾ ਅਤੇ ਕਿਸ ਤਰ੍ਹਾਂ --ਉਹ ਨਿਆਂ ਵਿੱਚ ਖੜ੍ਹੇ ਹੋਣਗੇ, ਉਹਨਾਂ ਵਿੱਚੋਂ ਹਰ ਇੱਕ।

144 ਹੁਣ ਸਾਨੂੰ ਲੱਭਦਾ ਹੈ ਕਿ ਇਹ ਲੋਕ ਜੀਉਂਦੇ ਪ੍ਰਮੇਸ਼ੁਰ ਦੀ ਮੋਹਰ ਨਾਲ ਮੋਹਰਬੰਦ ਕੀਤੇ ਗਏ ਹਨ(ਕੀ ਇਹ ਠੀਕ ਹੈ?)ਇਹ ਯਹੂਦੀ। ਜੀਉਂਦੇ ਪ੍ਰਮੇਸ਼ਰ ਦੀ ਮੋਹਰ ਕੀ ਹੈ?

145 ਮੈਂ ਕਿਸੇ ਨੂੰ ਨਹੀਂ ਕਹਿ ਰਿਹਾ ਹਾਂ--ਕਿਸੇ ਦੀਆਂ ਭਾਵਨਾਵਾਂ ਨੂੰ ਚੋਟ ਨਹੀਂ ਮਾਰ ਰਿਹਾ ਹਾਂ। ਕੀ ਤੁਸੀਂ ਜਾਣਦੇ ਹੋ, ਮੈਂ ਬਹੁਤ ਸਾਰੇ ਉਨ੍ਹਾਂ ਵਿਦਵਾਨਾਂ ਨੂੰ ਪੜ੍ਹਿਆ ਅਤੇ ਜਿਨ੍ਹਾਂ ਨੇ ਇਹਦੇ ਤੇ ਲਿਖਿਆ ਹੈ ਅਤੇ ਦਾਵਾ ਕੀਤਾ ਹੈ ਕਿ ਇਹ ਝੁੰਡ ਜਿਹੜਾ ਇੱਥੇ ਲਹੂ ਨਾਲ ਧੋਇਆ ਗਿਆ ਹੈ ਅਸਲ ਵਿੱਚ ਲਾੜੀ ਹੈ ?

146 ਕੀ ਤੁਸੀਂ ਜਾਣਦੇ ਹੋ ਬਹੁਤ ਸਾਰੇ ਵਿਦਵਾਨ ਇਹ ਦਾਅਵਾ ਕਰਦੇ ਹਨ ਕਿ ਇੱਕ ਲੱਖ ਚੁਤਾਲੀ ਹਜ਼ਾਰ ਦੁਲਹਨ ਹੈ? ਕੀ .....ਇੱਥੇ ਕੋਈ ਚੀਜ਼ ਗਲਤ ਰੱਖੀ ਗਈ ਹੈ .....ਬਿਲਕੁੱਲ ਇੱਥੇ, ਕਿਉਂਕਿ ਹੁਣ ਕੁਝ ਗਲਤ ਹੈ।

147 ਧਿਆਨ ਦਿਓ, ਸਾਡੇ ਐਡਵੈਨਟਿਸਟ ਭਾਈ ਕਹਿੰਦੇ ਹਨ ਕਿ ਪ੍ਰਮੇਸ਼ੁਰ ਦੀ ਮੋਹਰ ਸਬਤ ਦੇ ਦਿਨ ਦੀ ਪਾਲਨਾ ਕਰਨਾ ਹੈ। (ਕੀ ਤੁਸੀਂ ਇਹ ਜਾਣਦੇ ਹੋ?); ਪਰ ਮੈਂ ਇਹਦੇ ਤੇ ਸਿਰਫ ਇੱਕ ਹੀ ਲਿਖਤ ਚਾਹੁੰਦਾ ਹਾਂ ਜੋ ਇਹ ਦੱਸੇ ਕਿ ਸਬਤ-ਜਾਂ ਸਬਤ ਦੇ ਦਿਨ ਦੀ ਪਾਲਨਾ ਕਰਨਾ ਪ੍ਰਮੇਸ਼ੁਰ ਦੀ ਮੋਹਰ ਹੈ। ਵੇਖੋ, ਇਹ ਤਾਂ ਕਿਸੇ ਨੇ ਆਪਣਾ ਹੀ ਵਿਚਾਰ ਘੜਿਆ ਹੈ।

148 ਪ੍ਰੰਤੂ ਜੇ ਅਫਸੀਆਂ 4:30 ਪੜ੍ਹੋ, ਇਹ ਕਹਿੰਦਾ ਹੈ, "ਪ੍ਰਮੇਸ਼ੁਰ ਦੇ ਪਵਿੱਤਰ ਆਤਮਾ ਨੂੰ ਦੁਖੀ ਨਾ ਕਰੋ ਜਿਹਦੇ ਦੁਆਰਾ ਤੁਹਾਡੇ ਤੇ ਛੁਟਕਾਰੇ ਦੇ ਦਿਨ ਤੱਕ ਮੋਹਰ ਲੱਗੀ ਹੋਈ ਹੈ। "ਜੀ ਹਾਂ, ਸ਼੍ਰੀਮਾਨ। ਜਦੋਂ ਵਿਚੋਲਗੀ ਦਾ ਕੰਮ ਖਤਮ ਹੋ ਜਾਂਦਾ ਹੈ ਅਰ ਤੁਸੀਂ ਆ ਜਾਂਦੇ ਹੋ ....ਮਸੀਹ ਆਪਣਿਆਂ ਨੂੰ ਛੁਡਾਉਣ ਲਈ ਆਉਂਦਾ ਹੈ। ਤੁਹਾਡੇ ਉੱਤੇ ਮੋਹਰ ਲਗਾ ਦਿੱਤੀ ਗਈ, ਅਗਲੀ ਬੇਦਾਰੀ ਤੱਕ ਨਹੀਂ। ਜਦੋਂ ਤੁਹਾਡੇ ਤੇ ਇੱਕ ਵਾਰੀ ਪਵਿੱਤਰ ਆਤਮਾ ਰਾਹੀਂ ਮੋਹਰ ਲਗਾ ਦਿੱਤੀ ਗਈ ਤਾਂ ਇਹ ਕੰਮ ਸਮਾਪਤ ਹੋ ਗਿਆ ਕਿ ਪ੍ਰਮੇਸ਼ੁਰ ਨੇ ਤੁਹਾਨੂੰ ਕੂਲ ਕਰ ਲਿਆ ਹੈ ਅਤੇ ਇਸ ਤੋਂ ਬਚਣ ਦਾ ਕੋਈ ਵੀ ਰਾਹ ਨਹੀਂ।

149 ਤੁਸੀਂ ਆਖਦੇ ਹੋ, " ਠੀਕ ਹੈ, ਇਹ ਮੇਰੇ ਕੋਲ ਸੀ ਅਤੇ ਮੈਂ ਛੱਡ ਗਿਆ। " ਨਹੀਂ, ਤੁਹਾਡੇ ਕੋਲ ਇਹ ਨਹੀਂ ਸੀ।

150 ਪ੍ਰਮੇਸ਼ੁਰ ਨੇ ਕਿਹਾ, "ਇਹ ਛੁਟਕਾਰੇ ਦੇ ਦਿਨ ਤੱਕ ਲਈ ਹੈ। ਹੁਣ, ਔਹ, ਤੁਸੀਂ ਬਸ ਉਸਦੇ ਨਾਲ ਤਰਕ ਕਰਦੇ ਹੋ ਅਤੇ ਤੁਸੀਂ ਵੇਖੋ ਕਿ ਇਸਦਾ ਕੀ ਅਰਥ ਹੈ। "ਤੁਹਾਡੇ ਛੁਟਕਾਰੇ ਦੇ ਦਿਨ ਤੱਕ ਲਈ। "

151 ਧਿਆਨ ਦਿਓ, ਜਿਵੇਂ ਕਿ ਉੱਥੇ ਸਨ......ਜਿਵੇਂ ਕਿ ਚੋਣ ਅਨੁਸਾਰ ਇਹ ਬਚੇ ਹੋਏ ਲੋਕ ਸਨ (ਜਿਹੜੇ ਹੁਣ ਯਹੂਦੀ ਹਨ)ਏਲੀਯਾਹ ਦੀ ਪਹਿਲੀ ਸੇਵਕਾਈ ਜਿਹੜੀ ਯਹੂਦੀਆਂ ਲਈ ਸੀ, ਉਸਦੇ ਦਿਨਾਂ ਵਿੱਚ ਚੋਣ ਦੇ ਰਾਹੀਂ ਬਚੇ ਹੋਏ ਲੋਕ, ਸੱਤ ਹਜ਼ਾਰ ਵਿਸ਼ਵਾਸ਼ੀ ਸਨ ਜੋ ਪ੍ਰਮੇਸ਼ੁਰ ਦੇ ਹੱਥ ਰਾਹੀਂ ਅਲੱਗ ਕੀਤੇ ਗਏ ਸਨ। ਹੁਣ ਇਨ੍ਹਾਂ ਬਚਿਆਂ ਹੋਇਆਂ ਦੇ ਸਮੇਂ ਵਿੱਚ ਉਹ ਇੱਕ

ਲੱਖ ਚੁਤਾਲੀ ਹਜ਼ਾਰ ਚੋਣ ਵਿੱਚ ਆਪਣੇ ਸਮੇਂ ਅਨੁਸਾਰ ਆ ਰਹੇ ਹਨ। ਤਾਂ ਕਿ ਉਸ ਸਮੇਂ ਦਾ ਸੰਦੇਸ਼ .....ਸੰਦੇਸ਼ ਤੇ ਵਿਸ਼ਵਾਸ਼ ਕਰਨ, ਉਹ ਇੱਕ ਲੱਖ ਚੁਤਾਲੀ ਹਜ਼ਾਰ ਹੋਣਗੇ।

152 ਹੁਣ ਤੁਸੀਂ ਆਖਦੇ ਹੋ, " ਹੇ ਭਾਈ ਜੀ ਜਰਾ ਕੁ ਇੱਕ ਮਿੰਟ, ਮੈਂ ਇਸ ਚੋਣ ਦੇ ਬਾਰੇ ਵਿੱਚ ਨਹੀਂ ਜਾਣਦਾ ਹਾਂ। ਠੀਕ ਹੈ, ਮੈਂ ਇਹਨੂੰ ਉੱਥੋਂ ਕਦੇ ਨਹੀਂ ਪੜ੍ਹਿਆ।

153 ਆਓ ਵੇਖੀਏ ਕੀ ਇਹ ਠੀਕ ਹੈ ਜਾਂ ਨਹੀਂ। ਆਓ ਮੱਤੀ ਦੀ ਕਿਤਾਬ ਕੱਢੀਏ ਅਤੇ ਉੱਥੇ ਵੇਖੀਏ ਜੇ ਅਸੀਂ ਇਸ ਵਿੱਚੋਂ ਕੁਝ ਨਹੀਂ ਲੱਭ ਸੱਕਦੇ ਹਾਂ। ਹੁਣ ਮੈਂ ਨਿਹਚਾ ਕਰਦਾ ਹਾਂ ਕਿ ਮੈਂ ਠੀਕ ਹਾਂ। ਮੈਂ ਇਹਨੂੰ ਇੱਥੇ ਲਿਖਿਆ ਹੋਇਆ ਨਹੀਂ ਸੀ ਪ੍ਰੰਤੂ ਇਹ ਹੁਣੇ ਹੀ ਮੇਰੇ ਦਿਮਾਗ ਵਿੱਚ ਆਇਆ। ਆਓ 30 ਆਇਤ ਦੇ ਅੰਤ ਵਿੱਚ ਵੇਖੀਏ, ਜਿੱਥੇ ਅਸੀਂ ਕੱਲ ਰਾਤ ਵੇਖਿਆ ਸੀ, ਛੇਵੀਂ ਮੋਹਰ ਦਾ ਖਾਤਮਾ 30 ਆਇਤ ਵਿੱਚ ਹੈ। ਹੁਣ ਆਓ ਅਸੀਂ ਇਹਨੂੰ ਪੜ੍ਹੀਏ ਅਤੇ ਵੇਖੀਏ ਕਿ ਅਸੀਂ ਕਿੱਥੇ ਪਹੁੰਚਣਾ ਹੈ, 31ਵੀਂ ਆਇਤ। ਸਮਝੇ? "ਉਹ ਮਨੁੱਖ ਦੇ ਪੁੱਤਰ ਨੂੰ ਮਹਿਮਾਂ ਵਿੱਚ ਆਉਂਦੇ ਵੇਖਣਗੇ। "ਹੁਣ 31 ਆਇਤ :

> *ਅਤੇ ਉਹ ਤੁਰਹੀ ਦੀ ਵੱਡੀ ਅਵਾਜ਼ ਨਾਲ ਆਪਣੇ ਦੂਤਾਂ ਨੂੰ ਭੇਜੇਗਾ ਅਰ ਓਹ ਚੌਹਾਂ ਕੂੰਟਾਂ ਤੋਂ ਅਕਾਸ਼ ਦੇ ਉਸ ਸਿਰੇ ਤੋਂ ਲੈਕੇ ਐਸ ਸਿਰੇ ਤੀਕਰ ਉਹ ਦੇ ਚੁਣਿਆਂ ਹੋਇਆਂ ਨੂੰ ਇੱਕਠਿਆਂ ਕਰਨਗੇ।*

154 ਚੁਣੇ ਹੋਏ ਬਾਹਰ ਆਉਣਗੇ। ਇਹ ਕੀ ਹੈ? ਅਤੇ ਕਸ਼ਟ ਕਾਲ ......ਪ੍ਰਮੇਸ਼ੁਰ ਆਪਣੇ ਚੁਣਿਆਂ ਹੋਇਆਂ ਨੂੰ ਬੁਲਾਵੇਗਾ ਅਤੇ ਉਸ ਵੇਲੇ ਦੇ ਉਸਦੇ ਚੁਣੇ ਹੋਏ ਯਹੂਦੀ ਹਨ। ਬਾਈਬਲ ਇਹਦੇ ਬਾਰੇ ਦੱਸਦੀ ਹੈ। ਪੌਲੁਸ ਇਹਦੇ ਬਾਰੇ ਦੱਸਦਾ ਹੈ, ਚੁਣੇ ਜਾਣ ਦੇ ਅਨੁਸਾਰ, ਲੱਖਾਂ ਲੋਕਾਂ ਵਿੱਚੋਂ ਸਿਰਫ ਇੱਕ ਲੱਖ ਚੁਤਾਲੀ ਹਜ਼ਾਰ ਹੋਣਗੇ ਜੋ ਕਿ ਸੰਦੇਸ਼ ਤੇ ਨਿਹਚਾ ਕਰਨਗੇ।

155 ਏਲੀਯਾਹ ਦੀ ਭਵਿੱਖਬਾਣੀ ਦੇ ਦਿਨਾਂ ਵਿੱਚ ਉੱਥੇ ਫਲਸਤੀਨ ਵਿੱਚ ਲੱਖਾਂ ਸਨ ਅਤੇ ਲੱਖਾਂ ਵਿੱਚੋਂ ਬਸ ਸੱਤ ਹਜ਼ਾਰ ਬਚੇ ਸਨ।

156 ਹੁਣ ਚੁਣੇ ਜਾਣ ਦੇ ਅਨੁਸਾਰ, ਜਦ ਕਿ ਲੱਖਾਂ ਯਹੂਦੀ ਅਪਣੇ ਦੇਸ਼ ਵਿੱਚ ਇੱਕਠੇ ਹੋ ਰਹੇ ਹਨ। ਇਹ ਦੇਸ਼ ਬਣ ਚੁੱਕਾ ਹੈ। ਉੱਥੇ ਲੱਖਾਂ ਹੀ ਹੋਣਗੇ ਪ੍ਰੰਤੂ ਇੱਕ ਲੱਖ ਚੁਤਾਲੀ ਹਜ਼ਾਰ ਲੈ ਲਏ ਜਾਣਗੇ ਜੋ ਕਿ ਚੁਣੇ ਹੋਏ ਹਨ। ਉਹ ਸੰਦੇਸ਼ ਨੂੰ ਸੁਣਨਗੇ।

157 ਇਹ ਹੀ ਗੱਲ ਗੈਰ ਕੌਮਾਂ ਦੀ ਕਲੀਸਿਯਾ ਨਾਲ ਹੈ। ਉੱਥੇ ਇੱਕ ਲਾੜੀ ਹੈ ਅਤੇ ਉਹ ਚੁਣੀ ਹੋਈ ਹੈ, ਅਤੇ ਉਹ ਚੋਣ ਦੇ ਅਨੁਸਾਰ ਬੁਲਾਏਗਾ। ਧਿਆਨ ਦਿਓ ਇਹ ਸਿੱਧ ਕਲੀਸਿਯਾ ਦਾ ਨਮੂਨਾ ਹੈ ਉਨ੍ਹਾਂ ਚੁਣੇ ਹੋਇਆਂ ਵਿਸ਼ਵਾਸ਼ੀਆਂ ਦਾ।

158 ਦੂਸਰੇ ਵਿਸ਼ਵਾਸ਼ ਨਹੀਂ ਕਰਦੇ ਹਨ। ਤੁਸੀਂ ਸਿਰਫ ਇਹ ਦੱਸ ਸੱਕਦੇ ਹੋ। ਤੁਸੀਂ ਇੱਕ ਆਦਮੀ ਨੂੰ ਸੱਚ ਦੱਸੋ ਅਤੇ ਉਹਨੂੰ ਵਚਨ ਦੇ ਨਾਲ ਸਿੱਧ ਹੋਣ ਦਿਓ ਅਤੇ ਫਿਰ ਸਾਬਤ ਹੋਣ ਦਿਓ। ਉਹ ਕਹਿੰਦਾ ਹੈ, "ਮੈਂ ਇਹਦਾ ਵਿਸ਼ਵਾਸ਼ ਨਹੀਂ ਕਰਦਾ ਹਾਂ। " ਤੁਸੀਂ ਬਸ .......

159 ਉਸਦੇ ਨਾਲ ਜਿਆਦਾ ਮੂਰਖ ਨਾ ਬਣੋ। ਯਿਸੂ ਨੇ ਕਿਹਾ ਨਾ ਬਣੋ। ਕਿਹਾ ਕਿ ਇਹ ਇਸ ਤਰ੍ਹਾਂ ਹੈ ਜਿਵੇਂ ਸੂਰ ਦੇ ਅੱਗੇ ਮੋਤੀ ਸੁੱਟਣਾ। ਸਮਝੇ? ਕਿਹਾ ਉਨ੍ਹਾਂ ਨੂੰ ਛੱਡ ਦਿਓ। ਉਹ ਮੁੜਨਗੇ



247 ਮੈਂ ਕੁਝ ਕਿਹਾ ਹੈ ਹੋ ਸੱਕਦਾ ਹੈ ਕਿ ਇਹ ਕੁਝ ਲੋਕਾਂ ਨੂੰ ਅਜੀਬ ਲੱਗੇ, ਪਰ ਜਦੋਂ ਖੁਦਾ ਇਸਦੇ ਪਿੱਛੇ ਆਉਂਦਾ ਹੈ ਅਤੇ ਇਸ ਨੂੰ ਸਾਬਤ ਕਰਦਾ ਹੈ ਕਿ ਇਹ ਸੱਚ ਹੈ ਤਾਂ ਇਹ ਖੁਦਾ ਦਾ ਵਚਨ ਹੈ। ਸਮਝੇ?ਉਸ ਢੰਗ ਦੇ ਨਾਲ ਇਹ ਅਜੀਬ ਹੋ ਸੱਕਦਾ ਹੈ। ਵੇਖਿਆ?

248 ਅਤੇ ਅੱਜ ਰਾਤ ਜਿੰਨੇ ਪੱਕੇ ਰੂਪ ਵਿੱਚ ਮੈਂ ਇੱਥੇ ਪੁਲਪਿਟ ਤੇ ਖੜ੍ਹਾ ਹਾਂ, ਮੇਰੇ ਕੋਲ ਇਹ ਪ੍ਰਕਾਸ਼ ਸੀ ਜੋ ਪ੍ਰਗਟ ਕੀਤਾ ਗਿਆ ਹੈ ......ਇਹ ਤਿੰਨ ਪੱਖੇ ਢੰਗ ਨਾਲ ਹੈ। ਮੈਂ ਪ੍ਰਮੇਸ਼ੁਰ ਦੀ ਮੱਦਦ ਨਾਲ ਇਹਨਾਂ ਪੱਖਾਂ ਦੇ ਬਾਰੇ ਵਿੱਚ ਤੁਹਾਨੂੰ ਦੱਸਾਂਗਾ। ਅਤੇ ਫਿਰ ਤੁਸੀਂ ....ਆਓ ਪਹਿਲਾਂ ਅਸੀਂ ਇਹਨੂੰ ਲਈਏ। ਇੱਥੇ ਇਹ ਪ੍ਰਕਾਸ਼ ਸ਼ੁਰੂ ਹੁੰਦਾ ਹੈ ਜੋ ਕਿ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਕੀ ਹੈ। ਕੀ ਵਾਪਰਿਆ ਉਹ ਇਹ ਹੈ ....ਉਹ ਸੱਤ ਗਰਜਾਂ ਜਿਹੜੀਆਂ ਗਰਜਾਂ ਉਸਨੇ ਸੁਣੀਆਂ ਅਤੇ ਉਨ੍ਹਾਂ ਨੂੰ ਲਿਖਣ ਤੋਂ ਮਨ੍ਹਾ ਕਰ ਦਿੱਤਾ ਗਿਆ ਇਹ ਹੀ ਉਹ ਭੇਤ ਹੈ ਜੋ ਉਨਾਂ ਲਗਾਤਾਰ ਹੋਣ ਵਾਲੀਆਂ ਗਰਜ਼ਾਂ ਦੇ ਪਿੱਛੇ ਹੈ। [ਭਾਈ ਬ੍ਰਨਹਾਮ ਕਈ ਵਾਰ ਪੁਲਪਿਟ ਨੂੰ ਖੜਕਾਉਂਦੇ ਹਨ]

249 ਹੁਣ, ਕਿਉਂ? ਆਓ ਇਹਨੂੰ ਸਾਬਤ ਕਰੀਏ। ਕਿਉਂ?ਇਹ ਉਹ ਭੇਤ ਹੈ ਜਿਹਦੇ ਬਾਰੇ ਵਿੱਚ ਕੋਈ ਨਹੀਂ ਜਾਣਦਾ। ਯੂਹੰਨਾ ਨੂੰ ਇਹਦੇ ਬਾਰੇ ਵਿੱਚ ਲਿਖਣ ਤੋਂ ਮਨ੍ਹਾ ਕਰ ਦਿੱਤਾ ਸੀ, ਇੱਥੋਂ ਤੱਕ ਕਿ ਇੱਕ ਚਿੰਨ੍ਹ ਦੇ ਬਾਰੇ ਵਿੱਚ ਵੀ ਨਹੀਂ। ਕਿਉਂ? ਇਹ ਹੀ ਕਾਰਨ ਸੀ ਕਿ ਉੱਥੇ ਸੁਰਗ ਵਿੱਚ ਕੋਈ ਹਿਲ-ਜੁਲ ਨਹੀਂ ਸੀ ; ਇਹ ਭੇਤ ਨੂੰ ਪ੍ਰਗਟ ਕਰ ਸੱਕਦੀ ਸੀ। ਕੀ ਹੁਣ ਤੁਸੀਂ ਇਹਨੂੰ ਵੇਖਦੇ ਹੋ? [ਸੰਗਤ "ਆਮੀਨ" ਆਖਦੀ ਹੈ-ਸੰਪਾ]

250 ਜੇ ਇਹ ਏਡੀ ਮਹਾਨ ਗੱਲ ਹੈ ਤਾਂ ਇਹਨੂੰ ਜਰੂਰ ਸ਼ਾਮਿਲ ਕਰ ਲੈਣਾ ਚਾਹੀਦਾ ਹੈ, ਕਿਉਂਕਿ ਇਹ ਤਾਂ ਵਾਪਰਨਾ ਹੀ ਹੈ, ਪ੍ਰੰਤੂ ਜਦੋਂ ਸੱਤ ਗਰਜ਼ਾਂ ........

251 ਹੁਣ ਧਿਆਨ ਦਿਓ। ਜਦ ਸੱਤ ਦੂਤ ਆਪਣੀਆਂ ਤੁਰ੍ਹੀਆਂ ਵਜਾਉਣ ਲਈ ਆਏ ਤਾਂ ਉੱਥੇ ਇੱਕ ਗਰਜ਼ ਸੀ [ਭਾਈ ਬ੍ਰਾਨਹਾਮ ਪੁਲਪਿਟ ਤੇ ਇੱਕ ਵਾਰ ਟੱਕ ਦੀ ਅਵਾਜ਼ ਕਰਦੇ ਹਨ-ਸੰਪਾ] ਜਦੋਂ ਇਸਰਾਏਲ ਇਕੱਠਾ ਹੋਇਆ ਸੀ ਤਾਂ ਉੱਥੇ ਇੱਕ ਤੁਰ੍ਹੀ ਸੀ। ਜਦ ਸਮਾਂ ਹੋਰ ਨਹੀਂ ਹੋਵੇਗਾ, ਉਹ ਆਖਰੀ ਤੁਰ੍ਹੀ ....ਇੱਕ ਗਰਜ਼।

252 ਪ੍ਰੰਤੂ ਇੱਥੇ ਸੱਤ ਗਰਜ਼ਾਂ ਲਗਾਤਾਰ ਇੱਕ ਕਤਾਰ ਵਿੱਚ ਹਨ : ਇੱਕ, ਦੋ, ਤਿੰਨ, ਚਾਰ, ਪੰਜ, ਛੇ, ਸੱਤ, ਇਹ ਸੰਪੂਰਣ ਅੰਕ ਹੈ। ਸੱਤ ਗਰਜ਼ਾਂ ਇੱਕ ਕਤਾਰ ਵਿੱਚ, ਅਵਾਜ਼ ਨਹੀਂ .....ਸਿਰਫ, ਸਿਰਫ ਲਗਾਤਾਰ ਇੱਕ, ਦੋ, ਤਿੰਨ, ਚਾਰ, ਪੰਜ, ਛੇ, ਸੱਤ। [ਭਾਈ ਬ੍ਰਾਨਹਾਮ ਪੁਲਪਿਟ ਤੇ ਲਗਾਤਾਰ ਸੱਤ ਵਾਰ ਟੱਕ, ਟੱਕ ਦੀ ਅਵਾਜ ਕਰਦੇ ਹਨ-ਸੰਪਾ]ਤਦ ਸਵਰਗ ਇਹਨੂੰ ਨਹੀਂ ਲਿਖ ਸਕੇ। ਸਵਰਗ ਇਹਦੇ ਬਾਰੇ ਵਿੱਚ ਨਹੀਂ ਜਾਣ ਸੱਕਦੇ, ਕੁਝ ਵੀ ਨਹੀਂ, ਕਿਉਂਕਿ ਉੱਥੇ ਕੁਝ ਹੋ ਹੀ ਨਹੀਂ ਰਿਹਾ ਹੈ। ਇਹ ਅਰਾਮ ਦਾ ਸਮਾਂ ਸੀ। ਇਹ ਏਡਾ ਮਹਾਨ ਸੀ ਕਿ ਇਸ ਭੇਤ ਨੂੰ ਸਵਰਗ ਦੂਤਾਂ ਤੋਂ ਵੀ ਛੁਪਾ ਕੇ ਰੱਖਿਆ ਗਿਆ।

253 ਹੁਣ ਕਿਉਂ?ਜੇ ਸ਼ੈਤਾਨ ਨੂੰ ਇਹਦਾ ਪਤਾ ਲੱਗ ਜਾਵੇ ਤਾਂ ਉਹ ਇੱਕ ਵੱਡਾ ਨੁਕਸਾਨ ਕਰ ਸੱਕਦਾ ਹੈ। ਇੱਕ ਚੀਜ਼ ਹੈ ਜਿਹੜੀ ਉਹ ਨਹੀਂ ਜਾਣਦਾ। ਉਹ ਜਿਹਦੀ ਚਾਹੇ ਵਿਆਖਿਆ ਕਰ ਸੱਕਦਾ ਹੈ ਅਤੇ ਕਿਸੇ ਵੀ ਵਰਦਾਨ ਦੀ ਨਕਲ ਕਰ ਸੱਕਦਾ ਹੈ, ਮੈਂ ਉਮੀਦ ਕਰਦਾ ਹਾਂ ਕਿ ਤੁਸੀਂ

ਕੀ ਹੈ? ਸਵਰਗ ਵਿੱਚ ਚੁੱਪ ਚਾਣ ਛਾ ਗਈ। ਅੱਧੇ ਘੰਟੇ ਤੱਕ ਕੋਈ ਵੀ ਹਿਲ-ਜੁਲ ਨਹੀਂ ਹੋਈ ਸੀ।

239 ਹੁਣ, ਅੱਧਾ ਘੰਟਾ, ਜੇ ਤੁਹਾਡੇ ਕੋਲ ਵਧੀਆ ਸਮਾਂ ਹੈ ਤਾਂ ਇਹ ਇਹ ਲੰਬਾ ਨਹੀਂ ਹੋ ਸੱਕਦਾ ਹੈ, ਪ੍ਰੰਤੂ ਜ਼ਿੰਦਗੀ ਅਤੇ ਮੌਤ ਦੇ ਵਿੱਚਕਾਰ ਦੇ ਭੇਤ ਵਿੱਚ ਇਹ ਹਜ਼ਾਰ ਸਾਲ ਵਰਗਾ ਪ੍ਰਤੀਤ ਹੁੰਦਾ ਹੈ। ਇਹ ਇੰਨਾ ਮਹਾਨ ਸੀ, ਯਿਸੂ ਨੇ ਇਸਦਾ ਕਦੇ ਜ਼ਿਕਰ ਨਹੀਂ ਕੀਤਾ : ਉਹਨਾਂ ਬਾਕੀਆਂ ਵਿੱਚੋਂ ਵੀ ਕਿਸੇ ਨੇ ਨਹੀਂ ਕੀਤਾ।

240 ਇੱਥੋਂ ਤੱਕ ਕਿ ਯੂਹੰਨਾ ਇਹਨੂੰ ਲਿਖ ਵੀ ਨਾ ਸਕਿਆ। ਇੱਥੇ ਉਸਨੂੰ ਲਿਖਣ ਤੋਂ ਮਨ੍ਹਾ ਕਰ ਦਿੱਤਾ ਗਿਆ ਸੀ। [ਭਾਈ ਬ੍ਰਾਨਹਾਮ ਦੋ ਵਾਰ ਆਪਣੀ ਬਾਈਬਲ ਨੂੰ ਥਪਥਪਾਉਂਦੇ ਹਨ] ਵੇਖੋ, ਉੱਥੇ ਸਿਰਫ... ਉਸਨੇ ਬਸ.....ਉਸਨੇ ਇਹਨੂੰ ਨਹੀਂ ਲਿਖਿਆ, ਪ੍ਰੰਤੂ ਇਹ ਬਿਲਕੁੱਲ ਚੁੱਪ ਹੈ।

241 ਉਹ ਚੱਵੀ ਬਜ਼ੁਰਗ ਜਿਹੜੇ ਪ੍ਰਮੇਸ਼ੁਰ ਦੇ ਸਾਹਮਣੇ ਖੜ੍ਹੇ ਸਨ ਉਹ ਆਪਣੀਆਂ ਰਬਾਬਾਂ ਵਜਾ ਰਹੇ ਸਨ, ਉਹਨਾਂ ਨੇ ਆਪਣੀਆਂ ਰਬਾਬਾਂ ਵਜਾਉਣੀਆਂ ਬੰਦ ਕਰ ਦਿੱਤੀਆਂ। ਸਵਰਗ ਦੂਤਾਂ ਨੇ ਸਵਰਗ ਵਿੱਚ ਆਪਣਾ ਗੀਤ ਗਾਉਣਾ ਬੰਦ ਕਰ ਦਿੱਤਾ।

242 ਸੋਚੋ, ਪਵਿੱਤਰ ਕਰੂਬੀ ਅਤੇ ਸਰਾਫੀਮ ਜਿਨ੍ਹਾਂ ਨੂੰ ਯਸਾਯਾਹ ਨੇ ਛੇ ਜੋੜਿਆਂ ......ਜਾਂ ਤਿੰਨ ਜੋੜੇ ਖੰਭਾਂ ਦੇ ਨਾਲ ਭਵਨ ਵਿੱਚ ਵੇਖਿਆ ਸੀ। ਤਿੰਨ ...ਦੋ ਉਨ੍ਹਾਂ ਦੇ ਮੂੰਹ ਤੇ ਦੋ ਉਨ੍ਹਾਂ ਦੇ ਪੈਰਾਂ ਤੇ ਅਤੇ ਦੋ ਨਾਲ ਉਹ ਉਡ ਰਹੇ ਸਨ। ਅਤੇ ਦਿਨ ਰਾਤ ਉਹ ਪ੍ਰਭੂ ਦੇ ਸਾਮ੍ਹਣੇ ਪਵਿੱਤਰ, ਪਵਿੱਤਰ ਪ੍ਰਭੂ ਪ੍ਰਮੇਸ਼ੁਰ ਸ਼ਕਤੀਸ਼ਾਲੀ ਹੈ ਗਾਉਂਦੇ ਰਹਿੰਦੇ ਹਨ। ਅਤੇ ਇੱਥੋਂ ਤੱਕ ਕਿ ਜਦੋਂ ਉਹ ਅੰਦਰ ਆਉਂਦੇ ਹਨ, ਜਾਂ ਭਵਨ ਦੇ ਅੰਦਰ ਆਉਂਦੇ ਹਨ ਤਾਂ ਭਵਨ ਉਨ੍ਹਾਂ ਦੀ ਹਜ਼ੂਰੀ ਨਾਲ ਹਿੱਲ ਗਿਆ।

243 ਅਤੇ ਇਹ ਪਵਿੱਤਰ ਸਰਾਫੀਮ ਚੁੱਪ ਹੋ ਗਏ। ਸਵਰਗ ਦੂਤਾਂ ਨੇ ਗੀਤ ਗਾਉਣਾ ਬੰਦ ਕਰ ਦਿੱਤਾ। (ਔਹ!)ਪ੍ਰਮੇਸ਼ੁਰ ਦੀ ਹਜ਼ੂਰੀ ਵਿੱਚ ਉਡਦੇ ਹੋਏ ਪਵਿੱਤਰ ਪਵਿੱਤਰ ਗਾਉਂਦੇ ਹਨ। ਉਹ ਚੁੱਪ ਹੋ ਗਏ। ਕੋਈ ਵੀ ਸਵਰਗ ਦੂਤ ਨਹੀਂ ਗਾ ਰਿਹਾ ਸੀ। ਕੋਈ ਧੰਨਵਾਦ ਨਹੀਂ, ਨਹੀਂ-ਕੋਈ ਵੇਦੀ ਦੀ ਸੇਵਾ ਨਹੀਂ ਹੈ। ਕੁਝ ਵੀ ਨਹੀਂ। ਉੱਥੇ ਚੁੱਪ ਸੀ; ਸੁਰਗ ਵਿੱਚ ਅੱਧੇ ਘੰਟੇ ਲਈ ਬਿਲਕੁੱਲ ਸ਼ਾਂਤੀ ਸੀ।

244 ਛੁਟਕਾਰੇ ਦੀ ਪੋਥੀ ਵਿੱਚੋਂ ਜਦੋਂ ਇਸ ਸੱਤਵੀਂ ਮੋਹਰ ਦਾ ਭੇਤ ਖੋਲ੍ਹਿਆ ਗਿਆ ਤਾਂ ਸਵਰਗ ਦੀ ਸਾਰੀ ਸੈਨਾ ਇਸ ਅੱਧੇ ਘੰਟੇ ਲਈ ਚੁੱਪ ਹੋ ਗਈ। ਇਸਦੇ ਬਾਰੇ ਸੋਚੋ, ਪ੍ਰੰਤੂ ਇਹ ਤੋੜੀ ਗਈ। ਲੇਲੇ ਨੇ ਇਸਨੂੰ ਤੋੜਿਆ। ਤੁਹਾਨੂੰ ਪਤਾ ਹੈ ਕੀ? ਮੈਂ ਵਿਸ਼ਵਾਸ਼ ਕਰਦਾ ਹਾਂ ਉਹ ਆਦਰ ਰੂਪੀ ਭੈ ਨਾਲ ਭਰ ਗਏ ਸਨ। ਉਨ੍ਹਾਂ ਨੂੰ ਇਹਦਾ ਪਤਾ ਨਹੀਂ ਸੀ। ਉਹ ਬਸ ਰੁਕ ਗਏ।

245 ਕਿਉਂ ? ਇਹ ਕੀ ਹੈ? ਹੁਣ ਸਾਡੇ ਵਿੱਚੋਂ ਕੋਈ ਨਹੀਂ ਜਾਣਦਾ;ਪ੍ਰੰਤੂ ਆਪਣੇ ਇਸ ਪ੍ਰਕਾਸ਼ ਵਿੱਚ ਮੈਂ ਤੁਹਾਨੂੰ ਦੱਸਣ ਜਾ ਰਿਹਾ ਹਾਂ।

246 ਅਤੇ ਹੁਣ ਮੇਰਾ ਇਰਾਦਾ ਕੱਟੜਪੰਥੀ ਹੋਣ ਦਾ ਨਹੀਂ ਹੈ ਜੇ ਮੈਂ ਹਾਂ ਤਾਂ ਮੈਂ ਇਸ ਤੋਂ ਅਨਜਾਣ ਹਾਂ। ਮੈਂ ਆਪਣੇ ਆਪ ਨੂੰ ਬੁਰੀ ਇੱਛਾ ਰੱਖਣ ਵਾਲਾ ਅਤੇ ਕਾਲਪਨਿਕ ਚੀਜ਼ਾਂ ਵਾਲਾ ਨਹੀਂ ਹੋਣ ਦਿੱਤਾ ਹੈ।



ਅਤੇ ਤੁਹਾਨੂੰ ਆਪਣੇ ਪੈਰਾਂ ਦੇ ਹੇਠਾਂ ਮਿੱਧ ਦੇਣਗੇ। ਉਹ ਤੁਹਾਡਾ ਮਜ਼ਾਕ ਉਡਾਉਣਗੇ, ਬਸ ਚਲੇ ਜਾਓ ਅਤੇ ਉਨ੍ਹਾਂ ਨੂੰ ਛੱਡ ਦਿਓ। ਜੇ ਅੰਨ੍ਹਾ ਅੰਨ੍ਹੇ ਨੂੰ ਰਾਹ ਵਿਖਾਵੇ ਤਾਂ ......

160 ਜਿਆਦਾ ਸਮਾਂ ਨਹੀਂ ਹੋਇਆ ਮੈਂ ਇੱਕ ਆਦਮੀ ਕੋਲ ਗਿਆ ਸਗੋਂ ਉਹ ਮੇਰੇ ਕੋਲ ਆਇਆ ਉਹ ਆਲੇ ਦੁਆਲੇ ਸਾਰੇ ਰੱਬੀ ਚੰਗਾਈ ਦਾ ਵਿਰੋਧ ਕਰ ਰਿਹਾ ਸੀ ਅਤੇ ਉਹ ਆਇਆ ਅਤੇ ਆਖਣ ਲੱਗਾ, "ਮੈਂ ਤੁਹਾਡੀ ਰੱਬੀ ਚੰਗਾਈ ਵਿੱਚ ਵਿਸ਼ਵਾਸ਼ ਨਹੀਂ ਕਰਦਾ ਹਾਂ। "

161 ਮੈਂ ਕਿਹਾ, " ਮੇਰੀ, ਮੇਰਾ ਅੰਦਾਜ਼ਾ ਹੈ ਕਿ ਇਹ ਕੋਈ ਵਧੀਆ ਗੱਲ ਨਹੀਂ ਹੋਵੇਗੀ ਕਿਉਂਕਿ ਮੇਰੇ ਕੋਲ ਕੁਝ ਨਹੀਂ ਹੈ ਅਤੇ ਉਹ .....ਮੈਂ ਕਿਹਾ, " ਪ੍ਰੰਤੂ ਪ੍ਰਮੇਸ਼ੁਰ ਸਿੱਧ ਹੈ। "

ਉਸਨੇ ਕਿਹਾ, "ਇਸ ਤਰ੍ਹਾਂ ਦੀ ਕੋਈ ਚੀਜ਼ ਨਹੀਂ ਹੈ। "

162 ਮੈਂ ਕਿਹਾ, ਪਿਆਰੇ ਦੋਸਤ, ਤੂੰ ਇਹ ਕਹਿਣ ਵਿੱਚ ਬਹੁਤ ਦੇਰ ਕਰ ਦਿੱਤੀ, ਹਾਂ ਜੀ ਤੂੰ ਦੇਰ ਕਰ ਦਿੱਤੀ -ਇਹਦੇ ਲਈ ਤੂੰ ਬਹੁਤ ਇੰਤਜ਼ਾਰ ਕੀਤਾ। ਇਹ ਵਿਵਾਦ ਤੁਸੀਂ ਕੁਝ ਸਾਲ ਪਹਿਲਾਂ ਕਰ ਸੱਕਦੇ ਸੀ ਪ੍ਰੰਤੂ ਹੁਣ ਤਾਂ ਦੂਸਰਾ ਯੁੱਗ ਸ਼ੁਰੂ ਹੋ ਗਿਆ ਹੈ। ਵੇਖੋ, ਹੁਣ ਤਾਂ ਲੱਖਾਂ ਲੋਕ ਗਵਾਹੀ ਦੇ ਰਹੇ ਹਨ। ਮੈਂ ਕਿਹਾ, "ਮਿੱਤਰ ਹੁਣ ਤਾਂ ਤੂੰ ਇਹ ਕਹਿਣ ਵਿੱਚ ਬਹੁਤ ਦੇਰ ਕਰ ਦਿੱਤੀ ਹੈ।"

163 ਉਸਨੇ ਕਿਹਾ--ਉਹਨੇ ਕਿਹਾ, " ਮੈਂ ਇਹਦਾ ਵਿਸ਼ਵਾਸ਼ ਨਹੀਂ ਕਰਦਾ, ਮੈਂ ਇਹਦੀ ਪ੍ਰਵਾਹ ਨਹੀਂ ਕਰਦਾ ਕਿ ਤੁਸੀਂ ਕੀ ਕਰਦੇ ਹੋ।

ਮੈਂ ਕਿਹਾ, "ਯਕੀਨਨ ਨਹੀਂ, ਤੁਸੀਂ ਨਹੀਂ ਕਰ ਸੱਕਦੇ ਹੋ। " ਸਮਝੇ?

164 ਉਸਨੇ ਕਿਹਾ, " ਮੈਨੂੰ ਅੰਨ੍ਹਾ ਕਰ ਦੇਹ। " ਕਹਿਣ ਲੱਗਾ, " ਜੇ ਤੇਰੇ ਕੋਲ ਸੱਚ-ਮੁੱਚ ਪੋਲੂਸ ਵਾਂਗ ਪਵਿੱਤਰ ਆਤਮਾ ਹੈ "ਤਾਂ "ਮੈਨੂੰ ਅੰਨ੍ਹਾ ਕਰ ਦੇ। "

165 ਮੈਂ ਕਿਹਾ, ਮੈਂ ਇਹ ਕਿਵੇਂ ਕਰ ਸੱਕਦਾ ਹਾਂ ਤੂੰ ਤਾਂ ਪਹਿਲਾਂ ਹੀ ਅੰਨ੍ਹਾ ਹੈਂ ?" ਮੈਂ ਕਿਹਾ, "ਤੇਰੇ ਪਿਤਾ ਨੇ ਸੱਚਾਈ ਵੱਲੋਂ ਤੈਨੂੰ ਅੰਨ੍ਹਾ ਕਰ ਦਿੱਤਾ ਹੈ। " ਮੈਂ ਕਿਹਾ, " ਤੂੰ ਪਹਿਲਾਂ ਹੀ ਅੰਨ੍ਹਾ ਹੈਂ। "

166 ਅਤੇ ਉਸਨੇ ਆਖਿਆ, " ਮੈਂ ਇਸਦਾ ਵਿਸ਼ਵਾਸ਼ ਨਹੀਂ ਕਰਾਂਗਾ, ਮੈਂ ਇਹਦੀ ਚਿੰਤਾ ਨਹੀਂ ਕਰਦਾ ਕਿ ਤੁਸੀਂ ਕੀ ਕਰ ਸੱਕਦੇ ਹੋ, ਤੁਸੀਂ ਕਿੰਨੇ ਸਬੂਤ ਦੇ ਸੱਕਦੇ ਹੋ ਜਾਂ ਇਸੇ ਤਰ੍ਹਾਂ ਹੋਰ ਕੁਝ, ਮੈਂ ਹੁਣ ਵੀ ਇਹਦਾ ਵਿਸ਼ਵਾਸ਼ ਨਹੀਂ ਕਰਦਾ।

167 ਮੈਂ ਕਿਹਾ, "ਬਿਲਕੁੱਲ ਇਹ ਬੇਪ੍ਰਤੀਤਿਆਂ ਲਈ ਨਹੀਂ ਹੈ ;ਇਹ ਤਾਂ ਸਿਰਫ ਵਿਸ਼ਵਾਸ਼ੀਆਂ ਲਈ ਹੈ। "

168 ਇਹ ਕੀ ਸੀ? ਵੇਖੋ, ਤੁਸੀਂ ਜਾਣਦੇ ਹੋ ਉਸੇ ਵੇਲੇ ਚੋਣ ਹੱਟ ਗਈ। ਇਹਦੇ ਨਾਲ ਬਿਲਕੁੱਲ ਮੂਰਖ ਨਾ ਬਣੋ, ਯਿਸੂ ਨੇ ਇਹੋ ਹੀ ਗੱਲ ਕਹੀ ਹੈ, ਉਸਨੇ ਕਿਹਾ, " ਉਹਨਾਂ ਨੂੰ ਜਾਣ ਦਿਓ, ਜੇ ਅੰਨ੍ਹੇ ਨੂੰ ਅੰਨ੍ਹਾ ਰਾਹ ਵਿਖਾਵੇਗਾ ਤਾਂ ਕੀ ਉਹ ਦੋਨੋਂ ਖੱਡੇ ਵਿੱਚ ਨਾ ਡਿੱਗਣਗੇ?"

169 ਪ੍ਰੰਤੂ ਜਦੋਂ ਉਹ ਉਸ ਨਿਮਾਣੀ ਵੇਸ਼ਵਾ ਕੋਲ ਗਿਆ [ਭਾਈ ਬ੍ਰਾਨਹਾਮ ਇੱਕ ਵਾਰ ਚੁਟਕੀ ਵਜਾਉਂਦੇ ਹਨ-ਸੰਪਾ]ਤਾਂ ਅੱਗ ਲੱਗ ਗਈ। ਇਹ ਕੀ ਸੀ? ਇਹ ਇੱਕ ਚੁਣਿਆ ਹੋਇਆ ਬੀਜ਼ ਸੀ ਜੋ ਉੱਥੇ ਸੀ (ਸਮਝੇ?)ਉਸਨੇ ਉਹਨੂੰ ਇੱਕ ਦਮ ਵੇਖ ਲਿਆ। ਜਦੋਂ ਉਹ ਪਤਰਸ ਦੇ ਕੋਲ ਆਇਆ ਤਾਂ ਉੱਥੇ ਇੱਕ ਚੁਣਿਆ ਹੋਇਆ ਬੀਜ਼ ਮੋਜ਼ੂਦ ਸੀ, ਉਨ੍ਹਾਂ ਨੇ ਉਸਨੂੰ ਵੇਖ ਲਿਆ, "ਅਤੇ ਉਹ ਸੱਭ ਜਿਹੜੇ ਪਿਤਾ ਨੇ ਮੈਨੂੰ ਦਿੱਤੇ ਹਨ (ਭੂਤਕਾਲ) ਮੈਨੂੰ ਦਿੱਤੇ ਹਨ ਉਹ ਮੇਰੇ ਕੋਲ ਆਉਣਗੇ। ਉਹ ਮੇਰੇ ਕੋਲ ਆਉਣਗੇ। " ਔਹ, ਪ੍ਰਭੂ !ਜੀ ਹਾਂ। ਜੀ ਹਾਂ ਸ਼੍ਰੀ ਮਾਨ, ਮੈਨੂੰ ਇਹ ਬਹੁਤ ਪਸੰਦ ਹੈ। ਧਿਆਨ ਦਿਓ ਵਿਸ਼ਵਾਸ਼ੀ ਇਹਦਾ ਵਿਸ਼ਵਾਸ਼ ਕਰਦੇ ਹਨ।

170 ਅਵਿਸ਼ਵਾਸ਼ੀ ਇਹਦਾ ਵਿਸ਼ਵਾਸ਼ ਨਹੀਂ ਕਰ ਸੱਕਦੇ। ਇਸ ਲਈ ਜੇ ਕੋਈ ਸੱਪ ਦੀ ਸੰਤਾਨ ਦੇ ਬਾਰੇ ਵਿੱਚ ਜਾਂ ਦੂਸਰੀਆਂ ਗੱਲਾਂ ਤੇ ਬਹਿਸ ਕਰਨਾ ਚਾਹੁੰਦਾ ਹੈ ਅਤੇ ਤੁਸੀਂ ਉਹਨੂੰ ਵਿਖਾਉਣ ਦੀ ਕੋਸ਼ਿਸ਼ ਕਰਦੇ ਹੋ ਤਾਂ ਉਹ ਇਹਨੂੰ ਨਹੀਂ ਸੁਣਨਗੇ, ਚਲੇ ਜਾਣਗੇ। ਉਹਨਾਂ ਨੂੰ ਛੱਡ ਦਿਓ। ਪ੍ਰਮੇਸ਼ੁਰ ਕਦੇ ਵੀ ਬਹਿਸ ਨਹੀਂ ਕਰਦਾ ਅਤੇ ਨਾ ਹੀ ਉਸਦੀ ਸੰਤਾਨ। ਸਮਝੇ?

171 ਧਿਆਨ ਦਿਓ, ਪ੍ਰਮੇਸ਼ੁਰ ਦੇ ਚੁਣੇ ਹੋਏ ਇੱਕ ਲੱਖ ਚੁਤਾਲੀ ਹਜ਼ਾਰ ਯਹੂਦੀ ਉਸ ਪਸ਼ੂ ਦੇ ਸਾਹਮਣੇ ਨਹੀਂ ਝੁਕਦੇ ਹਨ, ਉਹਦੀ ਜੱਥੇਬੰਦੀ ਜਾਂ ਮੂਰਤੀ ਜਾਂ ਕੋਈ ਵੀ ਚੀਜ਼। ਭਾਵੇਂ ਕਿ ਉਹਨਾਂ ਦਾ ਦੇਸ਼ ਉਸ ਸਮੇਂ ਉਹਨਾਂ ਦੇ ਨਾਲ ਨੇਮ ਵਿੱਚ ਹੈ। ਇਸਰਾਏਲ ਇੱਕ ਨੇਮ ਵਿੱਚ ਹੈ ਪ੍ਰੰਤੂ ਇੱਥੇ ਇੱਕ ਲੱਖ ਚੁਤਾਲੀ ਹਜ਼ਾਰ ਹਨ ਜੋ ਇਹ ਨਹੀਂ ਕਰਨ ਜਾ ਰਹੇ ਹਨ। ਇਹ ਚੁਣੇ ਹੋਏ ਹਨ।

172 ਹੁਣ ਇਹ ਹੀ ਚੀਜ਼ ਗੈਰ ਕੋਮਾਂ ਦੀ ਕਲੀਸਿਯਾ ਵਿੱਚ ਹੈ। ਇਹ ਇੱਕ ਚੁਣਿਆ ਹੋਇਆ ਝੂੰਢ ਹੈਤੁਸੀਂ ਉਨਾਂ ਨੂੰ ਇਸ ਤਰ੍ਹਾਂ ਦੀਆਂ ਗੱਲਾਂ ਵਿੱਚ ਨਹੀਂ ਖਿੱਚ ਸੱਕਦੇ ਹੋ। ਉਹ ਇਹਦੀ ਪ੍ਰਤੀਤ ਨਹੀਂ ਕਰਨਗੇ। ਨਹੀਂ ਜੀ ਸ਼੍ਰੀਮਾਨ। ਜਦੋਂ ਇੱਕ ਵਾਰ ਉਹਨਾਂ ਨੇ ਰੋਸ਼ਨੀ ਪਾ ਲਈ ਤਾਂ ਇਹ ਉਸੇ ਵੇਲੇ ਹੀ ਤਹਿ ਹੋ ਗਿਆ। ਉਹ ਵੇਖਦੇ ਹਨ ......ਵਾਪਰ ਰਿਹਾ ਵੇਖਦੇ ਹਨ, ਇਸ ਨੂੰ ਪ੍ਰਮਾਣਿਤ ਅਤੇ ਸਿੱਧ ਕੀਤਾ ਹੋਇਆ ਇਸ ਤਰ੍ਹਾਂ ਵੇਖਦੇ ਹਨ। ਅਤੇ ਉਹ ਇੱਥੇ ਬਾਈਬਲ ਵਿੱਚ ਵੇਖਦੇ ਹਨ ਉਸ ਵਚਨ ਨੂੰ ਬਿਲਕੁੱਲ ਵੱਧਦਾ ਹੋਇਆ ਵੇਖਦੇ ਹਨ। ਠੀਕ ਹੈ ਤੁਸੀਂ ਬਸ .....ਤੁਸੀਂ ਉਹਨਾਂ ਦੇ ਨਾਲ ਮੂਰਖ ਬਣਨਾ ਛੱਡ ਦਿਓ ਕਿਉਂਕਿ ਉਹ ਇਹਦੀ ਪ੍ਰਤੀਤ ਕਰਦੇ ਹਨ। ਇਹੋ ਸੱਭ ਕੁਝ ਹੈ, ਬਸ ਇਹੋ ਸੱਭ ਕੁਝ ਹੈ। ਭਾਵੇਂ ਉਹ ਇਹਦੀ ਵਿਆਖਿਆ ਨਹੀਂ ਕਰ ਸੱਕਦੇ ਪ੍ਰੰਤੂ ਉਹ ਜਾਣਦੇ ਹਨ ਕਿ ਉਨ੍ਹਾਂ ਦੇ ਕੋਲ ਇਹ ਹੈ। ਇਸ ਲਈ ਜਿਵੇਂ ਕਿ ਉਹ ਕਹਿੰਦੇ ਹਨ ਇਸ ਤਰ੍ਹਾਂ ਦੀਆਂ ਬਹੁਤ ਸਾਰੀਆਂ ਗੱਲਾਂ ਹਨ ਜਿਹਨਾਂ ਨੂੰ ਮੈਂ ਸਮਝਾ ਨਹੀਂ ਸੱਕਦਾ। ਪ੍ਰੰਤੂ ਜੋ ਵੀ ਹੈ ਮੈਨੂੰ ਪਤਾ ਹੈ ਕਿ ਇਹ ਸੱਚਾਈ ਹੈ। ਔਹ, ਠੀਕ ਹੈ।

173 ਇਹ ਸਮਾਂ ਛੇਵੀਂ ਅਤੇ ਸੱਤਵੀਂ ਮੋਹਰ ਦੇ ਵਿੱਚਕਾਰ ਦਾ ਸੀ ਕਿ ਉਸਨੇ ਇਹਨਾਂ ਲੋਕਾਂ ਨੂੰ ਬੁਲਾਇਆ ਜਿਨ੍ਹਾਂ ਦੇ ਬਾਰੇ ਵਿੱਚ ਯਿਸੂ ਨੇ ਮੱਤੀ 24:31 ਵਿੱਚ ਕਿਹਾ ਹੈ ਜਿਹਨੂੰ ਅਸੀਂ ਹੁਣੇ ਪੜ੍ਹਿਆ ਹੈ। ਇਹ ਤੁਰ੍ਹੀਆਂ, ਦੋ ਗਵਾਹ ਹਨ ....ਜਦੋਂ ਤੁਰ੍ਹੀ ਫੂਕੀ ਜਾਂਦੀ ਹੈ ਤਾਂ ਉਹ ਦੋ ਗਵਾਹਾਂ ਦੀਆਂ ਯਹੂਦੀਆਂ ਲਈ ਉਸ ਯੁੱਗ ਲਈ ਕਿਰਪਾ ਦੀਆਂ ਤੁਰ੍ਹੀਆਂ ਹਨ। ਇੱਕ ਤੁਰ੍ਹੀ ਵੱਜਦੀ ਹੈ, ਤੁਸੀਂ ਧਿਆਨ ਦਿਓ ਇੱਕ ਤੁਰ੍ਹੀ ਵੱਜਦੀ ਹੈ। ਉਸਨੇ ਕਿਹਾ, "ਅਤੇ ਇੱਕ ਤੁਰ੍ਹੀ ਫੂਕੀ ਗਈ। " ਅਤੇ ਇੱਥੇ 31ਵੀਂ ਆਇਤ ਤੇ ਧਿਆਨ ਦਿਓ :



229 ਹੁਣ ਅਸੀਂ 8 ਆਇਤ ਕੱਢਾਂਗੇ ਜਾਂ ਮੇਰਾ ਮਤਲਬ ਹੈ 8 ਬਾਬ, ਪ੍ਰਕਾਸ਼ ਦੀ ਪੋਥੀ 8:1.

230 ਮੈਂ ਜਾਣਦਾ ਹਾਂ ਤੁਸੀਂ ਥੱਕ ਗਏ ਹੋ ਪ੍ਰੰਤੂ ਹੁਣ ਕੁਝ ਦੇਰ ਸੁਣਨ ਦੀ ਕੋਸ਼ਿਸ਼ ਕਰੋ।। ਅਤੇ ਮੇਰੀ ਦੁਆ ਹੈ ਕਿ ਸੁਰਗ ਦਾ ਖੁਦਾ ਸਾਡੀ ਮੱਦਦ ਕਰੇ।

231 ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਸੱਤਵੀਂ ਮੋਹਰ ਸਾਰੀਆਂ ਚੀਜ਼ਾਂ ਦਾ ਅੰਤ ਸਮਾਂ ਹੈ। ਇਹ ਠੀਕ ਹੈ। (ਸੰਸਾਰ ਦੀ ਰਚਨਾ ਤੋਂ ਪਹਿਲਾਂ ਛੁਟਕਾਰੇ ਦੀ ਜੋ ਯੋਜਨਾ ਮੋਹਰਬੰਦ ਹੋਈ) ਸੱਤਵੀਂ ਮੋਹਰ ਦੀ ਪੋਥੀ ਵਿੱਚ ਲਿਖੀਆਂ ਸੱਭ ਗੱਲਾਂ, ਇਸਦਾ ਹਰੇਕ ਬਿੰਦੂ ਪੂਰਾ ਹੋ ਜਾਂਦਾ ਹੈ। ਇਹ ਅੰਤ ਹੈ ; ਇਹ ਸੰਘਰਸ਼ ਕਰ ਰਹੇ ਸੰਸਾਰ ਦਾ ਅੰਤ ਹੈ। ਇਹ ਹਰ ਇੱਕ ਚੀਜ ਦਾ ਅੰਤ ਹੈ। ਇਹ ਸਰਿਸ਼ਟੀ ਦੇ ਸੰਘਰਸ਼ ਦਾ ਅੰਤ ਹੈ। ਇਹ ......ਇਹ ਇੱਥੋਂ ਤੱਕ ਕਿ ਸਮੇਂ ਦਾ ਅੰਤ ਹੈ। ਇਹ ਹਰ ਇੱਕ ਚੀਜ ਦਾ ਅੰਤ ਹੈ। ਇਸ ਵਿੱਚ ਇਹ ਤੁਰ੍ਹੀਆਂ ਦਾ ਅੰਤ ਹੈ। ਇਹ ਕਟੋਰਿਆਂ ਦਾ ਅੰਤ ਹੈ। ਇਹ ਧਰਤੀ ਦਾ ਅੰਤ ਹੈ। ਇਹ .....ਇਹ ਇੱਥੋਂ ਤੱਕ ਕਿ ਸਮੇਂ ਦਾ ਅੰਤ ਹੈ।

232 ਸਮਾਂ ਖਤਮ ਹੋ ਜਾਂਦਾ ਹੈ। ਬਾਈਬਲ ਇਸੇ ਤਰ੍ਹਾਂ ਹੀ ਕਹਿੰਦੀ ਹੈ। ਮੱਤੀ 7 ਬਾਬ ...ਮੇਰਾ ਅਰਥ ਹੈ ਪ੍ਰਕਾਸ ਪੋਥੀ 7 ਬਾਬ...10 ਬਾਬ ਅਤੇ ...1-7 ਆਇਤ। ਸਮਾਂ ਖਤਮ ਹੋ ਜਾਂਦਾ ਹੈ। ਸਵਰਗ ਦੂਤ ਨੇ ਕਿਹਾ, " ਸਮਾਂ ਹੋਰ ਨਹੀਂ ਹੋਵੇਗਾ। " ਜਦੋਂ ਇਹ ਇਨ੍ਹਾਂ ਮਹਾਨ ਗੱਲਾਂ ਦੇ ਦਿਨਾਂ ਵਿੱਚ ਇਹ ਹੋਵੇਗਾ।

233 ਇਸ ਸਮੇਂ ਵਿੱਚ ਹਰ ਇੱਕ ਚੀਜ਼ ਪੂਰੀ ਹੋ ਜਾਂਦੀ ਹੈ, ਅੰਤ ਵਿੱਚ ....ਇਸ ਸੱਤਵੀਂ ਮੋਹਰ ਦੇ ਅੰਤ ਵਿੱਚ। ਧਿਆਨ ਦਿਓ। ਇਹ ਕਲੀਸਿਯਾ ਦੇ ਯੁੱਗ ਦਾ ਅੰਤ ਹੈ। ਇਹ ਸੱਤਵੀਂ ਮੋਹਰ ਦਾ ਅੰਤ ਹੈ। ਇਹ ਤੁਰ੍ਹੀਆਂ ਦਾ ਅੰਤ ਹੈ। ਇਹ ਕਟੋਰਿਆਂ ਦਾ ਅੰਤ ਹੈ। ਇੱਥੋਂ ਤੱਕ ਕਿ ਹਜ਼ਾਰ ਸਾਲ ਦੇ ਰਾਜ ਵਿੱਚ ਵੜ੍ਹਨ ਦਾ ਅੰਤ ਹੈ। ਇਹ ਸੱਤਵੀਂ ਮੋਹਰ ਤੇ ਹੈ।

234 ਇਹ ਰੋਕਟ ਨੂੰ ਹਵਾ ਵਿੱਚ ਛੱਡਣ ਦੇ ਵਾਂਗ ਹੈ। ਅਤੇ ਇਸ ਰਾੱਕਟ ਵਿੱਚ ਇੱਥੇ ਇੱਕ ਧਮਾਕਾ ਹੁੰਦਾ ਹੈ ਅਤੇ ਇਹ ਉੱਪਰ ਜਾਂਦਾ ਹੈ ਅਤੇ ਫਿਰ ਇੱਕ ਧਮਾਕਾ ਹੁੰਦਾ ਹੈ। ਇਹ ਪੰਜ ਸਿਤਾਰਿਆਂ ਨੂੰ ਬਾਹਰ ਕੱਢਦਾ ਹੈ। ਇਹਨਾਂ ਸਿਤਾਰਿਆਂ ਵਿੱਚੋਂ ਇੱਕ ਧਮਾਕਾ ਕਰਦਾ ਹੈ ਅਤੇ ਉਸ ਵਿੱਚੋਂ ਪੰਜ ਸਿਤਾਰੇ ਬਾਹਰ ਆਉਂਦੇ ਹਨ। ਵੇਖੋ ਇਹ ਵੱਧਦੇ ਹੋਏ ਅਲੋਪ ਹੁੰਦਾ ਜਾਂਦਾ ਹੈ।

235 ਸੱਤਵੀਂ ਮੋਹਰ ਇਹ ਹੀ ਹੈ। ਇਹ ਸਿਰਫ ਸੰਸਾਰ ਲਈ ਸਮੇਂ ਦਾ ਖਤਮਾ ਹੈ। ਇਹ ਇਸਦੇ ਲਈ ਸਮਾਂ ਖਤਮ ਕਰਦੀ ਹੈ। ਇਹ ਉਸਦੇ ਲਈ ਸਮਾਂ ਖਤਮ ਕਰਦੀ ਹੈ। ਇਹ ਸਮੇਂ ਨੂੰ ਖਤਮ ਕਰਦੀ ਹੈ। ਇਸ ਸੱਤਵੀਂ ਮੋਹਰ ਵਿੱਚ ਹਰ ਇੱਕ ਚੀਜ਼ ਖਤਮ ਹੋ ਜਾਂਦੀ ਹੈ।

236 ਹੁਣ ਉਹ ਇਹਨੂੰ ਕਿਵੇਂ ਕਰਨ ਜਾ ਰਿਹਾ ਹੈ? ਇਹ ਹੀ ਹੈ ਜੋ ਅਸੀਂ ਨਹੀਂ ਜਾਣਦੇ ਹਾਂ, ਕੀ ਇੰਝ ਨਹੀਂ ਹੈ?ਅਸੀਂ ਨਹੀਂ ਜਾਣਦੇ ਹਾਂ।

237 ਇੱਥੋਂ ਤੱਕ ਕਿ ਇਹ ਇਨ੍ਹਾਂ ਸੱਭ ਗੱਲਾਂ ਦਾ ਸਮਾਂ ਹੈ ਅਤੇ ਹਜ਼ਾਰ ਸਾਲ ਦੇ ਰਾਜ ਦੇ ਸ਼ੁਰੂ ਹੋਣ ਦਾ ਸਮਾਂ ਹੈ।

238 ਧਿਆਨ ਦਿਓ, ਇਸ ਮੋਹਰ ਦਾ ਟੁੱਟਣਾ ਇੰਨਾ ਮਹਾਨ ਸੀ ਕਿ ਇਸ ਨਾਲ ਸਾਰਾ ਸਵਰਗ ਚੁੱਪ ਹੋ ਗਿਆ ਸੀ ਅਤੇ ਅੱਧੇ ਘੰਟੇ ਲਈ ਸਨਾਟਾ ਛਾ ਗਿਆ। ਹੁਣ, ਕੀ ਇਹ ਮਹਾਨ ਹੈ?ਇਹ

223 ਤੁਹਾਨੂੰ ਯਾਦ ਹੈ ਉਸਨੇ ਕਿਹਾ ਉਸਦਾ ਨਾਮ ਅਕਾਸ਼ ਦੇ ਹੇਠਾਂ ਤੋਂ ਗੋਤਾਂ ਵਿੱਚੋ ਕੱਟ ਦਿੱਤਾ ਜਾਵੇਗਾ, ਜਦ ਤੱਕ ਉਹ ਅਕਾਸ਼ ਦੇ ਹੇਠਾਂ ਹੈ ਉਹ ਉੱਥੇ ਨਹੀਂ ਹੋਵੇਗਾ। ਅਤੇ ਇਹ ਇੱਕ ਲੱਖ ਚੁਤਾਲੀ ਹਜ਼ਾਰ ਹਾਲੇ ਵੀ ਉੱਥੇ ਗੋਤ ਦਾ ਭਾਗ ਹਨ। ਇਹ ਸਹੀ ਹੈ। ਪ੍ਰੰਤੂ ਤੁਸੀਂ ਵੇਖੋ, ਉਹ ਅੰਨ੍ਹੇ ਕੀਤੇ ਗਏ। ਉਹਨਾਂ ਦੇ ਕੋਲ ਸਿਰਫ ਬੱਕਰੀਆਂ ਅਤੇ ਵਹਿੜਕਿਆਂ ਦੀਆਂ ਕੁਰਬਾਨੀਆਂ ਸਨ। ਸਮਝੇ? ਹੁਣ ਧਿਆਨ ਦਿਓ ਉਸਨੇ ਉਨ੍ਹਾਂ ਨੂੰ ਅਕਾਸ਼ ਦੇ ਹੇਠਾਂ ਤੋਂ ਮਿਟਾ ਦਿੱਤਾ।

224 ਪ੍ਰੰਤੂ ਗੈਰ ਕੋਮਾਂ ਜੋ ਪਵਿੱਤਰ ਆਤਮਾ ਦੇ ਦਿਨਾਂ ਵਿੱਚ ਉਸਦੇ ਵਿਰੁੱਧ ਹਨ ਤਾਂ ਉਹਨਾਂ ਦਾ ਨਾਮ ਜੀਵਨ ਦੀ ਪੋਥੀ ਵਿੱਚੋਂ ਪੂਰੀ ਤਰ੍ਹਾਂ ਕੱਟ ਦਿੱਤਾ ਜਾਵੇਗਾ ਅਤੇ ਕਦੇ ਵੀ ਇਸ ਦੁਨੀਆਂ ਵਿੱਚ ਅਤੇ ਨਾ ਹੀ ਆਉਣ ਵਾਲੀ ਦੁਨੀਆਂ ਵਿੱਚ ਕਦੇ ਮਾਫ ਕੀਤਾ ਜਾਵੇਗਾ। ਕੀ ਇਹ ਠੀਕ ਹੈ? ਇਹ ਹੈ ਗੱਲ।

225 ਇਸਰਾਏਲ ਦੀ ਥਾਂ ਬੱਕਰੀਆਂ ਅਤੇ ਭੇਡਾਂ ਦੇ ਥੱਲੇ ਸੀ। ਜਦ ਤੱਕ ਉਹ ਇਸ ਧਰਤੀ ਤੇ ਸਨ ਉਨ੍ਹਾਂ ਦੀਆਂ ਗੋਤਾਂ ਨਹੀਂ ਸਨ। ਉਹਨਾਂ ਨੂੰ ਕਦੇ ਵੀ ਮਿਲਾਇਆ ਨਹੀਂ ਜਾ ਸਕਿਆ ਸੀ। ਹੁਣ ਸਾਰੇ....ਜਦੋਂ ਉਹ ਉਨ੍ਹਾਂ ਨੂੰ ਉੱਥੇ ਬੁਲਾਉਂਦਾ ਹੈ। ਉਹ ਇੱਕ ਲੱਖ ਚੁਤਾਲੀ ਹਜ਼ਾਰ ਵਿੱਚ ਨਹੀਂ ਹਨ। ਇਹ ਠੀਕ ਹੈ। ਉੱਥੇ ਉਨ੍ਹਾਂ ਦੀ ਗਿਣਤੀ ਵੀ ਨਹੀਂ ਕੀਤੀ ਜਾ ਸੱਕਦੀ ਸੀ। ਅਤੇ ਯੂਸਫ ਤੇ ਲੇਵੀ ਨੂੰ ਦਾਨ ਅਤੇ ਅਫਰਾਈਮ ਦੀ ਥਾਂ ਤੇ ਰੱਖਿਆ ਗਿਆ। ਹੁਣ ਤੁਸੀਂ ਇਹਨੂੰ ਵੇਖ ਸੱਕਦੇ ਹੋ। ਇਸ ਤੋਂ ਪਹਿਲਾਂ ਕਿ ਤੁਸੀਂ ਵੇਖੋ ਉਹ ਉੱਥੇ ਹੀ ਹਨ। ਅਤੇ ਇੱਥੇ ਖੁਦਾ ਦਾ ਵਾਇਦਾ ਹੈ ਜਿਹੜਾ ਸੈਕੜੇਂ-ਸੈਕੜੇਂ ਸਾਲ ਪਹਿਲਾਂ ਕੀਤਾ ਗਿਆ ਹੈ। [ਭਾਈ ਬ੍ਰਾਨਹਾਮ ਕਈ ਵਾਰ ਪੁਲਪਿਟ ਖੜਕਾਉਂਦੇ ਹਨ]

226 ਹੁਣ ਕੀ ਹੋਇਆ?ਭਿਆਨਕ ਕਸ਼ਟ ਕਾਲ ਦੇ ਸਮੇਂ ਵਿੱਚ ਉਹਨਾਂ ਨੂੰ ਸ਼ੁੱਧ ਕੀਤਾ ਜਾਂਦਾ ਹੈ।

227 ਅਤੇ ਜੇ ਹੁਣ ਖੁਦਾ ਉਸ ਕੁਆਰੀ ਨੂੰ ਸ਼ੁੱਧ ਕਰਨ ਜਾ ਰਿਹਾ ਹੈ ਜੋ ਕਿ ਇੱਕ ਭਲੀ ਇਸਤਰੀ ਹੈ, ਪ੍ਰੰਤੂ ਉਹ ਆਪਣੀ ਮਸ਼ਾਲ ਵਿੱਚ ਤੇਲ ਲੈਣ ਤੋਂ ਫੇਲ ਹੋ ਗਈ ਅਤੇ ਉਹ ਉਸਨੂੰ ਬਿਪਤਾ ਵਿੱਚ ਦੀ ਕੱਢ ਕੇ ਸ਼ੁੱਧ ਕਰਨ ਜਾ ਰਿਹਾ ਹੈ। ਉਹ ਉਨ੍ਹਾਂ ਗੋਤਾਂ ਨੂੰ ਵੀ ਠੀਕ ਇਸੇ ਕੰਮ ਲਈ ਪਾਉਣ ਜਾ ਰਿਹਾ ਹੈ ਅਤੇ ਉਹਨਾਂ ਨੂੰ ਕਸ਼ਟ ਕਾਲ ਵਿੱਚੋਂ ਦੀ ਕੱਢ ਕੇ ਸ਼ੁੱਧ ਕਰਦਾ ਹੈ। ਕਿਉਂਕਿ ਇਹ ਸ਼ੁੱਧ ਕਰਨਾ ਹੈ। ਇਹ ਨਿਆਂ ਹੈ। ਪ੍ਰੰਤੂ ਤੁਸੀਂ ਵੇਖਦੇ ਹੋ ਉਹ ਬਾਦ ਵਿੱਚ ......ਅਤੇ ਵੇਖੋ, ਸ਼ੁੱਧ ਹੋਣ ਤੋਂ ਬਾਦ ਇੱਥੇ ਇੱਕ ਲੱਖ ਚੁਤਾਲੀ ਹਜ਼ਾਰ ਇਸਰਾਏਲ ਦੇ ਲੋਕ ਆ ਰਹੇ ਹਨ। ਅਤੇ ਇਹ ਮੂਰਖ ਕੁਆਰੀਆਂ ਵੀ ਸ਼ੁੱਧ ਹੋ ਕੇ ਆਉਂਦੀਆਂ ਹਨ ਅਤੇ ਚਿੱਟੇ ਵਸਤਰ ਪਹਿਨੇ ਹੋਏ ਹਨ। ਸਮਝੇ?ਇਹ ਕੇਡਾ ਸਿੱਧ ਹੈ, ਇਹ ਕਿੰਨਾ ਸੁੰਦਰ ਹੈ !

228 ਜਿਵੇਂ ਕਿ ਯਕੂਬ ਬਿਪਤਾ ਦੇ ਸਮੇਂ ਵਿੱਚ, ਵੇਖਿਆ ਉਹ .....ਯਕੂਬ ਬਿਪਤਾ ਦੇ ਸਮੇਂ, ਉਸਨੇ ਗਲਤ ਕੰਮ ਕੀਤਾ। ਪ੍ਰੰਤੂ ਉਹ ਸ਼ੁੱਧ ਹੋਣ ਦੇ ਸਮੇਂ ਦੇ ਵਿੱਚ ਦੀ ਨਿੱਕਲਿਆ ਕਿਉਂਕਿ ਉਸਨੇ ਆਪਣੇ ਭਰਾ ਏਸਾਊ ਦੇ ਨਾਲ ਗਲਤ ਕੀਤਾ ਸੀ। ਸਮਝੇ?ਉਸਨੇ ਉਸਦਾ ਜਨਮ ਸਿੱਧ ਹੱਕ ਪ੍ਰਾਪਤ ਕਰਨ ਲਈ ਧੋਖਾ ਦਿੱਤਾ ਸੀ। ਪ੍ਰੰਤੂ ਇਸ ਤੋਂ ਪਹਿਲਾਂ ਕਿ ਉਸਦਾ ਨਾਮ ਯਕੂਬ ਤੋਂ ਬਦਲ ਕੇ ਇਸਰਾਏਲ ਕਰ ਦਿੱਤਾ ਜਾਂਦਾ ਉਹ ਸ਼ੁੱਧ ਹੋਣ ਦੀ ਸਥਿਤੀ ਵਿੱਚੋਂ ਹੋ ਕੇ ਲੰਘਿਆ ਜੋ ਕਿ ਪ੍ਰਮੇਸ਼ੁਰ ਦੇ ਕੰਮ ਕਰਨ ਦਾ ਅੱਜ ਲਈ ਨਮੂਨਾ ਹੈ।



*ਅਤੇ ਉਹ ਤੁਰਹੀ ਦੀ ਵੱਡੀ ਅਵਾਜ਼ ਨਾਲ ਆਪਣੇ ਦੂਤਾਂ ਨੂੰ ਭੇਜੇਗਾ* (ਇੱਕ ਨਹੀਂ, ਵੇਖੋ, ਉੱਥੇ ਦੋ ਹਨ)

174 ਇਹ ਕੀ ਹੈ?ਜਦੋਂ ਖੁਦਾ ਬੋਲਣ ਲਈ ਤਿਆਰ ਹੁੰਦਾ ਹੈ ਤਾਂ ਉੱਥੇ ਤੁਰ੍ਹੀ ਦੀ ਅਵਾਜ਼ ਹੁੰਦੀ ਹੈ। ਉਹ ਹਮੇਸ਼ਾਂ ਉਸਦਾ ਸ਼ਬਦ ਹੁੰਦਾ ਹੈ। ਇਹ ਹਮੇਸ਼ਾਂ ਹੀ ਉਸਦੀ ਅਵਾਜ਼ ਹੁੰਦੀ ਹੈ। ਉਹ ਯੁੱਧ ਲਈ ਪੁਕਾਰ ਹੁੰਦੀ ਹੈ। ਸਮਝੇ। ਪ੍ਰਮੇਸ਼ੁਰ ਬੋਲਦਾ ਹੈ। ਇਹ ਦੂਤ ਤੁਰ੍ਹੀ ਦੇ ਸ਼ਬਦ ਨਾਲ ਸਾਹਮਣੇ ਆਉਣਗੇ।

175 ਅਤੇ ਤੁਸੀਂ ਧਿਆਨ ਦਿਓ, ਆਖਰੀ ਦੂਤ ਦੇ ਸੰਦੇਸ਼ ਤੇ ਤੁਰ੍ਹੀ ਸ਼ਬਦ ਕਰਦੀ ਹੈ। ਪਹਿਲੇ ਦੂਤ ਦਾ ਸੰਦੇਸ਼, ਇੱਕ ਤੁਰ੍ਹੀ ਅਵਾਜ਼ ਕਰਦੀ ਹੈ। ਦੂਸਰੇ ਦੂਤ ਦਾ ਸੰਦੇਸ਼, ਇੱਕ ਤੁਰ੍ਹੀ ਸ਼ਬਦ ਕਰਦੀ ਹੈ ਜਦ ਉਸਨੇ ਇਹਨੂੰ ਬਾਹਰ ਭੇਜਿਆ। ਧਿਆਨ ਦਿਓ, ਜਦੋਂ ਮੋਹਰਾਂ ਦਾ ਐਲਾਨ ਹੋਇਆ ਤਾਂ ਉਹ ਸੱਭ ਇੱਕ ਮਹਾਨ ਰੱਬੀ ਚੀਜ਼ ਵਿੱਚ ਹਨ ਕਿ ਲੋਕਾਂ ਦੇ ਝੁੰਡ ਨੂੰ ਬਾਹਰ ਬੁਲਾ ਲਵੇ, ਉੱਥੇ ਇੱਕ ਤੁਰ੍ਹੀ ਨੇ ਅਵਾਜ਼ ਕੀਤੀ ਸੀ ਅਤੇ ਸੱਤ ਮੋਹਰਾਂ ਟੁੱਟੀਆਂ ਸਨ।

176 ਧਿਆਨ ਦਿਓ। ਆਪਣੇ ਚੁਣੇ ਹੋਏ ਯਹੂਦੀਆਂ ਨੂੰ ਅਕਾਸ਼ ਦੀਆਂ ਚੋਹਾਂ ਕੂੰਟਾਂ ਤੋਂ ਇਕੱਠਾ ਕਰੇ।

177 ਜਿਵੇਂ ਕਿ ਅਸੀਂ ਵੇਖ ਚੁੱਕੇ ਹਾਂ ਉਸਨੇ ਛੇ ਮੋਹਰਾਂ ਦਾ ਬਿਆਨ ਕੀਤਾ ਹੈ ਪ੍ਰੰਤੂ ਸੱਤਵੀਂ ਮੋਹਰ ਦਾ ਨਹੀਂ। ਉਸਨੇ ਕਦੇ ਵੀ ਕਿਤੇ ਸੱਤਵੀਂ ਮੋਹਰ ਦਾ ਜ਼ਿਕਰ ਇੱਥੇ ਜਾਂ ਕਿਤੇ ਹੋਰ ਕੁਝ ਨਹੀਂ ਕਿਹਾ ਹੈ।

178 ਸਿੱਧਾ 32 ਆਇਤ ਵੇਖੋ, ਯਹੂਦੀਆਂ ਦੇ ਬੁਲਾਏ ਜਾਣ ਦੇ ਸਮੇਂ ਦੇ ਦ੍ਰਿਸ਼ਟਾਂਤ ਵੱਲ ਮੁੜ ਗਿਆ, ਹੁਣ ਇੱਥੇ ਵੇਖੋ।

179 ਅਤੇ ਉਹ ਦੂਤਾਂ ਨੂੰ ਤੁਰ੍ਹੀ ਦੇ ਨਾਲ ਭੇਜੇਗਾ ਅਤੇ ਅਕਾਸ਼ ਦੇ ਚੋਹਾਂ ਪਾਸਿਆਂ ਤੋਂ ਚੁਣਿਆਂ ਹੋਇਆਂ ਨੂੰ ਇਕੱਠਾ ਕਰੇਗਾ। ਹੁਣ ਉਹ ਸ਼ੁਰੂ ਕਰਦਾ ਹੈ .......

180 ਵੇਖੋ ਇੱਥੇ ਉਹ ਸੱਤਵੀਂ ਮੋਹਰ ਦੇ ਬਾਰੇ ਵਿੱਚ ਕੁਝ ਨਹੀਂ ਕਹਿੰਦਾ ਹੈ। ਸਮਝੇ? ਉਸਨੇ ਛੇਵੀਂ ਮੋਹਰ ਬਾਰੇ ਕਿਹਾ : ਪਹਿਲੀ, ਦੂਸਰੀ, ਤੀਸਰੀ, ਚੋਥੀ, ਪੰਜਵੀਂ ਅਤੇ ਛੇਵੀਂ ਬਾਰੇ ਬੋਲਿਆ।

181 ਪਰ ਧਿਆਨ ਦਿਓ।

*ਫੇਰ ਹੰਜੀਰ ਦੇ ਬਿਰਛ ਤੋਂ ਇੱਕ ਦ੍ਰਿਸ਼ਟਾਂਤ ਸਿੱਖੋ। ਜਦ ਉਹਦੀ ਟਹਿਣੀ ਨਰਮ ਹੁੰਦੀ ਅਤੇ ਪੱਤੇ ਫੁੱਟਦੇ ਹਨ ਤਦ ਜਾਣ ਲੈਂਦੇ ਭਈ ਗਰਮੀ ਦੀ ਰੁੱਤ ਨੇੜੇ ਹੈ। ਇਸੇ ਤਰ੍ਹਾਂ ਤੁਸੀਂ ਵੀ ਜਾਂ ਇਹ ਸੱਭ ਕੁਝ ਵੇਖੋ ਤਾਂ ਜਾਣ ਲਓ ਜੋ ਉਹ ਨੇੜੇ ਸਗੋਂ ਬੂਹੇ ਉੱਤੇ ਹੈ।*

182 ਅਖੀਰ ਵਿੱਚ ਉਨ੍ਹਾਂ ਨੇ ਉਸ ਤੋਂ ਉਹ ਪ੍ਰਸ਼ਨ ਪੁੱਛਿਆ, "ਅਤੇ ਯੁੱਗ ਦੇ ਅੰਤ ਦਾ ਕੀ ਲੱਛਣ ਹੋਊ?"

183 ਜਦੋਂ ਤੁਸੀਂ ਇਹਨਾਂ ਯਹੂਦੀਆਂ ਨੂੰ ਵੇਖੋ ......ਜਦੋਂ ਤੁਸੀਂ ਇਹਨਾਂ ਸਾਰੀਆਂ ਦੂਜੀਆਂ ਗੱਲਾਂ ਨੂੰ ਵਾਪਰਦਾ ਵੇਖੋ, ਤੁਸੀਂ ਜਾਣਦੇ ਹੋ ਕੀ ਵਾਪਰਿਆ ਹੈ। ਹੁਣ ਜਦੋ ਤੁਸੀਂ ਇਨ੍ਹਾਂ ਯਹੂਦੀਆਂ ਨੂੰ

ਵੇਖੋ ...." ਯਹੂਦੀਆਂ ਨਾਲ ਗੱਲ ਕਰ ਰਿਹਾ ਹੈ। ਹੁਣ ਧਿਆਨ ਦਿਓ ਕਿ ਉਹ ਕਿਹੜੀ ਸੰਗਤ ਨਾਲ ਗੱਲ ਕਰ ਰਿਹਾ ਹੈ, ਗੈਰ ਕੌਮਾਂ ਨਾਲ? ਯਹੂਦੀਆਂ ਨਾਲ। ਯਹੂਦੀਆਂ ਨਾਲ। ਸਮਝੇ?

184 ਹੁਣ ਉਸਨੇ ਕਿਹਾ, "ਸਾਰੀਆਂ ਕੌਮਾਂ ਤੁਹਾਡੇ ਨਾਲ ਮੇਰੇ ਨਾਮ ਦੇ ਕਾਰਨ ਵੈਰ ਰੱਖਣਗੀਆਂ।" ਅਤੇ ਜੇ ਇਸੇ ਤਰ੍ਹਾਂ ਹੀ ......

185 ਹੁਣ, ਕਦੋਂ ਉਸਨੇ ਕਿਹਾ ਸੀ, ਤੁਸੀਂ ਇਨ੍ਹਾਂ ਯਹੂਦੀਆਂ ਨੂੰ ਪੱਤੇ ਨਿੱਕਲਦੇ ਸਾਹਮਣੇ ਵੇਖ ਰਹੇ ਹੋ। ਜਦੋਂ ਇਸਰਾਏਲ ਨੇ ਆਪਣੇ ਦੇਸ਼ ਵਿੱਚ ਜਾਣ ਲਈ ਘੁੰਮਣਾ ਸ਼ੁਰੂ ਕਰ ਦਿੱਤਾ। ਉਹ ਉੱਥੇ ਕਦੋਂ ਪਹੁੰਚੇ(ਕਲੀਸਿਯਾ ਉਠਾਏ ਜਾਣ ਲਈ ਤਿਆਰ ਹੈ)ਅਤੇ ਉੱਥੇ ਪੁਰਾਣੇ ਸੰਸਾਰ ਦੇ ਅੰਤ ਤੱਕ ਲਈ ਸਿਰਫ ਸਾਢੇ ਤਿੰਨ ਸਾਲ ਬਚੇ ਹਨ ਅਤੇ ਸੰਸਾਰ ਉਥਲ ਪੁਥਲ ਹੋ ਜਾਵੇਗਾ ਅਤੇ ਹਜ਼ਾਰ ਸਾਲ ਸ਼ੁਰੂ ਹੁੰਦਾ ਹੈ ਉਸ ਨਵੀਂ ਧਰਤੀ ਲਈ। ਕਿਹਾ, "ਬੂਹੇ ਤੇ ਹੀ ਹੈ। "ਹੁਣ ਧਰਤੀ ਦਾ ਹਜ਼ਾਰ ਸਾਲ ਪ੍ਰਮੇਸ਼ੁਰ ਦੇ ਅੱਗੇ ਇੱਕ ਦਿਨ ਹੀ ਹੈ। ਅਤੇ ਸਾਢੇ ਤਿੰਨ ਸਾਲ ਇਹ ਕਿੱਥੇ ਤੱਕ ਜਾਣਗੇ?ਪ੍ਰਮੇਸ਼ੁਰ ਦੇ ਸਮੇਂ ਅਨੁਸਾਰ ਕੁਝ ਸੈਕਿੰਡ। ਇਹ ਹੀ ਕਾਰਨ ਹੈ ਕਿ ਉਸਨੇ ਕਿਹਾ, "ਇਹ ਬੂਹੇ ਤੇ ਹੀ ਹੈ। "ਮੈਂ ਤੁਹਾਨੂੰ ਸੱਚ ਆਖਦਾ ਹਾਂ ਕਿ ਜਦ ਤੱਕ ਇਹ ਗੱਲਾਂ ਪੂਰੀਆਂ ਨਾ ਹੋ ਲੈਣ ਇਹ ਪੀੜ੍ਹੀ ਟਲ ਨਾ ਜਾਵੇਗੀ। "

186 ਕੀ, ਕੀ ਪੂਰਾ ਨਾ ਹੋ ਲਵੇ? ਉਹਨਾਂ ਨੇ ਸਦਾਂ ਹੀ ਯਹੂਦੀਆਂ ਨੂੰ ਧਰਤੀ ਉੱਤੋਂ ਮਾਰਨ ਦੀ ਕੋਸ਼ਿਸ਼ ਕੀਤੀ, ਉਹ ਇਹ ਨਹੀਂ ਕਰ ਸਕਣਗੇ।

187 ਪ੍ਰੰਤੂ ਧਿਆਨ ਦਿਓ। ਇਹ ਹੀ ਪੀੜ੍ਹੀ ਯਹੂਦੀਆਂ ਨੂੰ ਫਿਲਸਤੀਨ ਜਾਂਦੇ ਹੋਏ ਵੇਖਦੀ ਹੈ, ਇਹ ਹੀ ਪੀੜ੍ਹੀ ਇਹਨਾਂ ਗੱਲਾਂ ਨੂੰ ਵਾਪਰਦਿਆਂ ਵੇਖੇਗੀ। ਅਤੇ ਪਿਛਲੇ ਦੋ ਸਾਲਾਂ ਤੋਂ ਉਹ ਆਪਣੀ ਕਰੰਸੀ ਅਤੇ ਜੋ ਕੁਝ ਵੀ ਹੈ ਉਸਦੇ ਨਾਲ ਪੂਰਾ ਦੇਸ਼ ਬਣ ਗਿਆ ਹੈ।

188 ਹੁਣ ਦੋਸਤੋ ਅਸੀਂ ਕਿੱਥੇ ਹਾਂ? ਮੋਹਰਾਂ ਅਤੇ ਹਰੇਕ ਚੀਜ਼ ਖੁੱਲ੍ਹ ਰਹੀ ਹੈ, ਹੁਣ ਅਸੀਂ ਇੱਥੇ ਹਾਂ। ਇਹ ਉਹ ਹੈ। ਵੇਖੋ ਅਸੀਂ ਕਿੱਥੇ ਹਾਂ? [ਸੰਗਤੀ ਆਖਦੀ ਹੈ, "ਆਮੀਨ। "-ਸੰਪਾ]

189 ਮੈਂ ਉਮੀਦ ਕਰਦਾ ਹਾਂ ਕਿ ਤੁਸੀਂ ਸਮਝ ਗਏ ਹੋ। ਮੇਰੇ ਕੋਲ ਕੋਈ ਪੜ੍ਹਾਈ ਨਹੀਂ ਹੈ। ਪਰ ਮੈਂ ਜਾਣਦਾ ਹਾਂ ਕਿ ਮੈਂ ਕਿਸ ਵਿਸ਼ੇ ਤੇ ਗੱਲ ਕਰ ਰਿਹਾ ਹਾਂ, ਪ੍ਰੰਤੂ ਹੋ ਸੱਕਦਾ ਹੈ ਕਿ ਮੈਂ ਇਹਦੀ ਵਿਆਖਿਆ ਨਹੀਂ ਕਰ ਸੱਕਦਾ ਕਿ ਤੁਹਾਨੂੰ ਇਹਦਾ ਅਰਥ ਦੱਸਾਂ। ਪ੍ਰੰਤੂ ਮੈਂ ਯਕੀਨ ਕਰਦਾ ਹਾਂ ਕਿ ਪ੍ਰਮੇਸ਼ੁਰ ਇਨ੍ਹਾਂ ਮਿਲੇ-ਜੁਲੇ ਵਚਨਾਂ ਨੂੰ ਲੈਂਦਾ ਹੈ ਅਤੇ ਇਹਨਾਂ ਨੂੰ ਵੰਡ ਕੇ ਸਿੱਧੇ ਤੁਹਾਨੂੰ ਦੱਸ ਦਿੰਦਾ ਹੈ ਕਿ ਇਹ ਕੀ ਹੈ। ਕਿਉਂਕਿ ਇਹ ਉਹ ਹੈ ਕਿ ਅਸੀਂ ਬੂਹੇ ਤੇ ਹਾਂ। ਇੱਥੇ ਅਸੀਂ ਸਮੇਂ ਤੇ ਹਾਂ। ਹੁਣ ਧਿਆਨ ਦਿਓ।

190 ਹੁਣ ਇੱਧਰ ਵੇਖੋ, ਉਹ ਸਿੱਧਾ ਯਹੂਦੀਆਂ ਵੱਲ ਘੁੰਮਦਾ ਹੈ ਅਤੇ ਅੰਤ ਦੇ ਸਮੇਂ ਵਿੱਚ ਉਹ ਕਹਿੰਦਾ ਹੈ ਕੀ ਹੋਣ ਵਾਲਾ ਹੈ। ਅਸੀਂ ਇਹ ਹੁਣ ਵੀ ਜਾਣਦੇ ਹਾਂ .....ਹੁਣ ਅਸੀਂ ਜਾਣਦੇ ਹਾਂ ......ਸਾਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਗੋਤ ਖਿੱਲਰੇ ਹੋਏ ਹਨ। ਉਹ ਪੱਚੀ ਸੋ ਸਾਲ ਹੋ ਗਏ ਖਿੱਲਰੇ ਹੋਏ ਹਨ। ਉਨ੍ਹਾਂ ਲਈ ਭਵਿੱਖਬਾਣੀ ਹੋਈ ਸੀ ਕਿ ਉਹ ਚਹੁੰ ਦਿਸ਼ਾਵਾਂ ਵਿੱਚ ਖਿੱਲਰ ਜਾਣਗੇ। ਕੀ ਤੁਹਾਨੂੰ ਇਹਦਾ ਪਤਾ ਹੈ?ਅਸੀਂ ਇਹ ਜਾਣਦੇ ਹਾਂ।



*ਜਿਹੜੇ ਤੈਨੂੰ ਮਿਸਰ ਦੇਸ਼ ਤੋਂ ਕੱਢ ਲਿਆਏ। ਤਾਂ ਉਸਨੇ ਇੱਕ ਬੈਤਏਲ ਵਿੱਚ ਟਿਕਾਇਆ ਅਤੇ ਦੂਜਾ ਦਾਨ ਵਿੱਚ ਰੱਖ ਦਿੱਤਾ।*

214 ਵੇਖੋ, ਅਫਰਾਈਮ ਅਤੇ ਬੈਤਏਲ ਵਿੱਚ ਦਾਨ ਅਤੇ ਉਨ੍ਹਾਂ ਨੇ ਮੂਰਤੀਆਂ ਸਥਾਪਤ ਕੀਤੀਆਂ ਅਤੇ ਉਹ ਇਹਨਾਂ ਦੀ ਭਗਤੀ ਕਰਨ ਲਈ ਗਏ।

215 ਅਤੇ ਹੁਣ ਇੱਥੇ ਅਸੀਂ ਲੱਗ ਭੱਗ ਹਜ਼ਾਰ ਸਾਲੇ ਯੁੱਗ ਦੇ ਲਾਗੇ ਹਾਂ ਅਤੇ ਪ੍ਰਮੇਸ਼ੁਰ ਹਾਲੇ ਵੀ ਇਸ ਪਾਪ ਨੂੰ ਯਾਦ ਰੱਖਦਾ ਹੈ। ਉਹਨਾਂ ਦੀ ਉੱਥੇ ਗਿਣਤੀ ਤੱਕ ਨਹੀਂ ਕੀਤੀ ਗਈ। ਔਹ, ਵਡਿਆਈ ਹੋਵੇ ![ਭਾਈ ਬ੍ਰਾਨਹਾਮ ਇੱਕ ਵਾਰ ਤਾੜੀ ਵਜਾਉਂਦੇ ਹਨ-ਸੰਪਾ]ਜਿਸ ਤਰ੍ਹਾਂ ਉਹ ਚੰਗੇ ਵਾਦਿਆਂ ਨੂੰ ਪੂਰੀ ਤਰ੍ਹਾਂ ਯਾਦ ਰੱਖਦਾ ਹੈ, ਉਸੇ ਤਰ੍ਹਾਂ ਹੀ ਉਹ ਹਰ ਬੁਰਾਈ ਨੂੰ ਯਾਦ ਰੱਖਦਾ ਹੈ। ਉਹ ਯਾਦ ਰੱਖਦਾ ਹੈ, ਜਦੋਂ ..

216 ਮਿੱਤਰੋ ਇਹੋ ਹੀ ਕਾਰਨ ਹੈ ਕਿ ਮੈਂ ਪ੍ਰਤੀਤ ਕਰਦਾ ਹਾਂ, ਹਮੇਸ਼ਾਂ ਵਚਨ ਦੇ ਨਾਲ ਖੜ੍ਹੇ ਰਹਿਣ ਦੀ ਕੋਸ਼ਿਸ਼ ਕਰਦਾ ਹਾਂ, ਇਹਦੇ ਨਾਲ ਕੋਈ ਮਤਲਬ ਨਹੀਂ ਕਿ ਇਹ ਕਿੰਨਾ ਅਜੀਬ ਲੱਗਦਾ ਹੈ।

217 ਹੁਣ ਵੇਖੋ ਉਹ ਇਹਦੇ ਬਾਰੇ ਵਿੱਚ ਤਦ ਨਹੀਂ ਸੋਚਦੇ। ਉਨ੍ਹਾਂ ਨੇ ਤਦ ਤੱਕ ਨਹੀਂ ਸੋਚਿਆ। ਉਹਨਾਂ ਨੇ ਸੋਚਿਆ ਠੀਕ ਹੈ ਇਹਦੇ ਨਾਲ ਉਨ੍ਹਾਂ ਦਾ ਕੰਮ ਬਣ ਗਿਆ ਹੈ। ਠੀਕ ਹੈ।

218 ਅਤੇ ਹੁਣ ਉਹ ਇੱਥੇ ਜਦ ਕਿ ਹਜਾਰ ਸਾਲ ਦਾ ਯੁੱਗ ਸ਼ੁਰੂ ਹੈ ਜਦੋਂ ਉਨ੍ਹਾਂ ਦੇ ਅਤੇ ਗੋਤਾਂ ਦੇ ਨਾਮ ਇਹਦੇ ਵਿੱਚੋਂ ਮਿਟਾ ਦਿੱਤੇ ਗਏ ਕਿਉਂਕਿ ਉਹਨਾਂ ਨੇ ਉਹਨਾਂ ਮੂਰਤੀਆਂ ਦੀ ਭਗਤੀ ਕੀਤੀ ਜਿਨ੍ਹਾਂ ਨੂੰ ਪ੍ਰਮੇਸ਼ੁਰ ਨੇ ਸਰਾਪੀ ਠਹਿਰਾਇਆ ਸੀ।

219 ਕੀ ਉਸਨੇ ਨਹੀਂ ਕਿਹਾ ਉਸ ਨੂੰ ਨਿਕੁਲਾਈਆਂ ਅਤੇ ਈਜ਼ਬਲ ਤੋਂ ਘਿਰਣਾ ਹੈ? ਉਸ ਤੋਂ ਅਲੱਗ ਰਹੋ। ਕੀ ਉਸਨੇ ਨਹੀਂ ਕਿਹਾ ਕਿ ਈਜ਼ਬਲ ਦੀਆਂ ਧੀਆਂ ਨੂੰ ਮੌਤ ਦੇ ਨਾਲ ਮਾਰ ਦੇਵੇਗਾ ਜੋ ਕਿ ਉਸਦੀ ਹਜ਼ੂਰੀ ਤੋਂ ਹਮੇਸ਼ਾਂ ਦੀ ਜੁਦਾਈ ਹੈ। ਇਸ ਵਿੱਚ ਬਿਲਕੁੱਲ ਵੀ ਵਿਸ਼ਵਾਸ਼ ਨਾ ਕਰੋ। ਉਸ ਤੋਂ ਵੱਖ ਹੋ ਜਾਓ। ਇਸ ਲਈ ਖੁਦਾ ਯਾਦ ਰੱਖਦਾ ਹੈ। ਧਿਆਨ ਦਿਓ।

220 ਕੀ ਤੁਸੀਂ ਉੱਥੇ ਧਿਆਨ ਦਿੱਤਾ ਕਿ ਉਸਦਾ ਨਾਮ ਤਾਂ ਮਿਟਾਇਆ ਹੀ ਜਾਣਾ ਸੀ? ਕਿਉਂ? ਸੁਰਗ ਦੇ ਹੇਠਾਂ ਕੋਈ ਮੌਜੂਦ ਬਲੀਦਾਨ ਨਹੀਂ ਸੀ ਜੋ ਕਿ ਉਸਨੂੰ ਪਵਿੱਤਰ ਆਤਮਾ ਦੇ ਸੱਕਦਾ ਸੀ ਜੋ ਉਸਨੂੰ ਇਹ ਗੱਲਾਂ ਨੂੰ ਵਿਖਾ ਦਿੰਦਾ। ਪ੍ਰੰਤੂ ਜੋ ਕੁਝ ਵੀ ਉਸਨੇ ਇਹ ਆਪਣੀ ਸਾਵਰਥ ਵਾਲੀ ਅਕਲ ਦੇ ਨਾਲ ਕੀਤਾ।

221 ਪ੍ਰੰਤੂ ਹਿਜ਼ਕੀਏਲ ਆਪਣੇ ਹਜ਼ਾਰ ਸਾਲ ਦੇ ਰਾਜ਼ ਦੇ ਦਰਸ਼ਨ ਵਿੱਚ ਉਹਨਾਂ ਨੂੰ ਫਿਰ ਠੀਕ ਅਤੇ ਕਾਲਕ੍ਰਮ ਵਿੱਚ ਵੇਖਦਾ ਹੈ। ਹਿਜ਼ਕੀਏਲ, ਜੇ ਤੁਸੀਂ ਇਹਨੂੰ ਪੜ੍ਹਨਾ ਚਾਹੋ ਤਾਂ ਇਸਨੂੰ ਲਿਖ ਲਓ ਅਤੇ ਤੁਸੀਂ ਪੜ੍ਹ ਸੱਕਦੇ ਹੋ, ਸਮੇਂ ਨੂੰ ਬਚਾਉਣ ਲਈ। ਹਿਜ਼ਕੀਏਲ 48:1-7ਅਤੇ 23-29 ਹਿਜ਼ਕੀਏਲ ਨੇ ਹਰੇਕ ਗੋਤ ਨੂੰ ਬਿਲਕੁੱਲ ਬਿਵਸਥਾ ਅਨੁਸਾਰ ਵੇਖਿਆ। ਸੱਭ ਠੀਕ ਹੈ।

222 ਅਤੇ ਪ੍ਰਕਾਸ਼ ਦੀ ਪੋਥੀ 14 ਵਿੱਚ ਯੂਹੰਨਾ ਨੇ ਉਹਨਾਂ ਨੂੰ ਫਿਰ ਗੋਤਾਂ ਦੇ ਠੀਕ ਕਾਲ ਕ੍ਰਮ ਵਿੱਚ ਵੇਖਿਆ। ਹਰੇਕ ਗੋਤ ਨੂੰ ਉਸਦੀ ਆਪਣੀ ਥਾਂ ਤੇ। ਕੀ ਵਾਪਰਿਆ?

208 ਇਸ ਲਈ ਜੇ ਕੋਈ ਮਨੁੱਖ ਮੂਰਤੀ ਪੂਜਾ ਕਰੇ ਜਾਂ ਆਪਣੇ ਕੋਲ ਕੋਈ ਮੂਰਤੀ ਰੱਖੇ ਜਾਂ ਆਪਣੇ ਆਪ ਨੂੰ ਆਪਣੇ ਮਨ ਦੀ ਕਲਪਨਾ ਨਾਲ ਮੁਬਾਰਕ ਕਹੇ ਅਤੇ ਮੂਰਤੀ ਦੀ ਪੂਜਾ ਕਰੇ, ਪ੍ਰਮੇਸ਼ੁਰ ਨੇ ਕਿਹਾ, ਆਦਮੀ, ਤੀਵੀਂ, ਟੱਬਰ ਜਾਂ ਗੋਤ ਉਸਦਾ ਨਾਮ ਪੂਰੀ ਤਰ੍ਹਾਂ ਲੋਕਾਂ ਵਿੱਚੋਂ ਮਿਟਾ ਦਿੱਤਾ ਜਾਵੇ। ਕੀ ਹੁਣ ਇਹ ਠੀਕ ਹੈ? [ਸੰਗਤ ਆਖਦੀ ਹੈ, "ਆਮੀਨ। "]ਕਿੰਨੀ ਸੱਚਾਈ ਹੈ!

209 ਸਾਲਾਂ ਪਹਿਲਾਂ ਮੂਰਤੀ ਪੂਜਾ ਨੇ ਕਲੀਸਿਯਾ ਵਿੱਚ ਇਹੋ ਕੀਤਾ ਅਤੇ ਅੱਜ ਵੀ ਕਰਦੀ ਹੈ। ਅਤੇ ਮੈਂ ਧਿਆਨ ਦਿੰਦਾ ਹਾਂ .....ਵੇਖੋ, ਕਿਵੇਂ ਮਸੀਹ ਵਿਰੋਧੀ, ਵਿਰੋਧ ਵਿੱਚ ਚਾਲ ਚੱਲ ਰਿਹਾ ਹੈ। ਕਿੰਨੇ ਲੋਕ ਇਹ ਜਾਣਦੇ ਹਨ ਕਿ ਸ਼ੈਤਾਨ ਪ੍ਰਮੇਸ਼ੁਰ ਦੇ ਕੰਮਾਂ ਦੀ ਨਕਲ ਕਰਦਾ ਹੈ?

210 ਕੀ ਹੈ-ਪਾਪ ਕੀ ਹੈ? ਠੀਕ ਚੀਜ਼ ਵਿੱਚ ਮਿਲਾਵਟ। ਝੂਠ ਕੀ ਹੈ? ਸੱਚ ਨੂੰ ਗਲਤ ਪ੍ਰਗਟ ਕਰਨਾ। ਵਿਭਚਾਰ ਕੀ ਹੈ? ਠੀਕ ਕੰਮ, ਕਨੂੰਨੀ ਕੰਮ ਨੂੰ ਗਲਤ ਤਰੀਕੇ ਨਾਲ ਕੀਤਾ ਜਾਣਾ। ਸਮਝੇ?

211 ਹੁਣ ਇਹ ਕਰਨ ਦੀ ਕੋਸ਼ਿਸ਼ ਵਿੱਚ, ਨਾਮ ਮਿਟਾ ਦਿੱਤੇ, ਕੀ ਤੁਸਾਂ ਚਰਚ ਯੁੱਗਾਂ ਵਿੱਚ ਧਿਆਨ ਦਿੱਤਾ ਉਹ ਹੀ ਦਰਿੰਦਾ ਮਰੇ ਹੋਏ ਲੋਕਾਂ ਦੀਆਂ ਮੂਰਤੀਆਂ ਦੀ ਪੂਜਾ ਕਰਦਾ ਹੈ ਅਤੇ ਆਦਿ। ਪ੍ਰਭੂ ਯਿਸੂ ਮਸੀਹ ਦਾ ਨਾਮ ਮਿਟਾਉਣ ਅਥਵਾ ਖਤਮ ਕਰਨ ਦਾ ਯਤਨ ਕਰਦਾ ਹੈ ਅਤੇ ਉਸਨੂੰ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੀਆਂ ਉਪਾਧੀਆਂ ਦਿੰਦਾ ਹੈ। ਉਹ ਹੀ ਗੱਲ, ਇਸ ਤਰ੍ਹਾਂ ਇਹਦੇ ਪਿੱਛੇ ਉਹ ਹੀ ਸਰਾਪ ਹੈ।

212 ਦਾਨ ਅਤੇ ਅਫਰਾਈਮ ਨੇ ਇੱਕ ਪਖੰਡੀ ਰਾਜੇ ਯਾਰਾਬੁਆਮ ਦੇ ਰਾਜ ਵਿੱਚ ਇਹ ਹੀ ਕੀਤਾ। ਹੁਣ ਪਹਿਲਾ ਰਾਜਾ 12 ਬਾਬ ਵੱਲ ਧਿਆਨ ਦਿਓ। ਮੈਂ ਜਾਣਦਾ ਹਾਂ ਅਸੀਂ .....ਇਹ ਪਿੱਠਭੂਮੀ ਹੈ ਜਿਹਦੇ ਤੇ ਅਸੀਂ ਨਿਰਭਰ ਕਰ ਸੱਕਦੇ ਹਾਂ ਜੋ ਅਸੀਂ ਵੇਖਦੇ ਹਾਂ। ਮੈਂ ਰਾਜਿਆਂ ਦੀ ਪਹਿਲੀ ਪੋਥੀ 12 ਬਾਬ ਦੀ 25 ਤੋਂ ਲੈ ਕੇ 30 ਆਇਤ ਤੱਕ ਪੜ੍ਹਨਾ ਚਾਹੁੰਦਾ।

> *ਤਾਂ ਯਾਰਾਬੁਆਮ ਨੇ ਅਫਰਾਈਮ ਪਹਾੜ ਵਿੱਚ ਸ਼ਕਮ ਨੂੰ ਬਣਾਇਆ ਅਤੇ ਉਹ ਦੇ ਵਿੱਚ ਵੱਸਿਆ ਅਤੇ ਉੱਥੋਂ ਜਾ ਕੇ ਪਨੂਏਲ ਨੂੰ ਬਣਾਇਆ। ਤਾਂ ਯਾਰਾਬੁਆਮ ਨੇ ਆਪਣੇ ਮਨ ਵਿੱਚ ਆਖਿਆ ਹੁਣ ਰਾਜ ਦਾਊਦ ਦੇ ਘਰਾਣੇ ਵੱਲ ਮੁੜ ਜਾਵੇਗਾ।* (ਉਸਦੇ ਦਿਲ ਦੀ ਕਲਪਨਾ ਵੇਖੋ। )

213 ਹੁਣ ਵੇਖੋ ਇਹ ਡਰ ਰਿਹਾ ਸੀ ਕਿਉਂਕਿ ਹੋ ਸੱਕਦਾ ਹੈ ਲੋਕ ਚਲੇ ਜਾਣ।

> *ਜੇ ਕਦੀ ਏਹ ਲੋਕ ਯਰੂਸ਼ਲਮ ਨੂੰ ਯਹੋਵਾਹ ਦੇ ਭਵਨ ਵਿੱਚ ਬਲੀ ਚੜ੍ਹਾਉਣ ਨੂੰ ਜਾਣ ਤਾਂ ਉਨ੍ਹਾਂ ਲੋਕਾਂ ਦੇ ਮਨ ਆਪਣੇ ਸੁਆਮੀ ਦੀ ਵੱਲ ਅਰਥਾਤ ਯਹੂਦਾਹ ਦੇ ਪਾਤਸ਼ਾਹ ਰਾਹਬੁਆਮ ਵੱਲ ਫਿਰ ਜਾਣਗੇ ਅਤੇ ਓਹ ਮੈਨੂੰ ਮਾਰ ਸੁੱਟਣਗੇ ਅਤੇ ਯਹੂਦਾਹ ਦੇ ਪਾਤਸ਼ਾਹ ਰਹਬੁਆਮ ਵੱਲ ਮੁੜ ਜਾਣਗੇ।*
>
> *ਏਸ ਉੱਤੇ ਰਾਜਾ ਨੇ ਸਲਾਹ ਕਰਕੇ ਸੋਨੇ ਦੇ ਦੋ ਵੱਛੇ ਬਣਾਏ ਅਤੇ ਉਨ੍ਹਾਂ ਲੋਕਾਂ ਨੂੰ ਆਖਿਆ, ਕਿ ਯਰੂਸ਼ਲਮ ਨੂੰ ਚੜ੍ਹਨਾ ਤੁਹਾਡਾ ਵਾਧੂ ਹੀ ਹੈ। ਵੇਖ ਹੇ ਇਸਰਾਏਲ ਆਪਣੇ ਦਿਓਤੇ*



191 ਅਸਲ ਵਿੱਚ ਅਸੀਂ ਪਿੱਛੇ ਜਾ ਕੇ ਇਨ੍ਹਾਂ ਗੱਲਾਂ ਨੂੰ ਨਹੀਂ ਵੇਖਾਂਗੇ ਕਿਉਂਕਿ ਇਹ ਹੀ ਮੇਰੇ ਕੋਲ ਇੱਕ ਖਾਸ ਗੱਲ ਹੈ, ਮੈਂ ਚਾਹੁੰਦਾ ਹਾਂ ਕਿ ਇਸ ਤੋਂ ਪਹਿਲਾਂ ਕਿ ਤੁਸੀਂ ਅਤੇ ਮੈਂ ਬਹੁਤ ਥੱਕ ਟੁੱਟ ਜਾਈਏ, ਤੁਸੀਂ ਇਹਨੂੰ ਵੇਖ ਲਓ।

192 ਧਿਆਨ ਦਿਓ, ਸਾਨੂੰ ਪਤਾ ਹੈ ਇੱਥੋਂ ਤੱਕ ਕਿ ਹਰੇਕ ਗੋਤਰ -ਜੋ ਕਿ ਗੋਤਾਂ ਦਾ ਕਾਲਕ੍ਰਮ ਜਾਂ ਤੁਸੀਂ ਜੋ ਕੁਝ ਵੀ ਇਹਨੂੰ ਕਹਿੰਦੇ ਹੋ, ਜਾਂ ਕਾਲਕ੍ਰਮ ....ਗੋਤਾਂ ਦੀ ਕਤਾਰ ਇੱਕ ਸਾਰ ਨਹੀਂ ਹੈ। ਉਹ ਸੱਭ ਖਿੱਲਰ ਗਏ ਹਨ।

193 ਯਹੂਦੀ ਜਿਹੜੇ ਯਰੂਸ਼ਲਮ ਵਿੱਚ ਇਕੱਠੇ ਹੋ ਰਹੇ ਹਨ ਕਿ ਨਹੀਂ ......ਉਹ ਆਪਣੇ ਗੋਤ ਨੂੰ ਨਹੀਂ ਜਾਣਦੇ ਹਨ। ਉਨ੍ਹਾਂ ਦੇ ਕੋਲ ਗੋਤ ਦਾ ਕੋਈ ਝੰਢਾ ਨਹੀਂ ਹੈ। ਉਹ ਸਿਰਫ ਇੰਨਾ ਜਾਣਦੇ ਹਨ ਕਿ ਉਹ ਯਹੂਦੀ ਹਨ। ਸਾਰੀ ਦੁਨੀਆਂ ਵਿੱਚ, ਇਸ ਹਾਲ ਵਿੱਚ ਹੋਣ ਲਈ ਉਨ੍ਹਾਂ ਲਈ ਭਵਿੱਖਬਾਣੀ ਕੀਤੀ ਗਈ ਸੀ। ਹੁਣ ਉਨ੍ਹਾਂ ਦੀਆਂ ਕਿਤਾਬਾਂ ਨਸ਼ਟ ਕਰ ਦਿੱਤੀਆਂ ਗਈਆਂ ਹਨ। ਉਹ ਨਹੀਂ ਜਾਣਦੇ ਹਨ।

> ਤੁਸੀਂ ਕਹਿੰਦੇ ਹੋ, "ਤੁਸੀਂ ਕਿਹੜੇ ਗੋਤ ਦੇ ਹੋ?"
>
> "ਮੈਨੂੰ ਨਹੀਂ ਪਤਾ ਹੈ। "
>
> "ਕਿਹੜਾ ਗੋਤ ਹੈ?"
>
> "ਮੈਂ ਨਹੀਂ ਜਾਣਦਾ ਹਾਂ। "

194 ਇੱਕ ਬਿਨਯਾਮੀਨ ਤੋਂ, ਇੱਕ ਉਸ ਤੋਂ, ਇੱਕ ਉਸ ਤੋਂ। ਉਹ ਜਾਣਦੇ ਨਹੀਂ ਹਨ ਕਿ ਉਹ ਕਿਹੜੀ ਗੋਤ ਦੇ ਹਨ। ਉਨ੍ਹਾਂ ਦੀਆਂ ਕਿਤਾਬਾਂ ਲੜ੍ਹਾਈਆਂ ਦੇ ਸਮੇਂ ਅਤੇ ਇਨ੍ਹਾਂ ਪੱਚੀ ਸੋ ਸਾਲਾਂ ਦਰਮਿਆਨ ਨਸ਼ਟ ਹੋ ਗਈਆਂ। ਉਹ ਸਿਰਫ ਏਨਾ ਹੀ ਜਾਣਦੇ ਹਨ ਕਿ ਉਹ ਯਹੂਦੀ ਹਨ। ਬਸ। ਇਸ ਲਈ ਉਹ ਜਾਣਦੇ ਹਨ ਕਿ ਉਹ ਆਪਣੇ ਦੇਸ਼ ਵਿੱਚ ਫਿਰ ਆ ਗਏ ਹਨ। ਉਹ ਹੁਣ ਵੀ ......ਧਿਆਨ ਦਿਓ, ਭਾਵੇਂ ਉਹ ਆਪਣੇ ਗੋਤ ਬਾਰੇ ਨਹੀਂ ਜਾਣਦੇ, ਪ੍ਰੰਤੂ ਪ੍ਰਮੇਸ਼ੁਰ ਜਾਣਦਾ ਹੈ।

195 ਤੁਸੀਂ ਜਾਣਦੇ ਹੋ ਮੈਨੂੰ ਇਹ ਬਹੁਤ ਪਸੰਦ ਹੈ, ਉਸਨੇ ਉੱਥੇ ਇਹ ਵੀ ਕਿਹਾ ਹੈ ....... ਤੁਹਾਡੇ ਸਿਰ ਦੇ ਸਾਰੇ ਵਾਲ ਵੀ ਗਿਣੇ ਹੋਏ ਹਨ, ਹਾਂ ਧਿਆਨ ਦਿਓ ਉਹਦਾ ਕੁਝ ਨਹੀਂ ਗੁਆਚਦਾ, "ਮੈਂ ਇਹਨੂੰ ਆਖਰੀ ਦਿਨ ਫਿਰ ਜੀਉਂਦਾ ਉਠਾ ਲਵਾਂਗਾ। "

196 ਭਾਵੇਂ ਕਿ ਉਹ ਆਪਣੀਆਂ ਗੋਤਾਂ ਦੇ ਝੰਢੇ ਗੁਆ ਚੁੱਕੇ ਹਨ ਅਤੇ ਕੌਣ ਕਿਹੜੇ ਗੋਤ ਵਿੱਚੋ ਹੈ ਅਤੇ ਉਹ ਇਸ ਨਾਲ ਜਾਂ ਉਸ ਨਾਲ ਹਨ, ਉਹ ਜਾਣਦੇ ਹਨ, ਉਹਨਾਂ ਨੂੰ ਨਹੀਂ ਪਤਾ ਕਿ ਉਹ ਬਿਨਯਾਮੀਨ ਦੇ ਗੋਤ ਵਿੱਚੋਂ ਹਨ ਜਾਂ ਉਹ ਰਾਊਬੇਨ ਦੇ ਗੋਤ ਵਿੱਚੋਂ ਹਨ ਜਾਂ-ਯਿੱਸਾਕਾਰ ਦੇ ਗੋਤ ਵਿੱਚੋ ਜਾਂ ਉਹ ਕਿਹੜੇ ਗੋਤ ਵਿੱਚੋਂ ਹਨ। ਪ੍ਰੰਤੂ ਜੋ ਵੀ ਹੈ ਖੁਦਾ ਨੇ ਉਹਨਾਂ ਨੂੰ ਉੱਥੇ ਬੁਲਾਇਆ ਹੈ।

197 ਹੁਣ ਪ੍ਰਕਾਸ਼ ਪੋਥੀ 7 ਬਾਬ ਤੇ ਧਿਆਨ ਦਿਓ। ਹਰੇਕ ਗੋਤ ਵਿੱਚੋਂ ਚੁਣੇ ਹੋਏ ਬਾਰਾਂ-ਬਾਰਾਂ ਹਜ਼ਾਰ। ਹਰੇਕ ਗੋਤ ਵਿੱਚੋਂ ਜਿਹੜੇ ਬਾਰਾਂ ਹਜ਼ਾਰ ਚੁਣੇ ਗਏ ਹਨ ਇੱਥੇ ਇੱਕਸਾਰਤਾ ਅਥਵਾ ਕ੍ਰਮ

ਵਿੱਚ ਰੱਖੇ ਹੋਏ ਹਨ। ਔਹ ਪ੍ਰਭੂ !ਉਹ ਕੌਣ ਹਨ?ਉਹ ਗੋਤਾਂ ਦੇ ਕਾਲਕ੍ਰਮ ਵਿੱਚ ਹਨ। ਗੋਤਾਂ ਦਾ ਕ੍ਰਮ ਕੀ ਹੁੰਦਾ ਹੈ? ਆਮ ਯਹੂਦੀ, ਨਹੀਂ, ਨਹੀਂ। ਸਿਰਫ ਉਹ ਜਿਹੜੇ ਚੁਣੇ ਹੋਏ ਹਨ। ਇੱਕ ਲੱਖ ਚੁਤਾਲੀ ਹਜ਼ਾਰ ਗੋਤਾਂ ਦੇ ਕਾਲ ਕ੍ਰਮ ਵਿੱਚ ਤਹਿ ਕੀਤੇ ਹੋਏ ਹਨ। ਹੇ, ਪ੍ਰਭੂ !

198 ਮੈਂ ਤੁਹਾਨੂੰ ਕਿਵੇਂ ਵਿਖਾਉਣਾ ਚਾਹੁੰਦਾ ਹਾਂ!ਅਸੀਂ ਇਹਦੀ ਗਹਿਰਾਈ ਵਿੱਚ ਨਹੀਂ ਜਾਵਾਂਗੇ। ਪ੍ਰੰਤੂ ਬਿਲਕੁੱਲ ਇਸੇ ਤਰ੍ਹਾਂ ਕਲੀਸਿਯਾ ਨੇ ਹੋਣਾ ਹੈ। ਔਹ, ਬਿਲਕੁੱਕ ਕ੍ਰਮ ਵਿੱਚ।

199 ਹੁਣ ਮੈਂ ਚਾਹੁੰਦਾ ਹਾਂ ਕਿ ਤੁਸੀਂ ਮੇਰੇ ਨਾਲ ਇਹਨੂੰ ਧਿਆਨ ਨਾਲ ਵੇਖੋ ਅਤੇ ਇੱਕ ਮਿੰਟ ਲਈ ਪੜ੍ਹੋ। ਹੁਣ ਇੱਥੇ ਕੁਝ ਹੈ ਜੋ ਕਿ ਸੰਭਵ ਹੈ ਕਿ ਤੁਸੀਂ ਇਹਦੇ ਤੇ ਧਿਆਨ ਨਾ ਦਿੱਤਾ ਹੋਵੇ -ਗੋਤਾਂ ਦੀ ਬੁਲਾਹਟ ਉੱਤੇ। ਕੁਛ ਪਲ ਪਹਿਲਾਂ ਮੈਂ ਤੁਹਾਨੂੰ ਪ੍ਰਕਾਸ਼ ਪੋਥੀ ਸੱਤ ਪਾਠ ਪੜ੍ਹਨ ਲਈ ਕਿਹਾ ਸੀ। ਹੁਣ ਮੇਰੇ ਨਾਲ ਪੜ੍ਹੋ ਅਤੇ ਉਨ੍ਹਾਂ ਗੋਤਾਂ ਉੱਤੇ ਧਿਆਨ ਦਿਓ। ਪ੍ਰਕਾਸ਼ ਪੋਥੀ, ਦਾਨ ਅਤੇ ਅਫਰਾਈਮ ਉੱਥੇ ਨਹੀਂ ਹਨ ਅਤੇ ਉਹਨਾਂ ਦੇ ਨਾਲ ਗਿਣੇ ਨਹੀਂ ਗਏ ਹਨ। ਕੀ ਤੁਸੀਂ ਇਹਦੇ ਤੇ ਧਿਆਨ ਦਿੱਤਾ ? ਉਹਨਾਂ ਦੀ ਥਾਂ ਤੇ ਯੂਸਫ ਅਤੇ ਲੇਵੀ ਹਨ। ਕੀ ਤੁਸੀਂ ਧਿਆਨ ਦਿੱਤਾ? ਦਾਨ ਅਤੇ ਅਫਰਾਈਮ ਉੱਥੇ ਨਹੀਂ ਹਨ। ਨਹੀਂ ਸ਼੍ਰੀਮਾਨ ਜੀ ਪ੍ਰੰਤੂ ਯੂਸਫ ਅਤੇ ਲੇਵੀ ਉਹਨਾਂ ਦੀ ਜਗ੍ਹਾ ਤੇ ਹਨ, ਦਾਨ ਅਤੇ ਅਫਰਾਈਮ ਦੀ ਜਗ੍ਹਾ ਤੇ ਹਨ।

200 ਕਿਉਂ? ਹਮੇਸ਼ਾਂ ਯਾਦ ਰੱਖਣ ਵਾਲਾ ਖੁਦਾ ਆਪਣੇ ਵਚਨ ਦੇ ਵਾਅਦੇ ਨੂੰ ਹਮੇਸ਼ਾਂ ਯਾਦ ਰੱਖਦਾ ਹੈ। ਔਹ, ਮੈਂ ਇਹਦੇ ਤੇ ਪ੍ਰਚਾਰ ਕਰਨਾ ਚਾਹੁੰਦਾ ਹਾਂ। ਸਮਝੇ? ਪ੍ਰਮੇਸ਼ੁਰ ਕਦੇ ਵੀ ਕੁਝ ਨਹੀਂ ਭੁੱਲਦਾ ਹੈ, ਭਾਵੇਂ ਕਿ ਇਸ ਤਰ੍ਹਾਂ ਲੱਗਦਾ ਹੈ।

201 ਜਿਵੇਂ ਕਿ ਉਸਨੇ ਮੂਸਾ ਨੂੰ ਕਿਹਾ, ਇਸਰਾਏਲ ਉੱਥੇ ਚਾਰ ਸੋ ਸਾਲਾਂ ਤੋਂ ਸੀ। ਉਹਨਾਂ ਨੇ ਉਸ ਸਮੇਂ ਤੱਕ ਰਹਿਣਾ ਸੀ। ਉਸਨੇ ਅਬਰਾਹਾਮ ਨੂੰ ਦੱਸਿਆ ਕਿ " ਤੇਰਾ ਵੰਸ਼ ਪਰਾਏ ਦੇਸ਼ ਵਿੱਚ ਚਾਰ ਸੋ ਸਾਲ ਤੱਕ ਰਹੇਗਾ, ਫਿਰ ਉਹ ਅਪਣੇ ਸ਼ਕਤੀਸ਼ਾਲੀ ਹੱਥ ਨਾਲ ਉਹਨਾਂ ਨੂੰ ਕੱਢ ਲਿਆਵੇਗਾ। " ਪ੍ਰੰਤੂ ਉਸਨੇ ਮੂਸਾ ਨੂੰ ਕਿਹਾ ਮੈਨੂੰ ਆਪਣਾ ਵਾਇਦਾ ਯਾਦ ਹੈ, ਅਤੇ ਮੈਂ ਹੇਠਾਂ ਉੱਤਰ ਆਇਆ ਹਾਂ ਕਿ ਜੋ ਮੈਂ ਕਿਹਾ ਸੀ ਉਸਨੂੰ ਪੂਰਾ ਕਰਾਂ। "

202 ਪ੍ਰਮੇਸ਼ੁਰ ਭੁੱਲਦਾ ਨਹੀਂ ਹੈ। ਉਹ ਆਪਣੇ ਸ਼ਰਾਪ ਨਹੀਂ ਭੁੱਲਦਾ ਹੈ, ਨਾ ਹੀ ਉਹ ਆਪਣੀਆਂ ਬਰਕਤਾਂ ਭੁੱਲਦਾ ਹੈ। ਪ੍ਰੰਤੂ ਹਰੇਕ ਵਾਅਦਾ ਜਿਹੜਾ ਉਸਨੇ ਕੀਤਾ ਉਹ ਉਸਨੰ ਪੂਰਾ ਕਰਦਾ ਹੈ।

203 ਹੁਣ ਉਹ ਇੱਥੇ ਕਿਉਂ ਰਹਿ ਗਏ ਹਨ। ਹੁਣ ਜੇ ਤੁਸੀਂ ਇਹਦੇ ਤੇ ਧਿਆਨ ਦਿਓ। ਹੁਣ ਪੜ੍ਹੋ .....ਮੈਂ ਚਾਹੁੰਦਾ ਹਾਂ ਕਿ ਤੁਸੀਂ ਮੇਰੇ ਨਾਲ ਇਹਨੂੰ ਪੜ੍ਹੋ। ਬਿਵਸਥਾ ਦੀ ਪੋਥੀ ....29 ਆਇਤ ਅਸਲ ਵਿੱਚ 29 ਬਾਬ। ਇਹ ਗੋਤ ਇੱਥੇ ਕਿਉਂ ਨਹੀਂ ਹਨ ਇਸਦਾ ਕੋਈ ਕਾਰਨ ਹੈ। ਹਰੇਕ ਚੀਜ਼ ਦਾ ਕੋਈ ਨਾ ਕੋਈ ਕਾਰਨ ਹੁੰਦਾ ਹੈ। ਅਸੀਂ ਬਿਵਸਥਾਸਾਰ ਦੀ 29 ਬਾਬ ਪੜ੍ਹਾਂਗੇ। ਹੁਣ ਖੁਦਾ ਸਾਡੀ ਮੱਦਦ ਕਰੇ ਤਾਂ ਕਿ ਅਸੀਂ ਇਹਨੂੰ ਸਮਝ ਸਕੀਏ। ਹੁਣ ਅਸੀਂ ਬਿਵਸਥਾਸਾਰ ਦੀ 29 ਬਾਬ ਦੀ 16 ਆਇਤ ਤੋਂ ਸ਼ੁਰੂ ਕਰਨਾ ਚਾਹੁੰਦੇ ਹਾਂ। ਹੁਣ ਸੁਣੋ, ਮੂਸਾ ਬੋਲ ਰਿਹਾ ਹੈ।

*ਕਿਉਂ ਜੋ ਤੁਸੀਂ ਜਾਣਦੇ ਹੋ ਕਿ ਕਿਵੇਂ ਅਸੀਂ ਮਿਸਰ ਦੇਸ਼ ਵਿੱਚ ਵੱਸੇ ਅਤੇ ਕਿਵੇਂ ਅਸੀਂ ਉਨ੍ਹਾਂ ਕੌਮਾਂ ਦੇ ਵਿੱਚ ਦੀ ਹੋ ਕੇ ਆਏ ਜਿਨ੍ਹਾਂ ਦੇ ਵਿੱਚੋਂ ਦੀ ਤੁਸੀਂ ਲੰਘੇ ਤੁਸਾਂ ਉਨ੍ਹਾਂ ਦੀਆਂ*



*ਘਿਣਾਉਣੀਆਂ ਚੀਜ਼ਾਂ ਅਤੇ ਓਹਨਾਂ ਦੀਆਂ ਮੂਰਤਾਂ ਵੇਖੀਆਂ ਅਰਥਾਤ ਲੱਕੜੀ, ਪੱਥਰ, ਚਾਂਦੀ ਅਤੇ ਸੋਨੇ ਦੀਆਂ ਚੀਜ਼ਾਂ ਜਿਹੜੀਆਂ ਓਹਨਾਂ ਦੇ ਕੋਲ ਹਨ।*

204 ਹਰ ਕੋਈ ਕੁਝ ਲੈ ਤੁਰਿਆ ਜਾਂ ਕੁਝ ਛੋਟੀ ਜਿਹੀ ਸਿਸਲੀਆ ਦੀ ਮੂਰਤੀ। ਤੁਸੀਂ ਜਾਣਦੇ ਹੋ ਇਸ ਤਰ੍ਹਾਂ ਹੀ ਕੁਝ। ਸਮਝੇ? "ਇਸੇ ਕਰਕੇ ਹੀ ......" ਸੁਣੋ।

*ਕਿਤੇ ਇਉਂ ਨਾ ਹੋਵੇ ਕਿ ਤੁਹਾਡੇ ਵਿੱਚੋਂ ਕੋਈ ਮਨੁੱਖ ਯਾ ਤੀਵੀਂ ਯਾ ਟੱਬਰ ਯਾ ਕੋਈ ਗੋਤ ਜਿਹ ਦਾ ਮਨ ਅੱਜ ਯਹੋਵਾਹ ਤੁਹਾਡੇ ਪ੍ਰਮੇਸ਼ੁਰ ਤੋਂ ਫਿਰ ਜਾਵੇ ਅਤੇ ਉਹ ਜਾ ਕੇ ਉਨ੍ਹਾਂ ਕੌਮਾਂ ਦੇ ਦੇਵਤਿਆਂ ਦੀ ਪੂਜਾ ਕਰੇ ਅਤੇ ਕਿਤੇ ਇਉਂ ਵੀ ਨਾ ਹੋਵੇ ਕਿ ਤੁਹਾਡੇ ਵਿੱਚ ਕਿਤੇ ਕੁੜੱਤਣ ਅਤੇ ਅੱਕ ਦੀ ਜੜ ਫੁੱਟ ਨਿੱਕਲੇ।*

*ਤਾਂ ਇਉਂ ਹੋਵੇਗਾ ਕਿ ਜਦ ਕੋਈ ਮਨੁੱਖ ਏਸ ਸਰਾਪ ਦੀਆਂ ਗੱਲਾਂ ਸੁਣ ਕੇ ਆਪਣੇ ਮਨ ਵਿੱਚ ਆਪਣੇ ਆਪ ਨੂੰ ਏਹ ਆਖ ਕੇ ਅਸੀਸ ਦੇਵੇ ਕਿ ਮੈਂ ਸ਼ਾਂਤੀ ਪਵਾਂਗਾ ਭਾਵੇਂ ਮੈਂ ਆਪਣੇ ਮਨ ਦੀ ਜ਼ਿੱਦ ਵਿੱਚ ਚੱਲਾਂ ਤਾਂ ਜੋ ਖੁਸ਼ਕੀ ਤਰ ਨਾਲ ਮਿਟ ਜਾਵੇ।*

205 ਵੇਖੋ, ਲੋਕ ਕਹਿੰਦੇ ਹਨ, "ਆਹ ਉਹ ਆਪਣੇ ਆਪ ਨੂੰ ਮੁਬਾਰਕ ਬਣਾਉਂਦੇ ਹਨ। " ਤੁਸੀਂ ਜਾਣਦੇ ਹੋ ਇੱਕ ਛੋਟੀ ਜਿਹੀ ਸਲੀਬ ਬਣਾ ਲਓ ਜਾਂ ਇਸੇ ਤਰ੍ਹਾਂ ਦਾ ਹੀ ਕੁਝ ਉਹ ਹੁਣ ਕਰਦੇ ਹਨ। ਤੁਸੀਂ ਵੇਖੋ ਉਹ ਹੀ ਚੀਜ਼। ਤੁਸੀਂ ਵੇਖੋ ਕਿ ਇਹ ਮੂਰਤੀ ਪੂਜਕਾਂ ਦੀ ਖਾਸੀਅਤ ਹੈ। ਮੂਰਤੀ ਪੂਜ਼ਕ। ਵੇਖਿਆ?

*ਆਪਣੇ ਆਪ ਨੂੰ ਏਹ ਆਖ ਕੇ ਅਸੀਸ ਦੇਵੇ ਕਿ ਮੈਂ ਸ਼ਾਂਤੀ ਪਵਾਂਗਾ ਭਾਵੇਂ ਮੈਂ ਆਪਣੇ ਮਨ ਦੀ ਜ਼ਿੱਦ ਵਿੱਚ ਚੱਲਾਂ ਤਾਂ ਜੋ ਖੁਸ਼ਕੀ ਤਰ ਨਾਲ ਮਿਟ ਜਾਵੇ।*

206 ਬਸ ਪੀਂਦੇ ਅਤੇ ਆਖਦੇ ਹਨ, ਇਹਦੇ ਨਾਲ ਕੋਈ ਫਰਕ ਨਹੀਂ ਪੈਂਦਾ ਹੈ ਜਦ ਤੱਕ ਕਿ ਤੁਸੀਂ ਚਰਚ ਵਿੱਚ ਜਾਂਦੇ ਹੋ। ਤੁਸੀਂ ਠੀਕ ਹੋ।

*ਯਹੋਵਾਹ ਉਸਨੂੰ ਮਾਫ ਕਰਨਾ ਨਾ ਚਾਹੇਗਾ ਪਰ ਯਹੋਵਾਹ ਦਾ ਕ੍ਰੋਧ ਅਤੇ ਉਸਦੀ ਅਣਖ... ਉਸ ਮਨੁੱਖ ਉੱਤੇ ਸੁਲਗੇਗੀ ਅਤੇ ਸਾਰਾ ਸਰਾਪ ਜਿਹੜਾ ਇਸ ਪੋਥੀ ਵਿੱਚ ਲਿਖਿਆ ਹੈ ਉਸ . ਉਸ ਉੱਤੇ ਆ ਪਵੇਗਾ ......*( ਇਸ ਵਿੱਚ ਇੱਕ ਸ਼ਬਦ ਵੀ ਨਹੀਂ ਵਧਾਉਣਾ ਅਤੇ ਨਾ ਹੀ ਕੋਈ ਸ਼ਬਦ ਕੱਢਣਾ ਹੈ)

207 ਇਹ ਉਸ ਵੇਲੇ ਹੈ ਜਦੋਂ ਉਹ ਇੱਥੇ ਧਰਤੀ ਤੇ ਸੀ। ਸਮਝੇ?.......

*ਅਤੇ ਸਾਰਾ ਸਰਾਪ ਜਿਹੜਾ ਇਸ ਪੋਥੀ ਵਿੱਚ ਲਿਖਿਆ ਹੈ ਉਸ ਉੱਤੇ ਆ ਪਵੇਗਾ ਅਤੇ* ਯਹੋਵਾਹ ਉਸਦਾ ਨਾਮ ਅਕਾਸ਼ ਦੇ ਹੇਠੋਂ ਮਿਟਾ ਦੇਵੇਗਾ।

*ਯਹੋਵਾਹ ਉਸਨੂੰ ਇਸਰਾਏਲ ਦਿਆਂ ਸਾਰਿਆਂ ਗੋਤਾਂ ਵਿੱਚੋਂ ਏਸ ਨੇਮ ਦੇ ਸਾਰੇ ਸਰਾਪਾਂ ਅਨੁਸਾਰ ਜਿਹੜੇ ਇਸ ਬਿਵਸਥਾ ਦੀ ਪੋਥੀ ਵਿੱਚ ਲਿਖੇ ਹੋਏ ਹਨ ਬੁਰਿਆਈ ਲਈ ਵੱਖਰਾ ਕਰੇਗਾ।*